Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ.ਐੱਸ.ਏ.

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
RE/MAX Outstanding Agents Outstanding Results® DRE Lic. # 01215931 (Broker)
Gurjatinder S. Randhawa REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444

Vol. 19, Issue- 841, 13 to 19 Feb., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੱਲੋਂ ਸਰਹੱਦ 'ਤੇ ਜਾਸੂਸੀ ਜਹਾਜ਼ਾਂ ਦੀਆਂ ਉਡਾਣਾਂ ਵਧਾਈਆਂ ਗਈਆਂ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਫੌਜ ਵੱਲੋਂ ਪਿਛਲੇ ਦਿਨਾਂ ਦੌਰਾਨ ਦੱਖਣੀ ਸਰਹੱਦਾਂ 'ਤੇ ਆਧੁਨਿਕ ਜਾਸੂਸੀ ਜਹਾਜ਼ਾਂ ਦੀਆਂ ਉਡਾਣਾਂ ਵਧਾ ਦਿੱਤੀਆਂ ਗਈਆਂ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਰਹੱਦ 'ਤੇ ਫੌਜ ਅਤੇ ਸੁਰੱਖਿਆ ਦਸਤਿਆਂ ਦੀ ਗਿਣਤੀ ਪਹਿਲਾਂ ਹੀ ਵਧਾ ਦਿੱਤੀ ਗਈ ਸੀ, ਤਾਂਕਿ ਬਾਰਡਰ 'ਤੇ ਸਖਤ ਨਿਗਾਹ ਰੱਖੀ ਜਾ ਸਕੇ, ਕਿਸੇ ਵੀ ਅਣਅਧਿਕਾਰਤ ਘੁਸਪੈਠ ਨੂੰ ਰੋਕਿਆ ਜਾ ਸਕੇ ਅਤੇ ਇਥੋਂ ਹੁੰਦੀ ਨਸ਼ਿਆਂ ਦੀ ਸਮਗਲਿੰਗ ਨੂੰ ਵੀ ਠੱਲ੍ਹ ਪੈ ਸਕੇ। ਇਨ੍ਹਾਂ ਉਡਾਣਾਂ ਨੂੰ ਅਤਿ ਆਧੁਨਿਕ ਰਾਡਾਰ ਸਿਸਟਮ ਨਾਲ ਜੋੜਿਆ ਗਿਆ ਹੈ, ਤਾਂਕਿ ਉਤੋਂ ਭੇਜੇ ਗਏ ਚਿੱਤਰ ਅਤੇ ਸੰਕੇਤਾਂ ਦੀ ਖ਼ੁਫੀਆ ਜਾਣਕਾਰੀ ਇਕੱਠੀ ਕੀਤੀ ਜਾਵੇ। ਇਹ ਉਹ ਉਡਾਣਾਂ ਹਨ, ਜੋ ਅਮਰੀਕਾ ਵੱਲੋਂ ਆਮ ਤੌਰ 'ਤੇ ਕਿਸੇ ਦੇਸ਼ ਨਾਲ ਯੁੱਧ ਦੌਰਾਨ ਵਰਤੀਆਂ ਜਾਂਦੀਆਂ ਹਨ।

ਇਸ ਬਾਰਡਰ 'ਤੇ ਅਮਰੀਕਾ ਵਾਲੇ ਪਾਸਿਓਂ ਤਿੰਨ ਸਟੇਟਾਂ ਲੱਗਦੀਆਂ ਹਨ, ਜਿਨ੍ਹਾਂ ਵਿਚ ਕੈਲੀਫੋਰਨੀਆ, ਫੀਨਿਕਸ ਅਤੇ ਟੈਕਸਾਸ ਸ਼ਾਮਲ ਹਨ। ਇਹ ਜਹਾਜ਼ ਮੈਕਸੀਕੋ ਦੇ ਅੰਦਰ ਤੱਕ ਡੂੰਘਾਈ ਨਾਲ ਖ਼ੁਫੀਆ ਜਾਣਕਾਰੀ ਇਕੱਠੀ ਕਰਨ ਦੇ ਸਮਰੱਥ ਹਨ। ਟਰੰਪ ਨੇ ਮੈਕਸੀਕੋ ਦੇ ਫੈਂਟਾਨਿਲ ਲੈਬਾਂ 'ਤੇ ਬੰਬ ਸੁੱਟਣ ਅਤੇ ਕਾਰਟੇਲ ਨੇਤਾਵਾਂ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਬੱਲ ਭੇਜਣ ਦੀ ਧਮਕੀ ਦਿੱਤੀ ਹੈ।

ਰਾਸ਼ਟਰਪਤੀ ਟਰੰਪ ਨੇ ਸਰਹੱਦ 'ਤੇ ਹਜ਼ਾਰਾਂ ਵਾਧੂ ਸਰਗਰਮ ਡਿਊਟੀ ਸੈਨਿਕਾਂ ਨੂੰ ਆਦੇਸ਼ ਦਿੱਤੇ ਹਨ ਕਿ ਬਾਰਡਰ ਤੋਂ ਆਉਣ ਵਾਲੇ ਕਿਸੇ ਵੀ ਗੈਰ ਕਾਨੂੰਨੀ ਪ੍ਰਵਾਸੀ ਨੂੰ ਰੋਕਿਆ ਜਾਵੇ। ਜ਼ਿਕਰਯੋਗ ਹੈ ਕਿ ਉਨ੍ਹਾਂ ਨੇ ਬਾਰਡਰ 'ਤੇ ਐਮਰਜੈਂਸੀ ਦਾ ਐਲਾਨ ਕੀਤਾ ਹੋਇਆ ਹੈ।

## ਬੰਦ ਹੋ ਸਕਦੀ ਹੈ ਅਮਰੀਕਾ ਵੱਲੋਂ ਭਾਰਤ ਨੂੰ ਫੰਡਿੰਗ!




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਐਲੋਨ ਮਸਕ ਦੀ ਅਗਵਾਈ ਵਾਲੀ ਯੂਨਾਈਟਿਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ.ਐੱਸ.ਏ.ਆਈ.ਡੀ.) ਵੱਲੋਂ ਭਾਰਤ ਨੂੰ ਦਿੱਤੀ ਜਾਂਦੀ ਫੰਡਿੰਗ ਬੰਦ ਹੋਣ ਦੇ ਕਗਾਰ 'ਤੇ ਹੈ। ਮਸਕ ਨੇ ਇਸ ਸੰਬੰਧੀ ਬਿਆਨ ਦਿੰਦਿਆਂ ਕਿਹਾ ਹੈ ਕਿ ਪਿਛਲੇ 70 ਸਾਲਾਂ ਤੋਂ ਭਾਰਤ ਨੂੰ ਇਸ ਏਜੰਸੀ ਵੱਲੋਂ ਸਹਾਇਤਾ ਭੇਜੀ ਜਾ ਰਹੀ ਹੈ, ਜੋ ਕਿ ਉਥੋਂ ਦੀ ਸਿਹਤ, ਸਿੱਖਿਆ ਅਤੇ ਆਰਥਿਕ ਵਿਕਾਸ ਵਿਚ ਮਦਦ ਕਰਨ ਲਈ ਦਿੱਤੀ ਜਾਂਦੀ ਸੀ। ਯੂ.ਐੱਸ. ਸਰਕਾਰ ਦੀ ਵਿਦੇਸ਼ੀ ਸਹਾਇਤਾ ਵੈੱਬਸਾਈਟ ਅਨੁਸਾਰ ਵਿੱਤੀ ਸਾਲ 2023-24 ਵਿਚ ਭਾਰਤ ਨੂੰ ਯੂ.ਐੱਸ.ਏ.ਆਈ.ਡੀ. ਅਲਾਟਮੈਂਟਾਂ 'ਚ ਸਿਹਤ ਸੇਵਾਵਾਂ ਲਈ 55 ਮਿਲੀਅਨ ਡਾਲਰ, ਵਾਤਾਵਰਨ ਸੁਧਾਰ ਲਈ 18 ਮਿਲੀਅਨ ਡਾਲਰ, ਸਮਾਜਿਕ ਬੁਨਿਆਦੀ ਢਾਂਚੇ ਲਈ 7.8 ਮਿਲੀਅਨ ਡਾਲਰ ਅਤੇ ਸਰਕਾਰੀ ਤੇ ਸਿਵਲ ਸੁਸਾਇਟੀ ਪ੍ਰੋਗਰਾਮਾਂ ਲਈ 6.8 ਮਿਲੀਅਨ ਡਾਲਰ ਦੀ ਰਾਸ਼ੀ ਸਹਾਇਤਾ ਵਜੋਂ ਭੇਜੀ ਗਈ। ਇਸ ਏਜੰਸੀ ਨੇ ਭਾਰਤ ਦੇ ਸਿਹਤ ਖੇਤਰਾਂ ਵਿਚ ਮਾਂ ਅਤੇ ਬੱਚੇ ਦੀ ਮੌਤ ਦਰ ਨੂੰ ਘਟਾਉਣ, ਤਪਦਿਕ, ਐੱਚ.ਆਈ.ਵੀ. ਅਤੇ ਕੋਵਿਡ-19 ਮਹਾਂਮਾਰੀਆਂ ਲਈ ਇਸ ਏਜੰਸੀ ਵੱਲੋਂ ਮਹੱਤਵਪੂਰਨ ਭੂਮਿਕਾ ਨਿਭਾਈ ਗਈ। 1990 ਤੋਂ ਲੈ ਕੇ ਅਮਰੀਕਾ ਦੀ ਇਸ ਏਜੰਸੀ ਨੇ ਭਾਰਤ ਵਿਚ 20 ਲੱਖ ਤੋਂ ਵੱਧ ਬੱਚਿਆਂ ਦੀਆਂ ਜਾਨਾਂ ਬਚਾਉਣ ਵਿਚ ਮਦਦ ਕੀਤੀ ਹੈ। ਭਾਰਤ ਦੇ ਸਿੱਖਿਆ ਖੇਤਰ ਵਿਚ 20 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਫਾਇਦਾ ਪਹੁੰਚਾਇਆ ਹੈ। 61 ਹਜ਼ਾਰ ਦੇ ਕਰੀਬ ਅਧਿਆਪਕਾਂ ਨੂੰ ਸਹਾਇਤਾ ਕੀਤੀ ਹੈ। 3 ਲੱਖ ਤੋਂ ਵੱਧ ਲੋਕਾਂ ਨੂੰ ਘਰੇਲੂ ਪਾਖਾਨੇ ਬਣਾ ਕੇ ਦਿੱਤੇ ਹਨ। ਕਿਰਸਾਨੀ ਖੇਤਰ ਵਿਚ ਯੂ.ਐੱਸ.ਏ.ਆਈ.ਡੀ. ਨੇ ਵੱਡੀ ਸਹਾਇਤਾ ਕੀਤੀ ਹੈ।

ਮਸਕ ਦੇ ਇਸ ਬਿਆਨ ਨਾਲ ਭਾਰਤ ਸਰਕਾਰ ਨੂੰ ਕਾਫੀ ਘਾਟਾ ਪੈਣ ਦੀ ਉਮੀਦ ਹੈ।

## ਡੋਨਾਲਡ ਟਰੰਪ ਵੱਲੋਂ ਸਟੀਲ ਤੇ ਐਲੂਮੀਨੀਅਮ ਦੀ ਦਰਾਮਦ 'ਤੇ 25 ਫੀਸਦੀ ਟੈਰਿਫ ਦਾ ਐਲਾਨ

■ 12 ਮਾਰਚ ਤੋਂ ਲਾਗੂ ਹੋਵੇਗਾ ਟੈਰਿਫ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ 12 ਮਾਰਚ ਤੋਂ ਸਟੀਲ ਅਤੇ ਐਲੂਮੀਨੀਅਮ ਦੇ ਦਰਾਮਦ 'ਤੇ 25 ਫੀਸਦੀ ਟੈਰਿਫ ਲਗਾਇਆ ਜਾਵੇਗਾ। ਇਹ ਕਦਮ ਘਰੇਲੂ ਉਦਯੋਗਾਂ ਦੀ ਸੁਰੱਖਿਆ ਦੇ ਉਦੇਸ਼ ਨਾਲ ਅਮਰੀਕਾ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਵਪਾਰ ਨੀਤੀ ਦਾ ਹਿੱਸਾ ਹੈ। ਟਰੰਪ ਨੇ 12 ਮਾਰਚ ਤੋਂ ਪ੍ਰਭਾਵੀ ਹੋਣ ਵਾਲੇ ਇਨ੍ਹਾਂ ਹੁਕਮਾਂ 'ਤੇ ਦਸਤਖਤ ਕੀਤੇ। ਇਹ ਟੈਰਿਫ ਸਟੀਲ ਅਤੇ ਐਲੂਮੀਨੀਅਮ ਦੇ ਸਾਰੇ ਆਯਾਤ 'ਤੇ ਲਾਗੂ ਹੋਣਗੇ।

ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ 2018 'ਚ ਟੈਕਸ ਲਗਾਇਆ ਸੀ ਪਰ ਐਤਕੀਂ ਟੈਕਸ 10 ਫ਼ੀਸਦੀ ਤੋਂ ਵਧਾ ਕੇ 25 ਫ਼ੀਸਦੀ ਕਰ ਦਿੱਤਾ ਗਿਆ ਹੈ। ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੇ ਹੁਕਮਾਂ ਨੂੰ ਬਦਲ ਦਿੱਤਾ। ਟਰੰਪ ਨੇ ਕਿਹਾ, 'ਸਾਨੂੰ ਦੋਸਤਾਂ ਅਤੇ ਦੁਸ਼ਮਣਾਂ ਵੱਲੋਂ ਇਕੱਠਿਆਂ ਨਪੀੜਿਆ ਜਾ ਰਿਹਾ ਸੀ।

■ ਬਾਕੀ ਖਬਰ ਸਫਾ 15 'ਤੇ

## ਨਿਊਯਾਰਕ 'ਚ ਰਹਿ ਰਹੇ ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਕੱਸਿਆ ਗਿਆ ਸ਼ਿਕੰਜਾ



**ਨਿਊਯਾਰਕ, (ਪੰਜਾਬ ਮੇਲ)**- ਮੈਕਸੀਕੋ ਦੇ ਬਾਰਡਰ ਤੋਂ ਗੈਰ ਕਾਨੂੰਨੀ ਢੰਗ ਨਾਲ ਪ੍ਰਵੇਸ਼ ਹੋਏ ਬਹੁਤ ਸਾਰੇ ਲੋਕ ਟੈਕਸਾਸ ਅਤੇ ਫੀਨਿਕਸ ਵਿਚ ਪਹੁੰਚ ਗਏ ਸਨ। ਪਰ ਉਥੋਂ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ ਆਪਣੀਆਂ ਸਟੇਟਾਂ ਵਿਚੋਂ ਕੱਢ ਕੇ ਨਿਊਯਾਰਕ ਭੇਜ ਦਿੱਤਾ ਸੀ, ਜਿਸ ਕਰਕੇ ਨਿਊਯਾਰਕ ਸਿਟੀ ਗੈਰ ਕਾਨੂੰਨੀ ਪ੍ਰਵਾਸੀਆਂ ਨਾਲ ਭਰ ਗਿਆ ਸੀ ਅਤੇ ਇਹ ਲੋਕ ਸੜਕਾਂ 'ਤੇ ਰਹਿਣ ਲਈ ਮਜਬੂਰ ਹੋ ਗਏ ਸਨ। ਇਸ 'ਤੇ ਸਥਾਨਕ ਸਰਕਾਰ ਨੇ ਕੁੱਝ ਹੋਟਲ ਆਪਣੇ ਵੱਲੋਂ ਕਿਰਾਏ 'ਤੇ ਲੈ ਕੇ ਇਨ੍ਹਾਂ ਲੋਕਾਂ ਦੇ ਰਹਿਣ ਦਾ ਬੰਦੋਬਸਤ ਕਰ ਦਿੱਤਾ ਸੀ। ਪਰ ਹੁਣ ਐਲੋਨ ਮਸਕ ਦੇ ਨਵੇਂ ਵਿਭਾਗ ਡੀ.ਓ.ਜੀ.ਈ. ਨੇ ਅਜਿਹੀਆਂ ਗਰਾਂਟਾਂ 'ਤੇ ਵੀ ਰੋਕ ਲਾ ਦਿੱਤੀ ਹੈ ਅਤੇ ਕਿਹਾ ਹੈ ਕਿ ਇਹ ਗਰਾਂਟਾਂ ਅਮਰੀਕੀ ਆਫਤ-ਰਾਹਤ ਲਈ ਹੈ। ਇਹ ਗੈਰ ਕਾਨੂੰਨੀ ਪ੍ਰਵਾਸੀਆਂ ਲਈ ਹੋਟਲਾਂ 'ਤੇ ਖਰਚ ਨਹੀਂ ਹੋ ਸਕਦਾ। ਉਨ੍ਹਾਂ ਪਿਛਲੇ ਹਫਤੇ ਇਹ ਫੰਡ ਨਿਊਯਾਰਕ ਸਿਟੀ ਵੱਲੋਂ ਹੋਟਲਾਂ ਨੂੰ ਦਿੱਤੇ ਗਏ 59 ਮਿਲੀਅਨ ਡਾਲਰ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਅੱਗੇ ਤੋਂ ਅਜਿਹੇ ਗੈਰ ਕਾਨੂੰਨੀ ਖਰਚੇ ਬੰਦ ਕਰਨ ਦੀਆਂ ਵੀ ਹਦਾਇਤਾਂ ਕੀਤੀਆਂ ਹਨ।

## ਦਿੱਲੀ 'ਚ ਹਾਰ ਤੋਂ ਬਾਅਦ ਕੇਜਰੀਵਾਲ ਦਾ ਪੰਜਾਬ 'ਤੇ ਧਿਆਨ ਕੇਂਦਰਿਤ

■ ਮੁੱਖ ਮੰਤਰੀ ਮਾਨ ਸਮੇਤ ਵਿਧਾਇਕਾਂ ਨੂੰ ਦਿੱਤੇ ਸਖ਼ਤ ਨਿਰਦੇਸ਼



**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਵਿਚ ਪਾਰਟੀ ਦੀ ਕਰਾਰੀ ਹਾਰ ਅਤੇ ਚੋਣਾਂ ਵਿਚ ਆਪਣੀ ਹਾਰ ਤੋਂ ਬਾਅਦ, 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਪਾਰਟੀ ਵਿਧਾਇਕਾਂ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਲਈ ਕਿਹਾ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਵਿਚ ਹਾਰ ਤੋਂ ਬਿਲਕੁਲ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ, ਪੰਜਾਬ ਸਰਕਾਰ ਦੇ ਬਾਕੀ ਦੋ ਸਾਲਾਂ ਵਿਚ ਪੂਰੀ ਲਗਨ ਨਾਲ ਕੰਮ ਕਰਨਾ ਚਾਹੀਦਾ ਹੈ। ਬਹੁਤ ਸਮਾਂ ਹੈ, ਪੰਜਾਬ ਨੂੰ ਜਿੱਤਣਾ ਪਾਰਟੀ ਦੀ ਤਰਜੀਹ ਹੈ, ਇਸ ਲਈ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰੋ।

ਕੇਜਰੀਵਾਲ ਕਪੂਰਥਲਾ ਹਾਊਸ ਵਿਖੇ ਪੰਜਾਬ ਦੇ 'ਆਪ' ਵਿਧਾਇਕਾਂ ਦੀ ਮੀਟਿੰਗ ਕਰ ਰਹੇ ਸਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜਨਤਕ ਕੰਮ ਹਰ ਹਾਲਤ ਵਿਚ ਕੀਤੇ ਜਾਣੇ ਚਾਹੀਦੇ ਹਨ। ਜੇਕਰ ਤੁਹਾਨੂੰ ਅਧਿਕਾਰੀਆਂ ਤੋਂ ਸਹਿਯੋਗ ਨਹੀਂ ਮਿਲਦਾ, ਤਾਂ ਤੁਸੀਂ ਉਨ੍ਹਾਂ ਨੂੰ ਇਸ ਬਾਰੇ ਸਿੱਧੇ ਤੌਰ 'ਤੇ ਸੂਚਿਤ ਕਰ ਸਕਦੇ ਹੋ। ਹੁਣ ਉਹ ਖੁਦ ਵੀ ਰਾਜ ਵੱਲ ਪੂਰਾ ਧਿਆਨ ਦੇਵੇਗਾ। ਉਨ੍ਹਾਂ ਨੇ ਸਾਰਿਆਂ ਨੂੰ ਦਿੱਲੀ ਚੋਣਾਂ ਬਿਹਤਰ ਢੰਗ ਨਾਲ ਲੜਨ ਲਈ ਵਧਾਈ ਵੀ ਦਿੱਤੀ। ਇਹ ਜਾਣਿਆ ਜਾਂਦਾ ਹੈ ਕਿ ਦਿੱਲੀ ਵਿਚ ਸੱਤਾ ਤੋਂ ਬਾਹਰ ਹੋਣ ਤੋਂ ਸਿਰਫ਼ ਦੋ-ਤਿੰਨ ਦਿਨ ਬਾਅਦ ਪੰਜਾਬ ਦੇ ਵਿਧਾਇਕਾਂ ਦੀ ਇਹ ਮੀਟਿੰਗ ਰਾਜਨੀਤਿਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣ ਗਈ ਹੈ।

ਮੀਟਿੰਗ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਨੂੰ ਇਕ ਮਾਡਲ ਸੂਬਾ ਬਣਾਉਣ ਲਈ ਦਿੱਲੀ ਦੇ ਤਜਰਬੇ ਦੀ ਵਰਤੋਂ ਕਰਨਗੇ।

## ਪੰਜਾਬ ਸਰਕਾਰ ਵੱਲੋਂ ਐੱਨ.ਆਰ.ਆਈਜ਼ ਲਈ ਉਨ੍ਹਾਂ ਦੀਆਂ ਸ਼ਿਕਾਇਤਾਂ ਦੀ ਰਿਪੋਰਟ ਕਰਨ ਲਈ ਵਟਸਐਪ ਨੰਬਰ ਲਾਂਚ




**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਵੱਲੋਂ ਐੱਨ.ਆਰ.ਆਈਜ਼ ਦੀਆਂ ਚਿੰਤਾਵਾਂ ਅਤੇ ਸ਼ਿਕਾਇਤਾਂ ਨੂੰ ਦੂਰ ਕਰਨ ਦੇ ਉਦੇਸ਼ ਨਾਲ, ਉਨ੍ਹਾਂ ਲਈ ਇੱਕ ਵਟਸਐਪ ਨੰਬਰ 90560-09884 ਲਾਂਚ ਕੀਤਾ ਗਿਆ ਹੈ, ਜਿਸ ਰਾਹੀਂ ਉਹ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਦੀ ਰਿਪੋਰਟ ਕਰ ਸਕਦੇ ਹਨ। ਇਸ ਸਬੰਧੀ ਐੱਨ.ਆਰ.ਆਈਜ਼ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਇਹ ਸ਼ਿਕਾਇਤਾਂ ਸਬੰਧਤ ਵਿਭਾਗਾਂ ਦੇ ਨਾਲ-ਨਾਲ ਪੰਜਾਬ ਪੁਲਿਸ ਦੇ ਐੱਨ.ਆਰ.ਆਈ. ਵਿੰਗ ਦੇ ਏ.ਡੀ.ਜੀ.ਪੀ. ਨੂੰ ਭੇਜੀਆਂ ਜਾਂਦੀਆਂ ਹਨ। ਵਧੇਰੇ ਜਾਣਕਾਰੀ ਲਈ ਐੱਨ.ਆਰ.ਆਈਜ਼ ਵੈੱਬਸਾਈਟ 'ਤੇ ਜਾ ਸਕਦੇ ਹਨ ਅਤੇ ਇਸ ਵੈੱਬਸਾਈਟ 'ਤੇ ਐੱਨ.ਆਰ.ਆਈ. ਪੁਲਿਸ ਵਿੰਗ, ਐੱਨ.ਆਰ.ਆਈ. ਲਈ ਸਟੇਟ ਕਮਿਸ਼ਨ ਅਤੇ ਐੱਨ.ਆਰ.ਆਈ. ਸਭਾ ਸਬੰਧੀ ਵਿਆਪਕ ਜਾਣਕਾਰੀ ਉਪਲੱਬਧ ਹੈ।

ਪ੍ਰਸ਼ਾਸਨਿਕ ਸੁਧਾਰ ਅਤੇ ਐੱਨ.ਆਰ.ਆਈ. ਮਾਮਲਿਆਂ ਮੰਤਰੀ ਨੇ ਦੱਸਿਆ ਕਿ ਐੱਨ.ਆਰ.ਆਈ. ਮਾਮਲੇ ਵਿਭਾਗ ਵੱਲੋਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਜਨਮ ਸਰਟੀਫਿਕੇਟ, ਨਾਨ ਏਵੇਲਬਿਲੀਟੀ ਬਰਥ ਸਰਟੀਫਿਕੇਟ (ਅਸੁਲਭਤਾ ਜਨਮ ਸਰਟੀਫਿਕੇਟ), ਜਨਮ ਦੀ ਲੇਟ ਐਂਟਰੀ, ਪੁਲਿਸ ਕਲੀਅਰੈਂਸ, ਮੈਡੀਕਲ ਸਰਟੀਫਿਕੇਟ, ਵਿਦਿਅਕ ਯੋਗਤਾ ਸਬੰਧੀ ਸਰਟੀਫਿਕੇਟ, ਡਰਾਈਵਿੰਗ ਸਰਟੀਫਿਕੇਟ, ਮੌਤ ਦਾ ਸਰਟੀਫਿਕੇਟ, ਵਿਆਹ/ਤਲਾਕ ਦਾ ਸਰਟੀਫਿਕੇਟ, ਡਿਕਰੀ, ਗੋਦ ਲੈਣ ਸਬੰਧੀ ਡੀਡ, ਹਲਫਨਾਮਾ, ਫਿੰਗਰਪ੍ਰਿੰਟ ਅਤੇ ਹੋਰ ਸਰਟੀਫਿਕੇਟ ਆਦਿ ਵਰਗੇ ਵੱਖ-ਵੱਖ ਦਸਤਾਵੇਜ਼ਾਂ ਦੇ ਕਾਊਂਟਰਸਾਈਨ/ਤਸਦੀਕੀਕਰਨ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਐੱਨ.ਆਰ.ਆਈ. ਆਪਣੇ ਘਰਾਂ ਤੋਂ ਹੀ ਆਪਣੇ ਦਸਤਾਵੇਜ਼ਾਂ ਦੇ ਕਾਊਂਟਰਸਾਈਨ ਕਰਵਾਉਣ ਲਈ ਈ-ਸਨਦ ਪੋਰਟਲ 'ਤੇ ਆਨਲਾਈਨ ਬਿਨੈ ਦੇ ਸਕਦੇ ਹਨ।

# ਟਰੰਪ ਵੱਲੋਂ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਰੱਖਣ ਦੇ ਆਦੇਸ਼ 'ਤੇ ਦਸਤਖਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਰੱਖਣ ਦੇ ਆਦੇਸ਼ 'ਤੇ ਦਸਤਖਤ ਕੀਤੇ। ਡੋਨਾਲਡ ਟਰੰਪ ਨੇ ਇਸ ਹੁਕਮ 'ਤੇ ਉਦੋਂ ਦਸਤਖਤ ਕੀਤੇ, ਜਦੋਂ ਉਹ ਖੁਦ ਆਪਣੇ ਅਧਿਕਾਰਤ ਜਹਾਜ਼ ਏਅਰ ਫੋਰਸ ਵਨ ਵਿਚ ਅਮਰੀਕਾ ਦੀ ਖਾੜੀ ਦੇ ਉੱਪਰੋਂ ਉਡਾਣ ਭਰ ਰਹੇ ਸਨ। ਦਰਅਸਲ ਟਰੰਪ ਨਿਊ ਓਰਲੀਨਜ਼ ਵਿਚ ਸੁਪਰ ਬਾਊਲ ਵਿਚ ਸ਼ਾਮਲ ਹੋਣ ਜਾ ਰਹੇ ਸਨ। ਡੋਨਾਲਡ ਟਰੰਪ ਨੇ ਹਾਲ ਹੀ ਵਿਚ ਮੈਕਸੀਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰਨ ਦਾ ਐਲਾਨ ਕੀਤਾ



ਸੀ ਅਤੇ ਹੁਣ ਉਨ੍ਹਾਂ ਨੇ ਅਧਿਕਾਰਤ ਤੌਰ 'ਤੇ ਉਸ ਆਦੇਸ਼ 'ਤੇ ਦਸਤਖਤ ਕਰ ਦਿੱਤੇ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਮੈਕਸੀਕੋ ਦੀ ਖਾੜੀ ਪਿਛਲੇ 400 ਸਾਲਾਂ ਤੋਂ ਇਸ ਨਾਮ ਨਾਲ ਜਾਣੀ ਜਾਂਦੀ ਸੀ। ਹਾਲਾਂਕਿ, ਟਰੰਪ ਦਾ ਕਹਿਣਾ ਹੈ ਕਿ ਇਸਨੂੰ ਅਮਰੀਕੀ ਸ਼ਹਿਰ ਨਿਊ ਮੈਕਸੀਕੋ ਦੇ ਕਾਰਨ ਮੈਕਸੀਕੋ ਦੀ ਖਾੜੀ ਕਿਹਾ ਜਾਂਦਾ ਸੀ। ਖਾੜੀ ਦਾ ਨਾਮ ਬਦਲਣ ਦਾ ਐਲਾਨ ਕਰਦੇ ਸਮੇਂ, ਟਰੰਪ ਨੇ ਕਿਹਾ ਸੀ ਕਿ ਖਾੜੀ ਦਾ ਨਾਮ ਅਮਰੀਕਾ ਦੇ ਨਾਮ 'ਤੇ ਰੱਖਿਆ ਜਾਣਾ ਚਾਹੀਦਾ ਹੈ, ਕਿਉਂਕਿ ਇਸ 'ਤੇ ਅਮਰੀਕਾ ਦਾ ਜ਼ਿਆਦਾਤਰ ਕੰਟਰੋਲ ਹੈ। ਮੈਕਸੀਕੋ ਅਤੇ ਕਿਊਬਾ ਦਾ ਵੀ ਇਸ ਵਿਚ ਹਿੱਸਾ ਹੈ। ਇਹ ਖਾੜੀ ਅਮਰੀਕਾ ਲਈ ਆਰਥਿਕ ਗਤੀਵਿਧੀਆਂ ਦਾ ਕੇਂਦਰ ਹੈ, ਜਿਸ ਵਿਚ ਮੱਛੀ ਪਾਲਣ, ਬਿਜਲੀ ਉਤਪਾਦਨ ਅਤੇ ਵਪਾਰ ਆਦਿ ਪ੍ਰਮੁੱਖ ਗਤੀਵਿਧੀਆਂ ਹਨ। ਟਰੰਪ ਨੇ ਕਿਹਾ ਸੀ ਕਿ ਮੈਕਸੀਕੋ ਦੀ ਖਾੜੀ ਨੂੰ ਅਮਰੀਕਾ ਦੀ ਖਾੜੀ ਵਜੋਂ ਜਾਣਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਸਾਡਾ ਇਲਾਕਾ ਹੈ।

## ਟਰੰਪ ਪ੍ਰਸ਼ਾਸਨ ਨੇ ਸੰਘੀ ਖਰਚਿਆਂ 'ਤੇ ਰੋਕ ਹਟਾਉਣ ਦੇ ਹੁਕਮ ਦੀ ਨਹੀਂ ਕੀਤੀ ਪਾਲਣਾ : ਅਮਰੀਕੀ ਅਦਾਲਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੰਘੀ ਅਦਾਲਤ ਦੇ ਇੱਕ ਜੱਜ ਨੇ ਸੋਮਵਾਰ ਨੂੰ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਸੰਘੀ ਖਰਚਿਆਂ 'ਤੇ ਪਾਬੰਦੀ ਹਟਾਉਣ ਦੇ ਉਨ੍ਹਾਂ ਦੇ ਹੁਕਮ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਹੈ ਅਤੇ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫਤਰ) ਨੂੰ ਸਾਰਾ ਪੈਸਾ ਜਾਰੀ ਕਰਨ ਲਈ ਕਿਹਾ ਹੈ।

ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਜੌਨ ਮੈਕਕੋਨੇਲ ਨੇ ਪਾਇਆ ਕਿ ਇਸ ਗੱਲ ਦੇ ਸਬੂਤ ਹਨ ਕਿ ਕੁਝ ਸੰਘੀ ਗ੍ਰਾਂਟਾਂ ਅਤੇ ਕਰਜ਼ੇ ਅਜੇ ਵੀ ਪ੍ਰਾਪਤਕਰਤਾਵਾਂ ਤੱਕ ਨਹੀਂ ਪਹੁੰਚ ਰਹੇ ਹਨ, ਇਸ ਲਈ ਉਨ੍ਹਾਂ ਨੇ ਨਕਦੀ ਜਾਰੀ ਕਰਨ ਦਾ ਆਦੇਸ਼ ਦਿੱਤਾ।

# ਜੇ ਹਮਾਸ ਵੱਲੋਂ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਗਿਆ, ਤਾਂ ਵਿਗੜ ਜਾਣਗੇ ਹਾਲਾਤ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਹਮਾਸ ਸ਼ਨੀਵਾਰ 12 ਵਜੇ ਤੱਕ ਬਾਕੀ ਬਚੇ ਬੰਦੀਆਂ ਨੂੰ ਰਿਹਾਅ ਨਹੀਂ ਕਰਦਾ ਹੈ, ਤਾਂ 'ਹਾਲਾਤ ਵਿਗੜ ਜਾਣਗੇ'। ਓਵਲ ਦਫਤਰ ਵਿਚ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਮਾਸ ਨੂੰ ਪਤਾ ਲੱਗ ਜਾਵੇਗਾ ਕਿ ਮੇਰਾ ਕੀ ਮਤਲਬ ਹੈ। ਜ਼ਿਕਰਯੋਗ ਹੈ ਕਿ 7 ਅਕਤੂਬਰ, 2023 ਨੂੰ ਹਮਾਸ ਦੇ ਅੱਤਵਾਦੀਆਂ ਵੱਲੋਂ ਬੰਦੀ ਬਣਾਏ ਗਏ 251 ਵਿਅਕਤੀਆਂ ਵਿਚੋਂ 73 ਅਜੇ ਵੀ ਉਨ੍ਹਾਂ ਦੀ ਹਿਰਾਸਤ ਵਿਚ ਹਨ, ਇਜ਼ਰਾਈਲ ਨੇ ਇਨ੍ਹਾਂ 'ਚੋਂ 34 ਨੂੰ ਮ੍ਰਿਤਕ ਐਲਾਨ ਦਿੱਤਾ ਹੈ ਅਤੇ ਬਾਕੀਆਂ ਨੂੰ ਇਜ਼ਰਾਈਲੀ ਹਿਰਾਸਤ ਵਿਚ ਫਲਸਤੀਨੀ ਕੈਦੀਆਂ ਦੇ ਬਦਲੇ ਵਿਚ ਛੇ ਹਫ਼ਤਿਆਂ ਦੀ ਜੰਗਬੰਦੀ ਦੇ ਹਿੱਸੇ ਵਜੋਂ ਰਿਹਾਅ ਕੀਤਾ ਗਿਆ ਹੈ।

ਇਨ੍ਹਾਂ ਬੰਦੀਆਂ ਵਿਚੋਂ ਆਖਰੀ ਸਮੂਹ ਨੂੰ ਹਮਾਸ ਨੇ ਪਿਛਲੇ ਸ਼ਨਿੱਚਰਵਾਰ ਨੂੰ 183 ਫਲਸਤੀਨੀ ਕੈਦੀਆਂ ਦੇ ਬਦਲੇ ਰਿਹਾਅ ਕੀਤਾ ਸੀ। ਰਿਹਾਅ ਕੀਤੇ ਗਏ ਬੰਧਕਾਂ ਦੀ ਸਥਿਤੀ ਨੂੰ ਇਜ਼ਰਾਈਲ ਵੱਲੋਂ "ਹੈਰਾਨੀਯੋਗ" ਦੱਸਿਆ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਬੰਧਕਾਂ ਨੂੰ ਅਜਿਹਾ ਲੱਗ ਰਿਹਾ ਸੀ, ਜਿਵੇਂ ਉਹ ਨਰਕ ਤੋਂ ਬਾਹਰ ਆ ਗਏ ਹੋਣ।

# ਯੂ.ਐੱਸ.ਸੀ.ਆਈ.ਐੱਸ. ਵੱਲੋਂ ਐੱਚ-1ਬੀ ਵੀਜ਼ਾ ਲਈ ਰਜਿਸਟ੍ਰੇਸ਼ਨ ਦੀਆਂ ਤਰੀਕਾਂ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਵਿੱਤੀ ਸਾਲ 2026 ਲਈ ਭਾਰਤੀ ਆਈ.ਟੀ. ਪੇਸ਼ੇਵਰਾਂ ਦਰਮਿਆਨ ਸਭ ਤੋਂ ਵੱਧ ਮੰਗ ਵਾਲੇ ਐੱਚ-1ਬੀ ਵੀਜ਼ਾ ਲਈ ਰਜਿਸਟ੍ਰੇਸ਼ਨ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਇਸ ਐਲਾਨ ਅਨੁਸਾਰ ਬਿਨੈਕਾਰ 7 ਮਾਰਚ ਤੋਂ 24 ਮਾਰਚ ਤੱਕ ਰਜਿਸਟ੍ਰੇਸ਼ਨ ਕਰਵਾ ਸਕਣਗੇ। ਰਜਿਸਟ੍ਰੇਸ਼ਨ ਫੀਸ 215 ਅਮਰੀਕੀ ਡਾਲਰ ਹੋਵੇਗੀ।

ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਹੁਨਰਮੰਦ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਦੀ ਆਗਿਆ ਦਿੰਦਾ ਹੈ, ਜਿਸ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਇਸ ਵੀਜ਼ਾ ਰਾਹੀਂ, ਅਮਰੀਕੀ ਤਕਨਾਲੋਜੀ ਕੰਪਨੀਆਂ ਹਰ ਸਾਲ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ 'ਤੇ ਨਿਰਭਰ ਕਰਦੀਆਂ ਹਨ। ਹਰ ਸਾਲ ਲਗਭਗ 6.5 ਲੱਖ ਵਿਦੇਸ਼ੀ ਹੁਨਰਮੰਦ ਕਾਮਿਆਂ ਨੂੰ ਐੱਚ-1ਬੀ ਵੀਜ਼ਾ ਰਾਹੀਂ ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿਚ ਭਾਰਤੀ ਨਾਗਰਿਕ ਸ਼ਾਮਲ ਹਨ। ਅਮਰੀਕੀ ਇਮੀਗ੍ਰੇਸ਼ਨ ਵਿਭਾਗ ਨੇ ਅਰਜ਼ੀ ਪ੍ਰਕਿਰਿਆ ਵਿਚ ਪਾਰਦਰਸ਼ਤਾ ਬਣਾਈ ਰੱਖਣ ਅਤੇ ਧੋਖਾਧੜੀ ਨੂੰ ਰੋਕਣ ਲਈ ਕੁਝ ਨਵੇਂ ਪ੍ਰਬੰਧ ਕੀਤੇ ਹਨ। ਜਿਹੜੇ ਲੋਕ ਐੱਚ-1ਬੀ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦੇ ਹਨ, ਉਨ੍ਹਾਂ ਨੂੰ ਯੂ.ਐੱਸ.ਸੀ.ਆਈ.ਐੱਸ. ਦੀ ਅਧਿਕਾਰਤ ਵੈੱਬਸਾਈਟ 'ਤੇ ਇੱਕ ਆਨਲਾਈਨ ਖਾਤਾ ਬਣਾਉਣਾ ਪਵੇਗਾ। ਇਸੇ ਅਕਾਊਂਟ ਰਾਹੀਂ ਹਰੇਕ ਲਾਭਪਾਤਰੀ ਲਈ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਲਾਭਪਾਤਰੀ ਉਹ ਵਿਅਕਤੀ ਹੁੰਦਾ ਹੈ, ਜਿਸ ਲਈ ਵੀਜ਼ਾ ਅਪਲਾਈ ਕੀਤਾ ਜਾ ਰਿਹਾ ਹੈ। ਹਰੇਕ ਲਾਭਪਾਤਰੀ ਲਈ ਨਿਰਧਾਰਤ ਰਜਿਸਟ੍ਰੇਸ਼ਨ ਫੀਸ ਆਨਲਾਈਨ ਅਦਾ ਕਰਨਾ ਲਾਜ਼ਮੀ ਹੋਵੇਗਾ। ਜੇਕਰ ਤੁਸੀਂ ਪਹਿਲਾਂ ਕਦੇ ਵੀ ਐੱਚ-1ਬੀ ਵੀਜ਼ਾ ਲਈ ਰਜਿਸਟਰ ਨਹੀਂ ਕੀਤਾ ਹੈ, ਤਾਂ ਤੁਹਾਨੂੰ ਇੱਕ ਨਵਾਂ ਆਨਲਾਈਨ ਖਾਤਾ ਬਣਾਉਣ ਦੀ ਲੋੜ ਹੋਵੇਗੀ।

# 6 ਅਮਰੀਕੀ ਸੰਸਦ ਮੈਂਬਰਾਂ ਵੱਲੋਂ ਅਡਾਨੀ ਖ਼ਿਲਾਫ਼ ਮੁਕੱਦਮੇ ਲਈ ਅਟਾਰਨੀ ਜਨਰਲ ਨੂੰ ਪੱਤਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ 6 ਸੰਸਦ ਮੈਂਬਰਾਂ ਨੇ ਨਵ-ਨਿਯੁਕਤ ਅਟਾਰਨੀ ਜਨਰਲ ਨੂੰ ਅਮਰੀਕੀ ਨਿਆਂ ਵਿਭਾਗ (ਡੀ.ਓ.ਜੇ.) ਵੱਲੋਂ ਲਏ ਗਏ 'ਵਿਵਾਦਿਤ' ਫੈਸਲਿਆਂ ਖਿਲਾਫ਼ ਪੱਤਰ ਲਿਖਿਆ ਹੈ। ਇਨ੍ਹਾਂ ਵਿਚ ਕਥਿਤ ਰਿਸ਼ਵਤ ਘੁਟਾਲੇ ਵਿਚ ਸਨਅਤਕਾਰ ਗੌਤਮ ਅਡਾਨੀ ਸਮੂਹ ਖਿਲਾਫ਼ ਮੁਕੱਦਮਾ ਵੀ ਸ਼ਾਮਲ ਹੈ। ਸੰਸਦ ਮੈਂਬਰਾਂ ਨੇ ਪੱਤਰ ਵਿਚ ਖ਼ਦਸ਼ਾ ਜਤਾਇਆ ਕਿ ਇਸ ਨਾਲ 'ਨੇੜਲੇ ਭਾਈਵਾਲ ਭਾਰਤ ਨਾਲ ਰਿਸ਼ਤੇ ਖਤਰੇ ਵਿਚ ਪੈ ਸਕਦੇ ਹਨ।' ਲਾਂਸ ਗੁਡੇਨ, ਪੈਟ ਫੈਲਨ, ਮਾਈਕ ਹਰਿਡੋਪੋਲੋਸ, ਬਰੈਂਡਨ ਗਿੱਲ, ਵਿਲੀਅਮ ਆਰ ਟਿਮੌਂਸ ਤੇ ਬ੍ਰਾਇਨ ਬੇਬਿਨ ਨੇ 10 ਫਰਵਰੀ ਨੂੰ ਅਮਰੀਕਾ ਦੀ ਅਟਾਰਨੀ ਜਨਰਲ ਪਾਮੇਲਾ ਬੌਂਡੀ ਨੂੰ ਪੱਤਰ ਲਿਖ ਕੇ ਜੋਅ ਬਾਇਡਨ ਪ੍ਰਸ਼ਾਸਨ ਤਹਿਤ ਡੀਓਜੇ ਵੱਲੋਂ ਲਏ ਗਏ ਕੁਝ ਵਿਵਾਦਿਤ ਫੈਸਲਿਆਂ ਵੱਲ ਧਿਆਨ ਖਿੱਚਿਆ ਹੈ।



ੴ ਸਤਿਗੁਰ ਪ੍ਰਸਾਦਿ॥
ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥

# ਸੈਕਰਾਮੈਂਟੋ ਸਿੱਖ ਸੁਸਾਇਟੀ

## ਬਰਾਡਸ਼ਾਅ ਰੋਡ



## ਹੋਲਾ ਮਹੱਲਾ ਨੂੰ ਸਮਰਪਿਤ

# ਤੀਸਰਾ ਮਹਾਨ ਨਗਰ ਕੀਰਤਨ

## ਅਤੇ ਆਤਮ ਰਸ ਕੀਰਤਨ ਦਰਬਾਰ

## 23 ਮਾਰਚ, 2025 ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀ ਹੋਲੇ ਮਹੱਲੇ ਨੂੰ ਸਮਰਪਿਤ ਨਗਰ ਕੀਰਤਨ ਅਤੇ ਆਤਮ ਰਸ ਕੀਰਤਨ ਦਰਬਾਰ ਦੇ ਲਈ ਸ੍ਰੀ ਅਖੰਡ ਪਾਠਾਂ ਦੀ ਲੜੀ 22 ਫ਼ਰਵਰੀ 2025 ਨੂੰ ਆਰੰਭ ਹੋਵੇਗੀ ਅਤੇ 10 ਮਾਰਚ 2025 ਤੋਂ 23 ਮਾਰਚ 2025 ਤੱਕ ਆਤਮ ਰਸ ਕੀਰਤਨ ਦਰਬਾਰ ਸਜਣਗੇ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀਏ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਹੋਰ ਪ੍ਰੋਗਰਾਮ

**ਆਤਿਸ਼ਬਾਜ਼ੀ ਟਾਈਮ:** 21 ਮਾਰਚ, 2025 ਦਿਨ ਸ਼ੁੱਕਰਵਾਰ, ਰਾਤ 9 ਵਜੇ
**ਨਿਸ਼ਾਨ ਸਾਹਿਬ ਦੀ ਸੇਵਾ ਅਤੇ ਅੰਮ੍ਰਿਤ ਸੰਚਾਰ:** 22 ਮਾਰਚ, 2025
**ਭੋਗ ਸ੍ਰੀ ਅਖੰਡ ਪਾਠ ਸਾਹਿਬ:** 23 ਮਾਰਚ, 2025 ਦਿਨ ਐਤਵਾਰ

ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ। ਉਪਰੰਤ ਸਵੇਰੇ 10:30 ਵਜੇ ਨਗਰ ਕੀਰਤਨ ਦੀ ਰਵਾਨਗੀ ਹੋਵੇਗੀ।

### ਪਹੁੰਚ ਰਹੇ ਕੀਰਤਨੀ ਜਥੇ

ਭਾਈ ਕਮਲਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਰਨਜੀਤ ਸਿੰਘ ਯੂ.ਕੇ. ਵਾਲੇ, ਡਾ. ਗੁਰਨਾਮ ਸਿੰਘ, ਡਾ. ਗਗਨਦੀਪ ਸਿੰਘ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਜੀਤਪਾਲ ਸਿੰਘ ਅਤੇ ਗਿਆਨੀ ਪਿੰਦਰਪਾਲ ਸਿੰਘ ਆਪਣੀ ਅਮੋਲਕ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।



ਗਿਆਨੀ ਪਿੰਦਰ ਪਾਲ ਸਿੰਘ | ਭਾਈ ਕਮਲਜੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਭਾਈ ਕਰਮਜੀਤ ਸਿੰਘ, ਯੂ.ਕੇ. ਵਾਲੇ | ਭਾਈ ਹਰਜੀਤ ਪਾਲ ਸਿੰਘ, ਹਜ਼ੂਰੀ ਰਾਗੀ ਗੁਰਦੁਆਰਾ ਬਰਾਡਸ਼ਾਅ ਰੋਡ | ਭਾਈ ਹਰਪ੍ਰੀਤ ਸਿੰਘ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਡਾ. ਗੁਰਨਾਮ ਸਿੰਘ | ਡਾ. ਗਗਨਦੀਪ ਸਿੰਘ

Copyright@Punjab Mail USA

**ਫਲੋਟਾਂ ਦੀ ਸੇਵਾ ਲਈ ਸੰਪਰਕ**
ਸੋਨਾ ਢੀਂਡਸਾ: 916-601-0322

**ਸਟਾਲ ਤੇ ਦੁਕਾਨਾਂ ਲਈ**
ਬਲਜੀਤ ਸਿੰਘ: 408-528-5409

**ਲੰਗਰਾਂ ਲਈ**
ਗੁਰਪਿੰਦਰ ਸੰਧੂ: 916-533-4480

**ਹੋਰ ਜਾਣਕਾਰੀ ਲਈ ਸੰਪਰਕ ਕਰੋ**


ਲਖਵੀਰ ਸਿੰਘ ਔਜਲਾ, ਪ੍ਰਧਾਨ: 916-826-9800, ਗੁਰਿੰਦਰਪਾਲ ਸਿੰਘ ਲਾਡੀ ਗਿੱਲ, ਸੈਕਟਰੀ: 916-717-2277

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

# ਚੋਰੀ ਦੇ ਮਾਮਲੇ 'ਚ ਅਮਰੀਕਾ 'ਚ 28 ਸਾਲਾ ਗੁਜਰਾਤੀ ਵਿਅਕਤੀ ਗ੍ਰਿਫ਼ਤਾਰ

■ ਇੱਕ ਬਜ਼ੁਰਗ ਨਾਗਰਿਕ ਤੋਂ 100,000 ਡਾਲਰ ਤੋਂ ਵੱਧ ਦੀ ਵਸੂਲੀ ਕਰਨ ਦੇ ਲੱਗਾ ਦੋਸ਼



ਨਿਊਯਾਰਕ, (ਗੋਗਨਾ ਭੁਲੱਥ/ਪੰਜਾਬ ਮੇਲ)- ਅਮਰੀਕਾ ਰਾਜ ਦੀ ਬਾਰਬਰਟਨ ਪੁਲਿਸ ਵਿਭਾਗ ਅਨੁਸਾਰ, ਮਾਰਸ਼ਲ ਸਰਵਿਸ ਨੇ ਇਕ ਭਾਰਤੀ (ਗੁਜਰਾਤੀ ਮੂਲ) ਦੇ ਇਕ ਨੌਜਵਾਨ ਅੰਕਿਤ ਪਟੇਲ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ 'ਤੇ ਅਮਰੀਕਾ ਦੇ ਸੂਬੇ ਓਹਾਇਓ ਵਿਚ ਇੱਕ ਬਜ਼ੁਰਗ ਵਿਅਕਤੀ ਤੋਂ 130,000 ਡਾਲਰ ਜ਼ਬਰਦਸਤੀ ਲੈਣ ਦਾ ਦੋਸ਼ ਅਦਾਲਤ ਵਿਚ ਸਾਬਤ ਹੋਇਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਕ ਭਾਰਤੀ ਗੁਜਰਾਤੀ ਮੂਲ ਦੇ ਅੰਕਿਤ ਨੇ ਇਹ ਧੋਖਾਧੜੀ ਬੀਤੀ ਅਪ੍ਰੈਲ 2024 ਵਿਚ ਕੀਤੀ ਸੀ, ਜਿਸ ਵਿਚ ਪੀੜਤ ਨੂੰ ਇਹ ਕਹਿ ਕੇ ਡਰਾਇਆ ਗਿਆ ਸੀ ਕਿ ਉਸਦਾ ਬੈਂਕ ਖਾਤਾ ਸੁਰੱਖਿਅਤ ਨਹੀਂ ਹੈ ਕਿਉਂਕਿ ਉਸਦਾ ਕੰਪਿਊਟਰ ਹੈਕ ਹੋ ਗਿਆ ਸੀ। ਧੋਖੇਬਾਜ਼ਾਂ ਨੇ ਪੀੜਤ ਨੂੰ ਆਪਣੇ ਖਾਤੇ ਵਿਚੋਂ ਸਾਰੇ ਪੈਸੇ ਕਢਵਾਉਣ ਲਈ ਕਿਹਾ ਅਤੇ ਫਿਰ ਅੰਕਿਤ ਪਟੇਲ ਨੂੰ ਪੈਸੇ ਲੈਣ ਲਈ ਉਸ ਨੇ ਆਪਣੇ ਘਰ ਸੱਦਿਆ। ਇਸ ਮਾਮਲੇ ਦੀ ਜਾਂਚ ਦੌਰਾਨ, ਅੰਕਿਤ ਦੀ ਪਛਾਣ ਤਕਨੀਕੀ ਨਿਗਰਾਨੀ ਰਾਹੀਂ ਕੀਤੀ ਗਈ ਅਤੇ ਉਸ ਨੂੰ ਵਰਜੀਨੀਆ ਦੇ ਇੱਕ ਸਥਾਨ 'ਤੇ ਟਰੇਸ ਕੀਤਾ ਗਿਆ। ਵਰਜੀਨੀਆ ਵਿਚ ਉਸਦੀ ਗ੍ਰਿਫਤਾਰੀ ਤੋਂ ਬਾਅਦ, ਦੋਸ਼ੀ ਨੂੰ ਬਾਰਬਰਟਨ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਜਦੋਂ ਉਸਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਤਾਂ ਮਾਣਯੋਗ ਜੱਜ ਟੌਡ ਮੈਕਕੇਨੀ ਨੇ 500,000 ਡਾਲਰ ਦਾ ਬਾਂਡ ਤੈਅ ਕੀਤਾ ਅਤੇ ਅੰਕਿਤ ਨੂੰ ਸਥਾਨਕ ਕਾਉਂਟੀ ਜੇਲ੍ਹ ਵਿਚ ਭੇਜ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ, ਅੰਕਿਤ ਪਟੇਲ ਅਜੇ ਵੀ ਜੇਲ੍ਹ ਵਿਚ ਹੈ। ਬਾਰਬਰਟਨ ਪੁਲਿਸ ਨੇ ਇਹ ਵੀ ਕਿਹਾ ਹੈ ਕਿ ਭਾਰਤੀ ਮੂਲ ਦਾ ਗੁਜਰਾਤੀ ਦੋਸ਼ੀ ਅੰਕਿਤ ਪਟੇਲ ਜੋ ਅਮਰੀਕੀ ਨਾਗਰਿਕ ਨਹੀਂ ਹੈ ਅਤੇ ਕਿਉਂਕਿ ਉਸ ਵਿਰੁੱਧ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਇਮੀਗ੍ਰੇਸ਼ਨ ਕੇਸ ਵੀ ਦਾਇਰ ਕੀਤਾ ਗਿਆ ਹੈ, ਇਸ ਲਈ ਅੰਕਿਤ ਨੂੰ ਹੁਣ ਕਿਸੇ ਵੀ ਸਮੇਂ ਅਮਰੀਕਾ ਤੋਂ ਭਾਰਤ ਲਈ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

## ਪੋਪ ਫਰਾਂਸਿਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ 'ਤੇ ਟਰੰਪ ਪ੍ਰਸ਼ਾਸਨ ਦੀ ਨਿੰਦਾ

ਰੋਮ, (ਪੰਜਾਬ ਮੇਲ)- ਪੋਪ ਫਰਾਂਸਿਸ ਨੇ ਪ੍ਰਵਾਸੀਆਂ ਨੂੰ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਦਿੱਤੇ ਜਾਣ ਦੇ ਮੁੱਦੇ 'ਤੇ ਟਰੰਪ ਪ੍ਰਸ਼ਾਸਨ ਦੀ ਨਿੰਦਾ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਇਸ ਦਾ ਅੰਤ ਮਾੜਾ ਹੋਵੇਗਾ। ਉਨ੍ਹਾਂ ਕਿਹਾ ਕਿ ਸਿਰਫ਼ ਉਨ੍ਹਾਂ ਦੀ ਗੈਰ-ਕਾਨੂੰਨੀ ਸਥਿਤੀ ਦੇ ਕਾਰਨ ਜ਼ਬਰਦਸਤੀ ਦੇਸ਼ ਨਿਕਾਲਾ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਅੰਦਰੂਨੀ ਸਨਮਾਨ ਤੋਂ ਵਾਂਝਾ ਕਰਦਾ ਹੈ।

ਫਰਾਂਸਿਸ ਨੇ ਇਸ ਸਬੰਧ ਵਿਚ ਅਮਰੀਕਾ ਦੇ ਬਿਸ਼ਪਾਂ ਨੂੰ ਇੱਕ ਪੱਤਰ ਲਿਖਿਆ। ਇਤਿਹਾਸ ਦੇ ਪਹਿਲੇ ਲਾਤੀਨੀ ਅਮਰੀਕੀ ਪੋਪ ਨੇ ਲੰਬੇ ਸਮੇਂ ਤੋਂ ਪ੍ਰਵਾਸੀਆਂ ਦੀ ਦੇਖਭਾਲ ਨੂੰ ਆਪਣੀ ਧਰਮਪੀਠ ਦੀ ਤਰਜੀਹ ਬਣਾਇਆ ਹੋਇਆ ਹੈ ਅਤੇ ਮੰਗ ਕੀਤੀ ਹੈ ਕਿ ਦੇਸ਼ ਸੰਘਰਸ਼, ਗਰੀਬੀ ਅਤੇ ਜਲਵਾਯੂ ਆਫ਼ਤਾਂ ਕਾਰਨ ਭੱਜ ਰਹੇ ਲੋਕਾਂ ਦਾ ਸਵਾਗਤ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ।

## ਅਮਰੀਕੀ ਟੈਰਿਫ ਤੋਂ ਬਚਣ ਲਈ 30 ਤੋਂ ਵੱਧ ਵਸਤੂਆਂ 'ਤੇ ਇੰਪੋਰਟ ਡਿਊਟੀ ਘਟਾ ਸਕਦਾ ਹੈ ਭਾਰਤ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਨੇ ਅਮਰੀਕਾ ਵੱਲੋਂ ਲਾਏ ਜਾਣ ਵਾਲੇ 25 ਫੀਸਦੀ ਟੈਰਿਫ ਨੂੰ ਲੈ ਕੇ ਟਰੰਪ ਨਾਲ ਸੌਦੇਬਾਜ਼ੀ ਕਰਨ ਲਈ ਇਕ ਨੀਤੀ ਤਿਆਰ ਕੀਤੀ ਹੈ। ਇਕ ਰਿਪੋਰਟ ਅਨੁਸਾਰ ਭਾਰਤ ਅਮਰੀਕਾ ਤੋਂ ਦਰਾਮਦ ਕੀਤੇ ਜਾਣ ਵਾਲੇ ਕੁਝ ਉਤਪਾਦਾਂ 'ਤੇ ਡਿਊਟੀ ਘਟਾ ਸਕਦਾ ਹੈ। ਕਿਹਾ ਜਾ ਰਿਹਾ ਹੈ ਕਿ ਇਸ ਦੇ ਬਦਲੇ ਭਾਰਤ ਰਾਸ਼ਟਰਪਤੀ ਟਰੰਪ ਨਾਲ ਅਮਰੀਕੀ ਟੈਰਿਫ ਘਟਾਉਣ ਲਈ ਗੱਲ ਕਰੇਗਾ। ਇਹ ਜਾਣਕਾਰੀ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਨੇ ਸਟੀਲ ਤੇ ਐਲੂਮੀਨੀਅਮ 'ਤੇ 25 ਫੀਸਦੀ ਟੈਰਿਫ ਲਾਉਣ ਦੇ ਸੰਕੇਤ ਦਿੱਤੇ ਹਨ। ਇਕ ਰਿਪੋਰਟ ਅਨੁਸਾਰ ਭਾਰਤ ਅਮਰੀਕਾ ਤੋਂ ਵਧੇ ਹੋਏ ਜਵਾਬੀ ਟੈਰਿਫ ਤੋਂ ਬਚਣ ਲਈ 30 ਤੋਂ ਵੱਧ ਵਸਤੂਆਂ 'ਤੇ ਟੈਰਿਫ ਘਟਾ ਸਕਦਾ ਹੈ। ਭਾਰਤ ਅਮਰੀਕੀ ਰੱਖਿਆ ਤੇ ਊਰਜਾ ਉਤਪਾਦਾਂ ਦੀ ਖਰੀਦ ਵਧਾਉਣ 'ਤੇ ਵੀ ਵਿਚਾਰ ਕਰ ਰਿਹਾ ਹੈ। ਮਤਲਬ ਸਪੱਸ਼ਟ ਹੈ ਕਿ ਭਾਰਤ ਅਮਰੀਕਾ ਨਾਲ ਵਪਾਰਕ ਵਿਵਾਦ ਨਹੀਂ ਚਾਹੁੰਦਾ। ਇਸੇ ਲਈ ਭਾਰਤ ਅਮਰੀਕੀ ਸਾਮਾਨਾਂ 'ਤੇ ਟੈਕਸ ਘਟਾਉਣ ਬਾਰੇ ਸੋਚ ਰਿਹਾ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਅਮਰੀਕਾ ਨਾਲ ਵਪਾਰਕ ਵਿਵਾਦਾਂ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲ ਹੀ ਦੇ ਕੇਂਦਰੀ ਬਜਟ ਵਿਚ ਸਰਕਾਰ ਨੇ ਇਲੈਕਟ੍ਰਾਨਿਕਸ, ਟੈਕਸਟਾਈਲ ਤੇ ਮਹਿੰਗੇ ਮੋਟਰਸਾਈਕਲਾਂ ਵਰਗੇ ਕਈ ਉਤਪਾਦਾਂ 'ਤੇ ਇੰਪੋਰਟ ਡਿਊਟੀ ਘਟਾ ਦਿੱਤੀ ਹੈ। ਇਸ ਦਾ ਮਤਲਬ ਹੈ ਕਿ ਭਾਰਤ ਨੇ ਪਹਿਲਾਂ ਹੀ ਕਈ ਚੀਜ਼ਾਂ 'ਤੇ ਟੈਕਸ ਘਟਾ ਦਿੱਤੇ ਹਨ, ਤਾਂ ਜੋ ਅਮਰੀਕਾ ਨਾਲ ਸਬੰਧ ਚੰਗੇ ਰਹਿ ਸਕਣ।

## ਟਰੰਪ ਵੱਲੋਂ ਵਿੱਤ ਮੰਤਰਾਲਾ ਨੂੰ ਨਵੇਂ ਸਿੱਕੇ ਨਾ ਬਣਾਉਣ ਦੇ ਨਿਰਦੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਸੈਂਟ ਦੇ ਸਿੱਕੇ ਦੇ ਉਤਪਾਦਨ ਦੀ ਲਾਗਤ ਦਾ ਹਵਾਲਾ ਦਿੰਦੇ ਹੋਏ ਵਿੱਤ ਮੰਤਰਾਲਾ ਨੂੰ ਨਵੇਂ ਸਿੱਕੇ ਬਣਾਉਣਾ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਟਰੰਪ ਨੇ ਕਿਹਾ, "ਲੰਬੇ ਸਮੇਂ ਤੋਂ, ਅਮਰੀਕਾ ਸਿੱਕੇ ਬਣਾ ਰਿਹਾ ਹੈ, ਜਿਸ ਦੀ ਲਾਗਤ 2 ਸੈਂਟ ਤੋਂ ਵੱਧ ਹੈ। ਇਹ ਅਰਥਹੀਣ ਹੈ।"

ਟਰੰਪ ਨੇ ਐਤਵਾਰ ਰਾਤ ਨੂੰ ਟਰੂਥ ਸੋਸ਼ਲ ਸਾਈਟ 'ਤੇ ਇੱਕ ਪੋਸਟ ਵਿਚ ਲਿਖਿਆ, "ਮੈਂ ਅਮਰੀਕੀ ਵਿੱਤ ਮੰਤਰੀ ਨੂੰ ਨਵੇਂ ਸਿੱਕੇ ਬਣਾਉਣਾ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।" ਟਰੰਪ ਦਾ ਨਵਾਂ ਪ੍ਰਸ਼ਾਸਨ ਲਾਗਤਾਂ ਘਟਾਉਣ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ। ਉਨ੍ਹਾਂ ਲਿਖਿਆ, "ਆਓ ਆਪਣੇ ਦੇਸ਼ ਦੇ ਬਜਟ ਦੀ ਬਰਬਾਦੀ ਨੂੰ ਖਤਮ ਕਰੀਏ, ਭਾਵੇਂ ਇਹ ਸਿਰਫ਼ ਇੱਕ ਪੈਸਾ ਹੀ ਕਿਉਂ ਨਾ ਹੋਵੇ।"

# ਅਡਾਨੀ ਨੂੰ ਰਿਸ਼ਵਤਖੋਰੀ ਜਾਂਚ ਤੋਂ ਮਿਲੀ ਰਾਹਤ

■ ਟਰੰਪ ਨੇ ਵਿਦੇਸ਼ੀ ਰਿਸ਼ਵਤਖੋਰੀ ਕਾਨੂੰਨ ਲਾਗੂ ਕਰਨ 'ਤੇ ਰੋਕ ਲਾਈ
■ ਅਮਰੀਕੀ ਨਿਆਂ ਵਿਭਾਗ ਨੂੰ ਸਮੀਖਿਆ ਕਰਨ ਦੇ ਦਿੱਤੇ ਨਿਰਦੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਦੇਸ਼ੀ ਰਿਸ਼ਵਤਖੋਰੀ ਕਾਨੂੰਨ ਲਾਗੂ ਕਰਨ 'ਤੇ ਰੋਕ ਲਾ ਦਿੱਤੀ ਜਿਸ ਨਾਲ ਅਡਾਨੀ ਗਰੁੱਪ ਨੂੰ ਰਾਹਤ ਮਿਲ ਸਕਦੀ ਹੈ। ਉਨ੍ਹਾਂ ਕਰੀਬ ਅੱਧੀ ਸਦੀ ਪੁਰਾਣੇ ਕਾਨੂੰਨ 'ਤੇ ਰੋਕ ਲਗਾਉਣ ਸਬੰਧੀ ਹੁਕਮਾਂ 'ਤੇ ਦਸਤਖ਼ਤ ਕਰਦਿਆਂ ਨਿਆਂ ਵਿਭਾਗ ਨੂੰ ਇਸ ਦੀ ਸਮੀਖਿਆ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਅਡਾਨੀ ਸਮੂਹ ਖ਼ਿਲਾਫ਼ ਰਿਸ਼ਵਤਖੋਰੀ ਦੀ ਜਾਂਚ ਇਸੇ ਕਾਨੂੰਨ ਤਹਿਤ ਸ਼ੁਰੂ ਕੀਤੀ ਗਈ ਸੀ। ਇਸ ਕਾਨੂੰਨ 'ਤੇ ਟਰੰਪ ਦਾ ਰੋਕ ਲਾਉਣਾ ਅਤੇ ਸਮੀਖਿਆ ਦਾ ਆਦੇਸ਼ ਦੇਣਾ ਅਡਾਨੀ ਸਮੂਹ ਲਈ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਇਹ ਦੇਖਣਾ ਬਾਕੀ ਹੈ ਕਿ ਛੇ ਮਹੀਨਿਆਂ ਦੀ ਸਮੀਖਿਆ ਮਿਆਦ ਮਗਰੋਂ ਨਿਆਂ ਮੰਤਰਾਲਾ ਕੀ ਰੁਖ਼ ਅਪਣਾਉਂਦਾ ਹੈ।

ਟਰੰਪ ਨੇ 1977 ਦੇ ਵਿਦੇਸ਼ੀ ਭ੍ਰਿਸ਼ਟਾਚਾਰ ਨਾਲ ਸਬੰਧਤ ਕਾਨੂੰਨ (ਐੱਫ.ਸੀ.ਪੀ.ਏ.) ਨੂੰ ਲਾਗੂ ਕਰਨ 'ਤੇ ਰੋਕ ਲਗਾਉਣ ਸਬੰਧੀ ਇੱਕ ਆਦੇਸ਼ 'ਤੇ ਦਸਤਖ਼ਤ ਕੀਤੇ, ਜੋ ਅਮਰੀਕੀ ਕੰਪਨੀਆਂ ਅਤੇ ਵਿਦੇਸ਼ੀ ਕੰਪਨੀਆਂ ਨੂੰ ਵਪਾਰ ਕਰਨ ਲਈ ਵਿਦੇਸ਼ੀ ਸਰਕਾਰਾਂ ਦੇ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਤੋਂ ਰੋਕਦਾ ਹੈ। ਰਾਸ਼ਟਰਪਤੀ ਨੇ ਅਮਰੀਕੀ ਅਟਾਰਨੀ ਜਨਰਲ ਪਾਮੇਲਾ ਬੌਂਡੀ ਨੂੰ ਐੱਫ.ਸੀ.ਪੀ.ਏ. ਨੂੰ ਲਾਗੂ ਕਰਨ ਤੋਂ ਰੋਕਣ ਦਾ ਨਿਰਦੇਸ਼ ਦਿੱਤਾ, ਜਿਸ ਤਹਿਤ ਅਮਰੀਕੀ ਨਿਆਂ ਮੰਤਰਾਲਾ ਕੁੱਝ ਚਰਚਿਤ ਮਾਮਲਿਆਂ ਦੀ ਜਾਂਚ ਕਰ ਰਿਹਾ ਹੈ। ਇਸ ਤਹਿਤ ਹੀ ਭਾਰਤੀ ਉਦਯੋਗਪਤੀ ਤੇ ਅਡਾਨੀ ਸਮੂਹ ਦੇ ਮੁਖੀ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਭਤੀਜੇ ਸਾਗਰ ਖ਼ਿਲਾਫ਼ ਮੁਕੱਦਮਾ ਚਲਾਇਆ ਗਿਆ। ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ ਵਾਲੀ ਸਰਕਾਰ ਦੇ ਅਧੀਨ ਮੰਤਰਾਲੇ ਨੇ ਪਿਛਲੇ ਸਾਲ ਅਡਾਨੀ 'ਤੇ ਸੂਰਜੀ ਊਰਜਾ ਠੇਕਿਆਂ ਲਈ ਅਨਕੂਲ ਸ਼ਰਤਾਂ ਬਦਲੇ ਭਾਰਤੀ ਅਧਿਕਾਰੀਆਂ ਨੂੰ 25 ਕਰੋੜ ਅਮਰੀਕੀ ਡਾਲਰ ਤੋਂ ਵੱਧ ਦੀ ਰਿਸ਼ਵਤ ਦੇਣ ਦੀ ਯੋਜਨਾ ਦਾ ਕਥਿਤ ਤੌਰ 'ਤੇ ਹਿੱਸਾ ਹੋਣ ਦਾ ਦੋਸ਼ ਲਾਇਆ ਸੀ। ਅਡਾਨੀ ਸਮੂਹ ਨੇ ਹਾਲਾਂਕਿ ਇਨ੍ਹਾਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

## ਸ਼ੋਕ ਸਮਾਚਾਰ

### ਉੱਘੇ ਪੱਤਰਕਾਰ ਕੁਲਵੰਤ ਸਿੰਘ ਮਿੱਟੂ ਦਾ ਅਚਾਨਕ ਦਿਹਾਂਤ



ਕੁਲਵੰਤ ਸਿੰਘ ਮਿੱਟੂ

ਲੁਧਿਆਣਾ, (ਪੰਜਾਬ ਮੇਲ)- ਪੰਜਾਬ ਕੇਸਰੀ ਦੇ ਪੱਤਰਕਾਰ ਕੁਲਵੰਤ ਸਿੰਘ ਮਿੱਟੂ ਅਚਾਨਕ ਪਰਲੋਕ ਸਿਧਾਰ ਗਏ ਹਨ। ਉਹ 60 ਵਰ੍ਹਿਆਂ ਦੇ ਸਨ। ਪਿਛਲੇ ਕੁੱਝ ਸਮੇਂ ਤੋਂ ਉਹ ਬਿਮਾਰ ਚੱਲੇ ਆ ਰਹੇ ਸਨ। ਉਹ ਆਪਣੇ ਪਿੱਛੇ ਪਤਨੀ, ਇਕ ਬੇਟਾ ਅਤੇ ਇਕ ਬੇਟੀ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਉਨ੍ਹਾਂ ਦੇ ਸਵਰਗਵਾਸ ਹੋਣ ਨਾਲ ਪੱਤਰਕਾਰੀ ਖੇਤਰ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਿਛਲੇ ਕੁੱਝ ਸਮੇਂ ਤੋਂ ਕੁਲਵੰਤ ਸਿੰਘ ਮਿੱਟੂ ਹੈਬੋਵਾਲ, ਲੁਧਿਆਣਾ ਵਿਖੇ ਆਪਣਾ ਇਕ ਨਿੱਜੀ ਅਖਬਾਰ ਵੀ ਪ੍ਰਕਾਸ਼ਿਤ ਕਰ ਰਹੇ ਸਨ।

ਉਨ੍ਹਾਂ ਨੇ ਆਪਣਾ ਪੱਤਰਕਾਰੀ ਕਰੀਅਰ 1992 'ਚ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਕੱਢੀ ਜਾਂਦੀ 'ਪੰਜਾਬ ਮਹਾਨ' ਅਖਬਾਰ ਤੋਂ ਸ਼ੁਰੂ ਕੀਤਾ। ਸ. ਰੰਧਾਵਾ ਨੇ ਕੁਲਵੰਤ ਸਿੰਘ ਮਿੱਟੂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਪਰਿਵਾਰ ਨੂੰ ਭਾਣਾ ਮੰਨਣ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ।

## ਸ਼ੋਕ ਸਮਾਚਾਰ

### ਸੋਢੀ ਪਰਿਵਾਰ ਨੂੰ ਸਦਮਾ: ਪੁੱਤਰ ਹਰਦਿੱਤ ਸਿੰਘ ਦਾ ਦਿਹਾਂਤ



ਫ਼ੀਨਿਕਸ, (ਪੰਜਾਬ ਮੇਲ)- ਫ਼ੀਨਿਕਸ (ਐਰੀਜ਼ੋਨਾ) ਨਿਵਾਸੀ ਹਰਜੀਤ ਸਿੰਘ ਸੋਢੀ, ਜਸਵਿੰਦਰ ਸਿੰਘ ਸੋਢੀ ਅਤੇ ਰਾਣਾ ਸੋਢੀ ਦੇ ਵੱਡੇ ਭਾਈ ਜਗਜੀਤ ਸਿੰਘ ਸੋਢੀ ਜੋ ਇੰਡੀਆ ਵਿਚ ਮੈਰੇਜ ਪੈਲੇਸ ਚਲਾਉਂਦੇ ਹਨ, ਦੇ ਪੋਤਰੇ ਹਰਦਿੱਤ ਸਿੰਘ ਸਪੁੱਤਰ (ਗੁਰਪ੍ਰੀਤ ਸਿੰਘ ਸੰਨੀ ਅਤੇ ਅਮਨਦੀਪ ਕੌਰ ਸੋਢੀ) ਜੋ ਬੀਤੇ ਦਿਨੀਂ ਕੈਲੀਫੋਰਨੀਆ ਹਸਪਤਾਲ ਵਿਚ ਇਲਾਜ ਦੇ ਚੱਲਦਿਆਂ ਕੇਵਲ ਸੱਤ ਸਾਲ ਦੀ ਉਮਰ ਵਿਚ ਪ੍ਰਲੋਕ ਸਿਧਾਰ ਗਏ ਸਨ, ਜਿਸ ਦਾ ਅੰਤਿਮ ਸੰਸਕਾਰ ਸੈਂਟਾ ਮਾਨਿਕਾ ਬੁੱਲ੍ਹੇਵਾਰਡ, ਹਾਲੀਵੁੱਡ ਵਿਖੇ ਕੀਤਾ ਗਿਆ। ਉਪਰੰਤ ਅੰਤਿਮ ਅਰਦਾਸ ਅਤੇ ਕੀਰਤਨ ਗੁਰਦੁਆਰਾ ਸਾਹਿਬ ਹਾਲੀਵੁੱਡ (ਲਾਸ ਏਂਜਲਸ) ਵਿਚ ਹੋਏ। ਭਾਈ ਭੁਪਿੰਦਰ ਸਿੰਘ ਜੀ ਰੰਗੀਲਾ ਅਤੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਭਾਈ ਰਾਵਿੰਦਰ ਸਿੰਘ ਰਸੀਆ ਜੀ, ਭਾਈ ਮਨਜਿੰਦਰ ਸਿੰਘ ਜੀ "ਤਾਨ" ਹੋਰਾਂ ਦੇ ਜੱਥਿਆਂ ਵੱਲੋਂ ਵੈਰਾਗਮਈ ਕੀਰਤਨ ਕੀਤੇ ਗਏ। ਦੂਰੋਂ-ਨੇੜਿਉਂ ਆਏ ਹੋਏ ਸਭ ਰਿਸ਼ਤੇਦਾਰ, ਸਾਕ-ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੇ ਸੋਢੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਬੱਚੇ ਦੀ ਆਤਮਿਕ ਸ਼ਾਂਤੀ ਵਾਸਤੇ ਅਰਦਾਸ ਵਿਚ ਸ਼ਾਮਲ ਹੋਏ।

## ਅਮਰੀਕੀ ਅਦਾਲਤ ਵੱਲੋਂ ਯੂ.ਐੱਸ.ਏ.ਆਈ.ਡੀ. ਦੇ ਕਰਮਚਾਰੀਆਂ ਨੂੰ ਨੌਕਰੀਓਂ ਕੱਢਣ ਦੇ ਆਦੇਸ਼ 'ਤੇ ਅਸਥਾਈ ਰੋਕ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਸ਼ੁੱਕਰਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਐਲੋਨ ਮਸਕ ਨੂੰ ਝਟਕਾ ਦਿੰਦੇ ਹੋਏ ਯੂਨਾਈਟਡ ਸਟੇਟਸ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ.ਐੱਸ.ਏ.ਆਈ.ਡੀ.) ਦੇ ਹਜ਼ਾਰਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦੇ ਆਦੇਸ਼ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ। ਅਮਰੀਕੀ ਜ਼ਿਲ੍ਹਾ ਜੱਜ ਕਾਰਲ ਨਿਕੋਲਸ ਨੇ ਉਸ ਹੁਕਮ ਨੂੰ ਰੋਕਣ ਲਈ ਵੀ ਸਹਿਮਤੀ ਦਿੱਤੀ, ਜਿਸ ਵਿਚ ਯੂ.ਐੱਸ.ਏ.ਆਈ.ਡੀ. ਦੇ ਹਜ਼ਾਰਾਂ ਵਿਦੇਸ਼ੀ ਕਰਮਚਾਰੀਆਂ ਨੂੰ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਾਪਸ ਆਉਣ ਲਈ ਸਿਰਫ਼ 30 ਦਿਨ ਦਾ ਸਮਾਂ ਦਿੱਤਾ ਗਿਆ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੀ.ਸੀ.ਏ. ਬਰੈਂਟਵੁੱਡ ਵੱਲੋਂ "ਧੀਆਂ ਨੂੰ ਸਮਰਪਿਤ" ਲੋਹੜੀ ਦਾ ਸਮਾਗਮ ਕਰਵਾਇਆ ਗਿਆ

**ਵਨ ਬੈਲਟ ਵਨ ਰੋਡ ਪ੍ਰਾਜੈਕਟ ਤੋਂ ਹਟਿਆ ਪਿੱਛੇ**









**ਬਰੈਂਟਵੁੱਡ, (ਪੰਜਾਬ ਮੇਲ)**- ਬੀਤੇ ਸ਼ਨੀਵਾਰ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਬਰੈਂਟਵੁੱਡ ਨੇ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ "ਧੀਆਂ ਦੀ ਲੋਹੜੀ" ਮਨਾਈ। ਇਸ ਸਮਾਗਮ 'ਚ ਸੁਖਦੇਵ ਸਾਹਿਲ ਤੇ ਮਨਦੀਪ ਸਿੱਧੂ ਦੀ ਸੁਰੀਲੀ ਆਵਾਜ਼ ਨੇ ਤਕਰੀਬਨ ਦੋ ਘੰਟੇ ਸਰੋਤਿਆਂ ਨੂੰ ਕੀਲੀ ਰੱਖਿਆ। ਬਰੈਂਟਵੁੱਡ ਦੀਆਂ ਲੋਕਲ ਪੰਜਾਬਣਾਂ ਵੱਲੋਂ ਤਿਆਰ ਕੀਤੀ ਗਈ ਗਿੱਧਾ ਟੀਮ "ਰੌਣਕ ਪੰਜਾਬ ਦੀ" ਇਸ ਸਮਾਗਮ ਦੀ ਖਿੱਚ ਬਣੀ ਰਹੀ। ਇਸ ਸਮਾਗਮ ਦੀ ਸਭ ਤੋਂ ਮੁੱਖ ਗੱਲ ਇਹ ਰਹੀ ਕਿ ਇਹ ਲੋਹੜੀ ਇੱਕ ਖੁੱਲ੍ਹੇ ਮੈਦਾਨ 'ਚ ਕਰਵਾਈ ਗਈ। ਭਾਵੇਂਕਿ ਇਸ ਇਲਾਕੇ 'ਚ ਪੰਜਾਬੀਆਂ ਦੀ ਵੱਸੋਂ ਬਹੁਤ ਘੱਟ ਹੈ ਪਰ ਹਾਜ਼ਰੀ ਪੱਖੋਂ ਇਹ ਸਮਾਗਮ ਬਹੁਤ ਹੀ ਕਾਮਯਾਬ ਰਿਹਾ।

ਇਸ ਪ੍ਰੋਗਰਾਮ ਦੇ ਬਾਬਤ ਵਧੇਰੇ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਫੋਨ 'ਤੇ ਗੱਲਬਾਤ ਕਰਦੇ ਦੱਸਿਆ ਕਿ ਇਸ ਸਾਲ ਲੋਹੜੀ ਦਾ ਸਮਾਗਮ ਬਹੁਤ ਹੀ ਸਫਲ ਰਿਹਾ। ਸਫਲਤਾ ਦਾ ਕਾਰਨ ਇਹ ਲੋਹੜੀ ਧੀਆਂ ਨੂੰ ਸਮਰਪਿਤ ਹੋਣਾ ਦੱਸਿਆ ਗਿਆ। ਕਲੱਬ ਬਾਰੇ ਹੋਰ ਚਾਨਣਾ ਪਾਉਂਦੇ ਹੋਏ ਭੁਪਿੰਦਰ ਬਾਜਵਾ ਨੇ ਦੱਸਿਆ ਕਿ ਇਹ ਕਲੱਬ ਇਸ ਸਾਲ ਅਮਰੀਕਾ ਦੀ ਲੋਕਲ ਆਜ਼ਾਦੀ ਪਰੇਡ 'ਚ ਵੱਧ-ਚੜ੍ਹ ਕੇ ਹਿੱਸਾ ਲਵੇਗਾ ਤੇ ਪਰੇਡ ਦੌਰਾਨ ਪਾਣੀ, ਜੂਸ ਤੇ ਸੋਡੇ ਦਾ ਲੰਗਰ ਲਾਇਆ ਜਾਵੇਗਾ। ਇਸ ਸਾਲ ਲੱਗਣ ਵਾਲੇ ਖੂਨਦਾਨ ਕੈਂਪ ਬਾਰੇ ਵੀ ਜਾਣਕਾਰੀ ਦਿੰਦੇ ਹੋਏ ਬਾਜਵਾ ਸਾਹਿਬ ਨੇ ਦੱਸਿਆ ਕਿ ਜਲਦੀ ਹੀ ਇਸ ਖੂਨਦਾਨ ਕੈਂਪ ਦੀਆਂ ਤਰੀਕਾਂ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ। ਇਸ ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸ਼ਹਿਰ ਦੇ ਪੁਰਾਣੇ ਕੌਂਸਲ ਮੈਂਬਰ ਬਲਵਿੰਦਰ ਗਰੇਵਾਲ, ਡਾ. ਮਨਦੀਪ ਸਿੱਧੂ, ਮਨਧੀਰ ਕੰਗ, ਰਚਨਾ ਭਟਨਾਗਰ, ਪ੍ਰਦੀਪ ਵਾਲੀਆ, ਅਨਸ਼ੂਮਨ ਸ਼ੁਕਲਾ, ਸਤਵਿੰਦਰ ਸੰਘੂ, ਅਵਤਾਰ ਲਾਖਾ, ਵਿਜੇ ਸਿੰਘ, ਕਰਨ ਮਹਿੰਦਰੂ. ਵਿਕਰਮ ਰੰਧਾਵਾ, ਨਿਤਿਨ ਖੰਨਾ, ਸਤਵਿੰਦਰ ਮਾਨਹੇੜਾ, ਰਾਜਬੀਰ ਸਰਕਾਰੀਆ, ਸੰਨੀ ਸਰਕਰਾਰੀਆ, ਸਚਿਨ ਕੁਮਾਰ ਅਤੇ ਹਰਸ਼ ਗਰੇਵਾਲ ਸਮੇਤ ਕਈ ਉਘੀਆਂ ਸ਼ਖਸੀਅਤਾਂ ਨੇ ਹਿੱਸਾ ਲਿਆ। ਸਮਾਗਮ ਦੇ ਅੰਤ 'ਚ ਕਮੇਟੀ ਦੇ ਸਾਰੇ ਮੈਂਬਰਾਂ ਨੇ ਅਗਲੇ ਸਾਲ ਦਾ ਸਮਾਗਮ ਦਾ ਐਲਾਨ ਕਰਦਿਆਂ ਧੀਆਂ ਨੂੰ ਸਮਰਪਿਤ ਕਰਨ ਦਾ ਅਹਿਦ ਲਿਆ। ਕੁੱਲ ਮਿਲਾ ਕੇ ਇਹ ਸਮਾਗਮ ਬਹੁਤ ਹੀ ਕਾਮਯਾਬ ਰਿਹਾ।

# ਅਮਰੀਕਾ ਦੇ ਕਈ ਸੂਬਿਆਂ ਦੇ ਅਟਾਰਨੀ ਜਨਰਲ ਹੋਏ ਮਸਕ ਖਿਲਾਫ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)** - ਅਮਰੀਕਾ ਦੇ ਕਈ ਸੂਬਿਆਂ ਦੇ ਅਟਾਰਨੀ ਜਨਰਲਾਂ ਨੇ ਐਲਨ ਮਸਕ ਦੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸੀ 'ਤੇ ਮੁਕੱਦਮਾ ਕਰਨ ਦੀ ਤਿਆਰੀ ਦਾ ਸੰਕੇਤ ਦਿੱਤਾ, ਤਾਂ ਜੋ ਇਸ ਨੂੰ ਅਮਰੀਕੀਆਂ ਦੀ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਵਾਲੀ ਸੰਘੀ ਭੁਗਤਾਨ ਪ੍ਰਣਾਲੀ ਤੱਕ ਪਹੁੰਚ ਕਰਨ ਤੋਂ ਰੋਕਿਆ ਜਾ ਸਕੇ।

ਨਿਊਯਾਰਕ ਦੀ ਲੈਟੀਆ ਜੇਮਸ ਸਮੇਤ ਦਰਜਨ ਅਟਾਰਨੀ ਜਨਰਲਾਂ ਨੇ ਆਪਣੇ ਬਿਆਨਾਂ ਵਿਚ ਕਿਹਾ ਹੈ ਕਿ ਅਸੀਂ ਆਪਣੇ ਸੰਵਿਧਾਨ, ਆਪਣੇ ਨਿੱਜਤਾ ਅਧਿਕਾਰਾਂ ਅਤੇ ਲੋੜੀਂਦੇ ਫੰਡ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਅਤੇ ਵਿਭਿੰਨ ਭਾਈਚਾਰਿਆਂ ਦੇ ਵਿਰੁੱਧ ਪ੍ਰਦਰਸ਼ਨ ਕੀਤਾ ਹੈ। ਭਾਵੇਂ ਮਸਕ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਹੈ ਪਰ ਉਸ ਨੂੰ ਰੱਦ ਕਰ ਦੇਣਾ ਚਾਹੀਦਾ ਹੈ।

ਸਾਡੇ ਦੇਸ਼ ਵਿਚ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ। ਰਾਸ਼ਟਰਪਤੀ ਕੋਲ ਇਹ ਵੀ ਅਧਿਕਾਰ ਨਹੀਂ ਹੈ ਕਿ ਉਹ ਸਾਡੀ ਜਾਣਕਾਰੀ ਆਪਣੀ ਮਰਜ਼ੀ ਦੇ ਕਿਸੇ ਵੀ ਵਿਅਕਤੀ ਨੂੰ ਦੇਵੇ ਤੇ ਉਹ ਕਾਂਗਰਸ ਵੱਲੋਂ ਪਾਸ ਕੀਤੇ ਗਏ ਸੰਘੀ ਭੁਗਤਾਨਾਂ ਵਿਚ ਕਟੌਤੀ ਨਹੀਂ ਕਰ ਸਕਦੇ ਪਰ ਵ੍ਹਾਈਟ ਹਾਊਸ ਨੇ ਇਸ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ।

# ਟਰੰਪ ਦੀ ਨਵੀਂ ਨੀਤੀ ਕਾਰਨ ਅਮਰੀਕੀ ਟਰਾਂਸਜੈਂਡਰਾਂ ਦੀਆਂ ਵਧੀਆਂ ਮੁਸ਼ਕਲਾਂ

**ਵਿਦੇਸ਼ ਵਿਭਾਗ ਨੇ 'ਐਕਸ' ਪਛਾਣ ਨਾਲ ਯਾਤਰਾ ਲਈ ਦਸਤਾਵੇਜ਼ ਜਾਰੀ ਕਰਨੇ ਬੰਦ ਕੀਤੇ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪੇਸ਼ ਨਵੀਂ ਨੀਤੀ ਨੇ ਪਾਸਪੋਰਟ ਅਪਡੇਟ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਅਮਰੀਕੀ ਟਰਾਂਸਜੈਂਡਰਾਂ ਲਈ ਅਹਿਮ ਚੁਣੌਤੀਆਂ ਪੈਦਾ ਕੀਤੀਆਂ ਹਨ, ਖਾਸਕਰ ਉਨ੍ਹਾਂ ਲਈ ਜਿਹੜੇ ਆਪਣੇ ਲਿੰਗ ਨੂੰ ਸਹੀ ਢੰਗ ਨਾਲ ਦਰਸਾਉਣਾ ਚਾਹੁੰਦੇ ਹਨ। ਟਰੰਪ ਦੇ ਹੁਕਮਾਂ ਮਗਰੋਂ ਵਿਦੇਸ਼ ਵਿਭਾਗ ਨੇ ਕਈ ਨਾਨ-ਬਾਇਨਰੀ ਦੀ ਪਸੰਦ ਵਾਲੇ 'ਐਕਸ' ਲਿੰਗ (ਜੋ ਔਰਤ ਜਾਂ ਪੁਰਸ਼ ਵਜੋਂ ਪਛਾਣ ਨਹੀਂ ਦੱਸਦਾ) ਪਛਾਣ ਨਾਲ ਯਾਤਰਾ ਲਈ ਦਸਤਾਵੇਜ਼ ਜਾਰੀ ਕਰਨੇ ਬੰਦ ਦਿੱਤੇ ਹਨ। ਪ੍ਰਭਾਵਿਤ ਲੋਕਾਂ ਦੇ ਇੱਕ ਗਰੁੱਪ ਨੇ ਬੋਸਟਨ ਦੀ ਸੰਘੀ ਅਦਾਲਤ 'ਚ ਸ਼ੁੱਕਰਵਾਰ ਨੂੰ ਮੁਕੱਦਮਾ ਦਾਇਰ ਕਰਕੇ ਇਸ ਨੀਤੀ ਨੂੰ ਚੁਣੌਤੀ ਦਿੱਤੀ ਹੈ। ਲੀਜ਼ਾ ਸੁਹਾਏ ਜੋ ਰਾਸ਼ਟਰਪਤੀ ਡੋਨਲਡ ਟਰੰਪ ਦਾ ਕਾਰਜਕਾਲ ਸ਼ੁਰੂ ਹੋਣ ਦੇ ਅਗਲੇ ਦਿਨ ਆਪਣੀ 21 ਸਾਲਾਂ ਦੀ ਬੇਟੀ ਮੈਲੋ ਨੂੰ ਲੈ ਕੇ ਵਰਜੀਨੀਆ ਦੇ ਨੋਰਫੋਕ 'ਚ ਪਾਸਪੋਰਟ ਦਫ਼ਤਰ ਗਈ ਸੀ, ਨੇ ਮੁਸ਼ਕਲਾਂ ਦਾ ਖੁਲਾਸਾ ਕੀਤਾ ਹੈ। ਮੈਲੋ ਜੋ ਕਿ ਟਰਾਂਸਜੈਂਡਰ ਹੈ, ਲਈ ਪਾਸਪੋਰਟ ਲੈਣਾ ਜ਼ਰੂਰੀ ਸੀ। ਮੈਲੋ ਦਾ ਪਰਿਵਾਰ ਚਾਹੁੰਦਾ ਹੈ ਕਿ ਜੇਕਰ ਅਮਰੀਕਾ 'ਚ ਟਰਾਂਸਜੈਂਡਰ ਲੋਕਾਂ ਲਈ ਚੀਜ਼ਾਂ ਸਹਿਣਯੋਗ ਨਹੀਂ ਰਹੀਆਂ, ਤਾਂ ਮੈਲੋ ਦੇਸ਼ ਛੱਡਣ ਲਈ ਸਮਰੱਥ ਹੋਵੇ ਕਿਉਂਕਿ ਸੰਘੀ ਸਰਕਾਰ ਟਰਾਂਸਜੈਂਡਰ ਲੋਕਾਂ ਨੂੰ ਮਾਨਤਾ ਨਾ ਦੇਣ ਲਈ ਤੇਜ਼ੀ ਨਾਲ ਕਦਮ ਚੁੱਕ ਰਹੀ ਹੈ। ਮੈਲੋ ਦੀ ਮਾਂ ਲੀਜ਼ਾ ਸੁਹਾਏ ਨੇ ਚਿੰਤਾ ਜਤਾਈ ਕਿ ਹੋ ਸਕਦਾ ਹੈ ਕਿ ਮੈਲੋ ਨੂੰ ਪਾਸਪੋਰਟ ਨਾ ਦਿੱਤਾ ਜਾਵੇ ਜਾਂ ਦਸਤਾਵੇਜ਼ਾਂ ਦਾ ਮਿਲਾਨ ਨਾ ਹੋਣ ਕਾਰਨ ਕੋਈ ਮੁਸ਼ਕਲ ਹੋ ਸਕਦੀ ਹੈ।




# ਟਰੰਪ ਵਲੋਂ ਗ਼ੈਰ ਕਾਨੂੰਨੀ ਇਮੀਗਰੈਂਟਸ ’ਤੇ ਸਖ਼ਤੀ ਤੋਂ ਬਾਅਦ ਅਮਰੀਕਾ-ਕੈਨੇਡਾ ਸਰਹੱਦ ’ਤੇ ਵਧੀ ਹਲਚਲ

- ਅਮਰੀਕਾ ਛੱਡ ਪ੍ਰਵਾਸੀ ਲਾਉਣ ਲੱਗੇ ਕੈਨੇਡਾ ਦੀ ਡੰਕੀ; 1 ਵਿਅਕਤੀ ਦੀ ਮੌਤ
- ਪੁਲਿਸ ਵੱਲੋਂ 5 ਬੱਚਿਆਂ ਸਮੇਤ 15 ਲੋਕ ਕਾਬੂ

**ਟੋਰਾਂਟੋ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡਾਨਲਡ ਟਰੰਪ ਵਲੋਂ ਗ਼ੈਰ ਕਾਨੂੰਨੀ ਇਮੀਗਰੈਂਟਸ ’ਤੇ ਸਖ਼ਤੀ ਤੋਂ ਬਾਅਦ ਅਮਰੀਕਾ-ਕੈਨੇਡਾ ਸਰਹੱਦ ’ਤੇ ਹਲਚਲ ਵਧ ਗਈ ਹੈ। ਬੀਤੇ ਕੁਝ ਦਿਨਾਂ ਅਜਿਹੀਆਂ ਹੀ ਤਿੰਨ ਘਟਨਾਵਾਂ ਵਾਪਰੀਆਂ, ਜਿਸ ’ਚ ਇਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਵਲੋਂ 15 ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ, ਜਿਨ੍ਹਾਂ ਵਿਚ 5 ਬੱਚੇ ਵੀ ਸ਼ਾਮਲ ਹਨ। ਕੁਝ ਦਿਨਾਂ ਅੰਦਰ ਵਾਪਰੀਆਂ ਇਨ੍ਹਾਂ ਘਟਨਾਵਾਂ ਤੋਂ ਬਾਅਦ ਕੈਨੇਡੀਅਨ ਪੁਲਿਸ ਵੀ ਚੌਕਸ ਹੋ ਗਈ ਹੈ। ਪੁਲਿਸ ਵਲੋਂ ਬਾਰਡਰ ਲਾਗੇ ਚੌਕਸੀ ਵਰਤੀ ਜਾ ਰਹੀ ਹੈ, ਤਾਂ ਜੋ ਕੋਈ ਵੀ ਡੰਕੀ ਲਗਾ ਕੇ ਅਮਰੀਕਾ ਤੋਂ ਕੈਨੇਡਾ ਦਾਖਲ ਨਾ ਹੋ ਸਕੇ ਭਾਵ ਗੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਨਾ ਆਵੇ।

ਗੈਰ-ਕਾਨੂੰਨੀ ਦਾਖਲ ਹੋਣ ਦੇ ਜੋ ਮਾਮਲੇ ਬੀਤੇ ਦਿਨੀਂ ਸਾਹਮਣੇ ਆਏ ਹਨ, ਉਨ੍ਹਾਂ ਵਿਚੋਂ ਪਹਿਲੇ ਮਾਮਲੇ ’ਚ ਅਲਬਰਟਾ ਵਿਚ ਕਾਉਟਸ ਬਾਰਡਰ ਕਰਾਸਿੰਗ ’ਤੇ ਸੰਯੁਕਤ ਰਾਜ ਤੋਂ ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ। ਸਹਾਇਕ ਕਮਿਸ਼ਨਰ ਲੀਜ਼ਾ ਮੋਰਲੈਂਡ ਨੇ ਦੱਸਿਆ ਕਿ ਜਦੋਂ ਉਹ ਸਵੇਰੇ 7:45 ਵਜੇ ਪਹੁੰਚੇ ਤਾਂ ਉਸ ਵਿਅਕਤੀ ਨੂੰ ਸਰਹੱਦੀ ਕਰਾਸਿੰਗ ’ਤੇ ਸੈਕੰਡਰੀ ਨਿਰੀਖਣ ਲਈ ਭੇਜਿਆ ਗਿਆ ਸੀ, ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਨਿਰੀਖਣ ਲਈ ਰੁਕੇ ਬਿਨਾਂ ਆਪਣੀ ਗੱਡੀ ਵਿਚ ਉੱਤਰ ਵੱਲ ਕੈਨੇਡਾ ਵਿਚ ਚਲਾ ਗਿਆ। ਆਰਡਰ ਅਧਿਕਾਰੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ, ਜਿਨ੍ਹਾਂ ਨੂੰ ਕਿ ਕਾਉਟਸ ਤੋਂ ਲਗਭਗ 80 ਕਿਲੋਮੀਟਰ ਦੂਰ ਰੇਮੰਡ, ਅਲਟਾ ਦੇ ਨੇੜੇ ਵਾਹਨ ਲੱਭ ਗਿਆ।

ਪੁਲਿਸ ਨੇ ਰੇਮੰਡ ਤੋਂ ਲੈਥਬ੍ਰਿਜ, ਅਲਟਾ ਤੱਕ ਉਸ ਵਿਅਕਤੀ ਦਾ ਪਿੱਛਾ ਕੀਤਾ। ਅਖੀਰ ਵਿਚ ਮਿਲਕ ਰਿਵਰ, ਅਲਟਾ ਦੇ ਨੇੜੇ ਇੱਕ ਟਾਇਰ ਡੀਫਲੇਸ਼ਨ ਡਿਵਾਈਸ ਤਾਇਨਾਤ ਕੀਤੀ ਗਈ, ਜੋ ਕਿ ਰੇਮੰਡ ਤੋਂ ਲਗਭਗ 60 ਕਿਲੋਮੀਟਰ ਦੂਰ ਹੈ, ਜਿਸ ਨਾਲ ਉਸ ਦੀ ਗੱਡੀ ਰੁਕ ਗਈ। ਜਿੱਥੋਂ ਉਹ ਆਦਮੀ ਪੈਦਲ ਹੀ ਘਟਨਾ ਸਥਾਨ ਤੋਂ ਭੱਜ ਗਿਆ ਤੇ ਪੁਲਿਸ ਨੇ ਉਸ ਦਾ ਪਿੱਛਾ ਕੀਤਾ। ਅੱਗੇ ਜਾ ਕੇ ਪੁਲਿਸ ਨੂੰ ਉਹ ਜ਼ਖ਼ਮੀ ਹਾਲਤ ਵਿਚ ਮਿਲਿਆ, ਲੱਗ ਰਿਹਾ ਸੀ ਕਿ ਉਸਨੇ ਖ਼ੁਦ ਨੂੰ ਕਿਸੇ ਹਥਿਆਰ ਨਾਲ ਜ਼ਖ਼ਮੀ ਕੀਤਾ ਸੀ। ਮੌਕੇ ’ਤੇ ਹੀ ਉਸ ਨੂੰ ਮ੍ਰਿਤ ਐਲਾਨ ਦਿੱਤਾ ਗਿਆ।

ਉਥੇ ਹੀ ਜੇਕਰ ਦੂਜੀ ਘਟਨਾ ਦੀ ਗੱਲ ਕਰੀਏ, ਤਾਂ ਦੂਜਾ ਮਾਮਲਾ ਅਲਟਾ ਕੌਂਟਸ ਇਲਾਕੇ ਦੇ ਨੇੜਿਓਂ ਸਾਹਮਣੇ ਆਇਆ। ਇਸ ਬਾਰੇ ਸਹਾਇਕ ਕਮਿਸ਼ਨਰ ਮੋਰਲੈਂਡ ਨੇ ਕਿਹਾ ਕਿ ਚਾਰ ਬਾਲਗ ਅਤੇ ਪੰਜ ਬੱਚੇ ਬੀਤੇ ਦਿਨੀਂ ਸਵੇਰੇ 6:15 ਵਜੇ ਦੇ ਕਰੀਬ ਅਲਟਾ ਦੇ ਕੌਂਟਸ ਦੇ ਨੇੜੇ ਪੈਦਲ ਸਰਹੱਦ ਪਾਰ ਕਰਦੇ ਹੋਏ ਪਾਏ ਗਏ ਸਨ। ਸਾਰਿਆਂ ਨੂੰ ਕਸਟਮ ਐਕਟ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਕਾਰਵਾਈ ਲਈ ਸੀ.ਬੀ.ਐੱਸ.ਏ. (ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ) ਨੂੰ ਸੌਂਪ ਦਿੱਤਾ ਗਿਆ ਸੀ।

ਇਸੇ ਤਰੀਕੇ ਤੀਜੀ ਘਟਨਾ 14 ਜਨਵਰੀ ਦੀ ਦੱਸੀ ਜਾ ਰਹੀ ਹੈ, ਜੋ ਮੈਨੀਟੋਬਾ ਬਾਰਡਰ ਕਰਾਸਿੰਗ ’ਤੇ ਵਾਪਰੀ ਸੀ। ਜਿੱਥੇ ਛੇ ਲੋਕਾਂ ਨੇ ਐਮਰਸਨ, ਮੈਨ ਤੋਂ ਲਗਭਗ 15 ਕਿਲੋਮੀਟਰ ਪੂਰਬ ਵਿਚ ਪੈਦਲ ਸਰਹੱਦ ਪਾਰ ਕੀਤੀ। ਕੈਨੇਡੀਅਨ ਅਧਿਕਾਰੀਆਂ ਨੂੰ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਵਲੋਂ ਸਮੂਹ ਬਾਰੇ ਚੇਤਾਵਨੀ ਦਿੱਤੀ ਗਈ ਸੀ। ਆਰ.ਸੀ.ਐੱਮ.ਪੀ. ਅਧਿਕਾਰੀਆਂ ਨੇ ਤੁਰੰਤ ਸਮੂਹ ਦੀ ਭਾਲ ਸ਼ੁਰੂ ਕਰ ਦਿੱਤੀ, ਜੋ ਨੇੜਲੇ ਜੰਗਲਾਂ ਵਿਚ ਭੱਜ ਗਿਆ, ਜਿਸ ਤੋਂ ਬਾਅਦ ਉਨ੍ਹਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਸੰਘੀ ਅਦਾਲਤ ਵੱਲੋਂ ਟਰੰਪ ਦੀ ‘ਵਿੱਤੀ ਪ੍ਰੋਤਸਾਹਨ’ ਯੋਜਨਾ ’ਤੇ ਅਸਥਾਈ ਰੋਕ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਬੋਸਟਨ ਵਿਚ ਇੱਕ ਸੰਘੀ ਜੱਜ ਨੇ ਵੀਰਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਯੋਜਨਾ ’ਤੇ ਅਸਥਾਈ ਤੌਰ ’ਤੇ ਰੋਕ ਲਗਾ ਦਿੱਤੀ, ਜਿਸ ਵਿਚ ਵਿੱਤੀ ਪ੍ਰੋਤਸਾਹਨ ਦੇ ਕੇ ਸੰਘੀ ਕਰਮਚਾਰੀਆਂ ਦੀ ਗਿਣਤੀ ਘਟਾਉਣ ਲਈ ਉਨ੍ਹਾਂ ਤੋਂ ਅਸਤੀਫਿਆਂ ਦੀ ਮੰਗ ਕੀਤੀ ਗਈ ਸੀ। ਅਦਾਲਤ ਦਾ ਇਹ ਫੈਸਲਾ ਅੱਧੀ ਰਾਤ ਦੀ ਉਸ ਸਮਾਂ ਸੀਮਾ ਤੋਂ ਕੁਝ ਘੰਟੇ ਪਹਿਲਾਂ ਆਇਆ ਹੈ, ਜਦੋਂ ਸੰਘੀ ਕਰਮਚਾਰੀਆਂ ਨੇ ਇਸ ਯੋਜਨਾ ਤਹਿਤ ਅਸਤੀਫ਼ੇ ਦੇਣੇ ਸਨ। ਇਸ ਯੋਜਨਾ ਨੂੰ ਆਮ ਤੌਰ ’ਤੇ ਬਾਏਆਊਟ ਕਿਹਾ ਜਾਂਦਾ ਹੈ।

ਜੱਜ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਅਗਲੇ ਸੋਮਵਾਰ ਨੂੰ ਹੋਵੇਗੀ, ਤਾਂ ਜੋ ਇਹ ਵਿਚਾਰ ਕੀਤਾ ਜਾ ਸਕੇ ਕਿ ਕੀ ਇਹ ਕਦਮ ਕਾਨੂੰਨੀ ਹੈ ਜਾਂ ਨਹੀਂ। ਹੁਣ ਤੱਕ, 60,000 ਤੋਂ ਵੱਧ ਸੰਘੀ ਕਰਮਚਾਰੀਆਂ ਨੇ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ। ਮੰਗਲਵਾਰ ਨੂੰ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਦੇ ਸਾਰੇ ਕਰਮਚਾਰੀਆਂ ਨੂੰ ਵੀ ਬਾਏਆਊਟ ਦੀ ਪੇਸ਼ਕਸ਼ ਕੀਤੀ ਗਈ ਸੀ। ਸਥਾਨਕ ਮੀਡੀਆ ਦੇ ਅਨੁਸਾਰ, ਵ੍ਹਾਈਟ ਹਾਊਸ ਦਾ ਉਦੇਸ਼ ਬਾਏਆਊਟ ਰਾਹੀਂ ਸੰਘੀ ਕਰਮਚਾਰੀਆਂ ਦੀ ਗਿਣਤੀ ਨੂੰ 10 ਫੀਸਦੀ ਤੱਕ ਘਟਾਉਣਾ ਹੈ। ਰਿਪੋਰਟਾਂ ਦੇ ਅਨੁਸਾਰ, ਟਰੰਪ ਪ੍ਰਸ਼ਾਸਨ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ (ਯੂ.ਐੱਨ.ਏ.ਆਈ.ਡੀ.) ਦੇ ਕਰਮਚਾਰੀਆਂ ਦੀ ਗਿਣਤੀ 10 ਹਜ਼ਾਰ ਤੋਂ ਘਟਾ ਕੇ 300 ਤੋਂ ਵੀ ਘੱਟ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਅਮਰੀਕੀ ਸਿੱਖ ਜਥੇਬੰਦੀਆਂ ਵੱਲੋਂ ਮੋਦੀ-ਟਰੰਪ ਮੁਲਾਕਾਤ ’ਤੇ ਇਤਰਾਜ਼



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਵਿਦੇਸ਼ੀ ਲੀਡਰਾਂ ਨਾਲ ਮੁਲਾਕਾਤ ਨਾ ਕਰਨ, ਜੋ ਅਮਰੀਕਾ ਵਿਚ ਰਹਿ ਰਹੇ ਅਮਰੀਕੀ ਸਿੱਖਾਂ ਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਅਸੀਂ ਅਮਰੀਕਾ ਵਿਚ ਟੈਕਸ ਅਦਾ ਕਰਨ ਵਾਲੇ ਇਥੇ ਆਪਣੀ ਜਾਨ ਦੀ ਸੁਰੱਖਿਆ ਚਾਹੁੰਦੇ ਹਾਂ। ਸਥਾਨਕ ਸਰਕਾਰ ਨੂੰ ਆਪਣੇ ਨਾਗਰਿਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਮਰੀਕਨ ਸਿੱਖ ਕਾਕਸ ਕਮੇਟੀ ਦੇ ਸੰਸਥਾਪਕ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ’ਤੇ ਕਾਰਵਾਈ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਮੁਲਾਕਾਤ ਤੋਂ ਸਾਡੀਆਂ ਸਿੱਖ ਜਥੇਬੰਦੀਆਂ ਕੁੱਝ ਨਤੀਜੇ ਚਾਹੁੰਦੀਆਂ ਹਨ। ਇਸ ਦੌਰਾਨ ਹਿੰਮਤ ਸਿੰਘ ਨੇ ਕਿਹਾ ਕਿ ਅਮਰੀਕੀ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਹੋਣਾ ਚਾਹੀਦਾ ਹੈ। ਪਿਛਲੇ ਦਿਨੀਂ ਨਿਖਿਲ ਗੁਪਤਾ ਨੇ ਇਸ ਸੰਬੰਧੀ ਨਾਕਾਮ ਸਾਜ਼ਿਸ਼ ਕੀਤੀ ਸੀ। ਨਿਖਿਲ ਗੁਪਤਾ ਇਸ ਵੇਲੇ ਨਿਊਯਾਰਕ ਦੀ ਜੇਲ੍ਹ ਵਿਚ ਹੈ। ਉਸ ਨੇ ਹਮੇਸ਼ਾ ਹੀ ਸਿੱਖਾਂ ਦੀ ਮੁਖਬਰੀ ਕੀਤੀ ਹੈ। ਭਾਰਤੀ ਮੀਡੀਆ ਸਿੱਖਾਂ ਦੇ ਅੱਤਵਾਦੀ ਹੋਣ ਬਾਰੇ ਗਲਤ ਪ੍ਰਚਾਰ ਕਰ ਰਿਹਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਵਿਦੇਸ਼ੀ ਏਜੰਟਾਂ ਦਾ ਅਮਰੀਕਾ ਵਿਚ ਦਬਾਅ ਵੱਧ ਰਿਹਾ ਹੈ, ਤਾਂਕਿ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ।

ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਮਜ਼ਬੂਤ ਹੋਣ ਲਈ ਕਾਂਗਰਸ ਆਗੂਆਂ ਨਾਲ ਮਿਲ ਕੇ ਕੰਮ ਕਰੇਗੀ।

ਅਮਰੀਕਨ ਸਿੱਖ ਕਾਕਸ ਕਮੇਟੀ ਅਧਿਕਾਰਾਂ, ਸੁਰੱਖਿਆ ਅਤੇ ਰਾਜਨੀਤਿਕ ਰੁਝੇਵਿਆਂ ਦੀ ਵਕਾਲਤ ਕਰਦੀ ਹੈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੇ ਅਮਰੀਕਾ ਵਿਚ ਗੁਰੂਘਰਾਂ ਦੀ ਪ੍ਰਤੀਨਿੱਧਤਾ ਕਰਦੀ ਹੈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨਾਗਰਿਕ ਰੁਝੇਵਿਆਂ, ਅੰਤਰਜਾਤੀ ਸੰਬੰਧਾਂ ਨਾਲ ਤਾਲਮੇਲ ਕਰਦੀ ਹੈ।



# ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਬੇ ਏਰੀਆ ਦੀ ਸੰਗਤ ਵਲੋਂ ਸ਼ਰਧਾ ਤੇ ਸਤਿਕਾਰ ਸਹਿਤ ਗੁਰਦਵਾਰਾ ਸਾਹਿਬ ਫਰੀਮਾਂਟ ਵਿਖੇ ਮਨਾਇਆ ਗਿਆ












**ਫਰੀਮਾਂਟ, (ਪੰਜਾਬ ਮੇਲ)-** ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਜੀ, ਭਾਈ ਝਿਲਮਣ ਸਿੰਘ ਜੀ, ਭਾਈ ਬਲਧੀਰ ਸਿੰਘ ਜੀ ਅਤੇ ਭਾਈ ਹਰਮਿੰਦਰ ਸਿੰਘ ਜੀ ਦਾ 39ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ, ਜਿਸ ਵਿਚ ਬੇ ਏਰੀਆ ਦੀ ਸੰਗਤ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰ ਕੇ ਸ਼ਹੀਦ ਸਿੰਘਾਂ ਨੂੰ ਨਮਨ ਕੀਤਾ ਗਿਆ। ਇਸ ਮੌਕੇ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਵਲੋਂ ਸ਼ਹੀਦ ਸਿੰਘਾਂ ਦੇ ਜੀਵਨ, ਸਾਕੇ ਬਾਰੇ ਤੇ ਅੱਜ ਅਸੀਂ ਕਿਵੇਂ ਇਨ੍ਹਾਂ ਸ਼ਹਾਦਤਾਂ ਤੋਂ ਸਿੱਖ ਕੇ ਆਪਣੇ ਜੀਵਨ ਅਮਲ ਸਫਲਾ ਕਰ ਸਕਦੇ ਹਾਂ, ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਅਮਰੀਕਨ ਕਾਂਗਰਸ ਮੈਂਬਰ ਜਿੰਮੀ ਪਨੇਟਾ ਵਲੋਂ 6 ਫਰਵਰੀ 2025 ਨੂੰ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਯੂ.ਐੱਸ. ਕਾਂਗਰਸ ਦੇ ਸਦਨ ਵਿਚ ਸ਼ਰਧਾਂਜਲੀ ਦੇਣ ਤੇ ਸਾਕਾ ਨਕੋਦਰ ਦੀ ਨਾਇਨਸਾਫੀ ਤੇ ਪੁਲਿਸ ਵਲੋਂ ਬੇਗੁਨਾਹ ਨਿਹੱਥੇ ਸਿੰਘਾਂ ਦੇ ਕਤਲਾਂ ਦਾ ਮੁੱਦਾ ਅਮਰੀਕੀ ਪ੍ਰਤਿਨਿਧੀ ਸਦਨ 'ਚ ਗੰਭੀਰਤਾ ਨਾਲ ਚੁੱਕਣ ਲਈ ਉਨ੍ਹਾਂ ਦਾ ਸਿੱਖ ਕੌਮ ਵਲੋਂ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ 100 ਸਾਲਾ ਬਰਸੀ ਮੌਕੇ 2021 ਵਿਚ ਅਮਰੀਕਨ ਕਾਂਗਰਸ ਵਲੋਂ ਯੂ.ਐੱਸ. ਕਾਂਗਰਸ ਦੇ ਸਦਨ ਵਿਚ ਸ਼ਰਧਾਂਜਲੀ ਦਿੱਤੀ ਸੀ। ਸੰਗਤਾਂ ਵਲੋਂ ਕੈਲੀਫੋਰਨੀਆ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਸਾਕਾ ਨਕੋਦਰ ਦੇ 38ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸੰਗਤਾਂ ਤੇ ਸ਼ਹੀਦ ਪਰਿਵਾਰਾਂ ਨਾਲ ਕੀਤਾ ਵਾਅਦਾ ਨਿਭਾਉਂਦਿਆਂ 13 ਜੂਨ 2024 ਨੂੰ ਕੈਲੀਫੋਰਨੀਆ ਦੀ ਸੂਬਾ ਅਸੈਂਬਲੀ ਵਿਚ 4 ਫਰਵਰੀ ਨੂੰ ਹਰ ਸਾਲ ਕੈਲੀਫੋਰਨੀਆ ਸੂਬੇ ਵਿਚ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਦਾ ਮਤਾ ਨੰਬਰ 93 ਸਰਬਸੰਮਤੀ ਨਾਲ ਪਾਸ ਕਰਵਾਇਆ। ਇਸ ਤੋਂ ਪਹਿਲਾਂ ਡਾ. ਬੈਂਸ ਵਲੋਂ 1984 ਸਿੱਖ ਨਸਲਕੁਸ਼ੀ ਦਾ ਮਤਾ ਵੀ ਕੈਲੀਫੋਰਨੀਆ ਦੀ ਸੂਬਾ ਅਸੈਂਬਲੀ ਵਿਚ ਪਾਸ ਕਰਵਾਇਆ ਜਾ ਚੁੱਕਾ ਹੈ ।

ਆਉਂਦੇ ਐਤਵਾਰ 16 ਫਰਵਰੀ 2025 ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ ਅਤੇ 18 ਫਰਵਰੀ 2025 ਨੂੰ ਸੈਨਹੋਜ਼ੇ ਮੇਅਰ ਤੇ ਸਿਟੀ ਕੌਂਸਲ ਵਲੋਂ 4 ਫਰਵਰੀ 2025 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਸਬੰਧੀ ਘੋਸ਼ਣਾ ਪੱਤਰ ਦਿੱਤਾ ਜਾਵੇਗਾ।

ਗੁਰਦਵਾਰਾ ਸਾਹਿਬ ਜੀ ਦੇ ਲੰਗਰ ਹਾਲ ਵਿਚ ਸੱਤ ਸ਼ਹੀਦ ਸਿੰਘਾਂ ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ, ਸ਼ਹੀਦ ਭਾਈ ਜੁਗਰਾਜ ਸਿੰਘ, ਭਾਈ ਗੁਰਸਾਹਿਬ ਸਿੰਘ ਚੰਗਿਆੜਾ, ਸ਼ਹੀਦ ਭਾਈ ਬਲਬੀਰ ਸਿੰਘ ਰਾਏਪੁਰ, ਸ਼ਹੀਦ ਭਾਈ ਅਜੀਤਪਾਲ ਸਿੰਘ ਹੁਸ਼ਿਆਰਪੁਰ ਅਤੇ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ।

ਕੈਨੇਡਾ ਦੇ ਅਲਬਰਟਾ ਸੂਬੇ ਦੇ ਗੁਰਦੁਆਰਾ ਸਾਹਿਬ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਵੀ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ।

# ਟਰੰਪ ਵੱਲੋਂ ਉਸ ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲੇ 2 ਲੋਕਾਂ ਬਾਰੇ ਸੀਕ੍ਰੇਟ ਸਰਵਿਸ ਨੂੰ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਿਰਦੇਸ਼



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਸੀਕ੍ਰੇਟ ਸਰਵਿਸ ਨੂੰ ਉਨ੍ਹਾਂ 2 ਲੋਕਾਂ ਬਾਰੇ ਸਾਰੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਨੇ ਪਿਛਲੇ ਸਾਲ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਟਰੰਪ ਨੇ ਕਿਹਾ, "ਮੈਂ ਦੋਵਾਂ ਕਾਤਲਾਂ ਬਾਰੇ ਪਤਾ ਲਗਾਉਣਾ ਚਾਹੁੰਦਾ ਹਾਂ। ਇੱਕ ਵਿਅਕਤੀ ਕੋਲ 6 ਸੈੱਲਫੋਨ ਕਿਉਂ ਸਨ ਅਤੇ ਦੂਜੇ ਵਿਅਕਤੀ ਕੋਲ ਵਿਦੇਸ਼ੀ ਐਪਸ ਕਿਉਂ ਸਨ ?" ਉਨ੍ਹਾਂ ਕਿਹਾ ਕਿ ਉਹ "ਜਾਣਨ ਦੇ ਹੱਕਦਾਰ ਹੈ। ਮੈਂ ਹੁਣ ਬਾਇਡਨ ਕਾਰਨ ਪਿੱਛੇ ਨਹੀਂ ਹਟਣ ਵਾਲਾ ਹਾਂ। ਮੈਂ ਜਾਣਨ ਦਾ ਹੱਕਦਾਰ ਹਾਂ।"

ਟਰੰਪ ਦੇ ਕਤਲ ਦੀ ਪਹਿਲੀ ਕੋਸ਼ਿਸ਼ 13 ਜੁਲਾਈ 2024 ਨੂੰ ਪੈਨਸਿਲਵੇਨੀਆ ਵਿਚ ਉਨ੍ਹਾਂ ਦੇ ਚੋਣ ਪ੍ਰਚਾਰ ਭਾਸ਼ਣ ਦੌਰਾਨ ਹੋਈ ਸੀ। ਟਰੰਪ ਦੇ ਕੰਨ ਦੇ ਕੋਲੋਂ ਗੋਲੀ ਛੂਹ ਕੇ ਲੰਘ ਗਈ ਸੀ। ਇਸ ਹਮਲੇ ਵਿਚ ਇੱਕ ਦਰਸ਼ਕ ਮਾਰਿਆ ਗਿਆ ਅਤੇ 2 ਹੋਰ ਜ਼ਖਮੀ ਹੋ ਗਏ ਸਨ। ਅਮਰੀਕੀ ਗੁਪਤ ਸੇਵਾ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਸ਼ੱਕੀ 20 ਸਾਲਾ ਥਾਮਸ ਮੈਥਿਊ ਕਰੂਕਸ ਨੂੰ ਮਾਰ ਦਿੱਤਾ ਹੈ, ਜਿਸਨੇ ਸਟੇਜ ਵੱਲ ਕਈ ਗੋਲੀਆਂ ਚਲਾਈਆਂ ਸਨ। ਉਹ ਉਸ ਖੇਤਰ ਦੇ ਬਾਹਰ ਅਤੇ ਸਮਾਗਮ ਵਾਲੀ ਥਾਂ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਇੱਕ ਉਦਯੋਗਿਕ ਇਮਾਰਤ ਦੀ ਛੱਤ 'ਤੇ ਲੁਕਿਆ ਹੋਇਆ ਸੀ। ਟਰੰਪ ਦੇ ਕਤਲ ਦੀ ਦੂਜੀ ਕੋਸ਼ਿਸ਼ 15 ਸਤੰਬਰ 2024 ਨੂੰ ਫਲੋਰੀਡਾ ਵਿਚ ਉਨ੍ਹਾਂ ਦੇ ਗੋਲਫ ਕਲੱਬ ਦੇ ਨੇੜੇ ਹੋਈ ਸੀ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਅਨੁਸਾਰ, ਸੀਕਰੇਟ ਸਰਵਿਸ ਦੇ ਅਧਿਕਾਰੀਆਂ ਨੇ ਹਮਲਾਵਰ 'ਤੇ ਗੋਲੀਬਾਰੀ ਕੀਤੀ, ਜੋ ਝਾੜੀਆਂ ਵਿਚ ਲੁਕਿਆ ਹੋਇਆ ਸੀ। ਉਸ ਆਦਮੀ ਨੇ ਕਾਰ ਵਿਚ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਹਿਰਾਸਤ ਵਿਚ ਲੈ ਲਿਆ ਗਿਆ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**





EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ ’ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ ’ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year
Special
Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਟੀਮ ਸਨਮਾਨਿਤ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਨੂੰ ਦੇਖਦਿਆਂ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਪਿੰਡ ਮਹਾਬੱਦਰ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਨੂੰ ਇੱਕ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਮੁਕਤਸਰ ਸਾਹਿਬ ਵਿਖੇ 270 ਵਿਧਵਾਵਾਂ, ਬੇਸਹਾਰਾ ਬਜ਼ੁਰਗਾਂ, ਅੰਗਹੀਣਾਂ, ਬੇਸਹਾਰਾ ਬੱਚਿਆਂ ਨੂੰ ਲਗਾਤਾਰ ਮਹੀਨਾਵਾਰ ਪੈਨਸ਼ਨਾਂ ਦਿੱਤੀਆਂ ਜਾ ਰਹੀਆਂ ਹਨ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ 95 ਦੇ ਕਰੀਬ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਏ ਗਏ ਹਨ, ਆਰਥਿਕ ਤੌਰ ’ਤੇ ਕਮਜ਼ੋਰ ਪੜ੍ਹਾਈ ਵਿਚ ਹੁਸ਼ਿਆਰ ਬੱਚਿਆਂ ਦੀ ਬਹੁਤ ਵੱਡੀ ਗਿਣਤੀ ਵਿਚ ਮਦਦ ਕੀਤੀ ਜਾ ਰਹੀ ਹੈ, ਲੋਕਾਂ ਨੂੰ ਗਿਆਨ ਦਾ ਪ੍ਰਕਾਸ਼ ਕਰਵਾਉਣ ਲਈ ਪਿੰਡਾਂ ਵਿਚ ਮੁਫ਼ਤ ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ ਹਨ, ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਅਤੇ ਗਿਦੜਬਾਹਾ ਦੇ ਸਰਕਾਰੀ ਹਸਪਤਾਲ ਵਿਚ ਮੁਫ਼ਤ ਡਾਇਲਸਿਸ ਮਸ਼ੀਨਾਂ ਦਿੱਤੀਆਂ ਗਈਆਂ ਹਨ, ਆਧੁਨਿਕ ਤਕਨੀਕਾਂ ਨਾਲ ਲੈਸ ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਸ੍ਰੀ ਮੁਕਤਸਰ ਸਾਹਿਬ ਵਿਖੇ ਖੋਲ੍ਹ ਕੇ ਲੋਕਾਂ ਨੂੰ ਬਹੁਤ ਹੀ ਘੱਟ ਰੇਟਾਂ ’ਤੇ ਬਲੱਡ ਟੈਸਟ ਕੀਤੇ ਜਾ ਰਹੇ ਹਨ, ਸੰਨੀ ਓਬਰਾਏ ਸਵੈਂ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਮੁਫ਼ਤ ਸਿਖਲਾਈ ਸੈਂਟਰ ਖੋਲ੍ਹ ਕੇ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ। ਇਨ੍ਹਾਂ ਕਾਰਵਾਈਆਂ ਨੂੰ ਦੇਖਦੇ ਹੋਏ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੀ ਮੁਕਤਸਰ ਸਾਹਿਬ ਟੀਮ ਰਾਹੀਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਸਨਮਾਨ ਕੀਤਾ ਗਿਆ ਹੈ ਅਤੇ ਡਾਕਟਰ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ ਗਈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਸਕੱਤਰ, ਮੈਡਮ ਕਰਮਜੀਤ ਕੌਰ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਸੋਮਨਾਥ ਆਦਿ ਹਾਜ਼ਰ ਸਨ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

## ਪੰਜਾਬ ’ਚ ਕੈਦੀਆਂ ਦੀ ਸਜ਼ਾ ਮੁਆਫ਼ੀ ਬਾਰੇ ਅਹਿਮ ਫ਼ੈਸਲਾ

### -ਦੋਸ਼ੀਆਂ ਦੀ ਸਜ਼ਾ ਮੁਆਫੀ ਦੇ ਕੇਸ ਕੈਬਨਿਟ ਰਾਹੀਂ ਭੇਜਣ ਦੀ ਬਜਾਏ ਸਿੱਧੇ ਮੁੱਖ ਮੰਤਰੀ ਰਾਹੀਂ ਭੇਜਣ : ਰਾਜਪਾਲ



**ਚੰਡੀਗੜ੍ਹ, (ਪੰਜਾਬ ਮੇਲ)-** ਰਾਜਪਾਲ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਉਹ ਦੋਸ਼ੀਆਂ ਦੀ ਸਜ਼ਾ ਮੁਆਫ਼ੀ ਦੇ ਕੇਸ ਕੈਬਨਿਟ ਰਾਹੀਂ ਭੇਜਣ ਦੀ ਬਜਾਏ ਸਿੱਧੇ ਮੁੱਖ ਮੰਤਰੀ ਰਾਹੀਂ ਭੇਜਣ। ਸਾਬਕਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਜੇਲ੍ਹ ’ਚ ਬੰਦ ਕੈਦੀਆਂ ਦੀ ਸਜ਼ਾ ’ਚ ਰਾਹਤ ਜਾਂ ਮੁਆਫ਼ੀ ਦੇਣ ਸਬੰਧੀ ਲਏ ਗਏ ਫ਼ੈਸਲੇ ਨੂੰ ਮੌਜੂਦਾ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪਲਟ ਦਿੱਤਾ ਹੈ।

ਕੈਦੀਆਂ ਦੀ ਸਜ਼ਾ ਮੁਆਫ਼ੀ ਸਬੰਧੀ ਫਾਈਲਾਂ ਗਣਤੰਤਰ ਦਿਹਾੜੇ ਤੋਂ ਪਹਿਲਾਂ ਪਾਸ ਕੀਤੀਆਂ ਜਾਂਦੀਆਂ ਸਨ ਪਰ ਦਿੱਲੀ ਵਿਧਾਨ ਸਭਾ ਚੋਣਾਂ ’ਚ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਾਰੇ ਮੰਤਰੀਆਂ ਦੇ ਰੁਝੇਵਿਆਂ ਕਾਰਨ ਇਹ ਫਾਈਲਾਂ ਪਾਸ ਨਹੀਂ ਹੋ ਸਕੀਆਂ।

ਹੁਣ ਰਾਜਪਾਲ ਨੇ ਆਪਣੀ ਮਨਜ਼ੂਰੀ ਦੇ ਦਿੱਤੀ ਹੈ ਕਿ ਅਜਿਹੇ ਕੇਸ ਕੈਬਨਿਟ ’ਚ ਲਿਆਂਦੇ ਬਿਨਾਂ ਸਿੱਧੇ ਉਨ੍ਹਾਂ ਨੂੰ ਭੇਜੇ ਜਾ ਸਕਦੇ ਹਨ। ਹੁਣ ਕੈਦੀਆਂ ਦੀ ਸਜ਼ਾ ’ਚ ਰਾਹਤ ਦੇ ਮਾਮਲਿਆਂ ਨੂੰ ਹੱਲ ਕਰਨ ’ਚ ਕੋਈ ਦੇਰੀ ਨਹੀਂ ਹੋਵੇਗੀ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਿਦੇਸ਼ ਵਿਚੋਂ ਆਉਂਦੀਆਂ ਮ੍ਰਿਤਕ ਦੇਹਾਂ ਅਤੇ ਬੀਮਾਰ ਲੋਕਾਂ ਨੂੰ ਹਵਾਈ ਅੱਡੇ ਤੋਂ ਮੁਫ਼ਤ ਘਰ ਭੇਜੇਗਾ : ਡਾ. ਓਬਰਾਏ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਹੁਣ ਇੱਕ ਬਹੁਤ ਵੱਡਾ ਉਪਰਾਲਾ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੀ 450ਵੀਂ ਗੁਰਗੱਦੀ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਹਵਾਈ ਅੱਡੇ ’ਤੇ ਵਿਦੇਸ਼ ਵਿਚੋਂ ਆਉਂਦੀਆਂ ਮ੍ਰਿਤਕ ਦੇਹਾਂ ਅਤੇ ਬੀਮਾਰ ਲੋੜਵੰਦ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਸਵ ਵੈਨ/ਐਂਬੂਲੈਂਸ ਰਾਹੀਂ ਮੁਫ਼ਤ ਭੇਜਿਆ ਜਾਵੇਗਾ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਡਾਕਟਰ ਓਬਰਾਏ ਵਲੋਂ ਪਿਛਲੇ ਲੰਮੇ ਸਮੇਂ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਵਿਦੇਸ਼ਾਂ ਵਿਚੋਂ ਆਪਣੇ ਖਰਚੇ ’ਤੇ ਮ੍ਰਿਤਕ ਦੇਹਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਮੁਫ਼ਤ ਭੇਜਿਆ ਜਾ ਚੁੱਕਾ ਹੈ ਅਤੇ ਹੁਣ ਇਹ ਸੇਵਾ ਮੁਫਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਅੰਮ੍ਰਿਤਸਰ ਸਾਹਿਬ ਰਾਹੀਂ ਕੀਤੀ ਜਾਵੇਗੀ ਅਤੇ ਡਾਕਟਰ ਓਬਰਾਏ ਵਲੋਂ ਅੰਮ੍ਰਿਤਸਰ ਇਕਾਈ ਨੂੰ ਐਂਬੂਲੈਂਸ ਦੇ ਦਿੱਤੀ ਗਈ ਹੈ। ਡਾਕਟਰ ਓਬਰਾਏ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਅਰਬ ਦੇਸ਼ਾਂ ਅਤੇ ਹੋਰ ਥਾਵਾਂ ਤੋਂ ਆਉਂਦੀ ਮ੍ਰਿਤਕ ਦੇਹਾਂ ਨੂੰ ਘਰੋਂ-ਘਰੀਂ ਪਹੁੰਚਾਉਂਦੇ ਹੋਏ ਮਹਿਸੂਸ ਕੀਤਾ ਕਿ ਵੱਡੀ ਗਿਣਤੀ ਵਿਚ ਲੋਕਾਂ ਕੋਲ ਵਿਦੇਸ਼ ਵਿਚੋਂ ਆਉਂਦੀਆਂ ਮ੍ਰਿਤਕ ਦੇਹਾਂ ਅਤੇ ਬੀਮਾਰ ਵਿਅਕਤੀਆਂ ਨੂੰ ਘਰੇ ਲੈ ਕੇ ਜਾਣ ਲਈ ਆਰਥਿਕ ਮਜਬੂਰੀਆਂ ਕਾਰਨ ਸਾਧਣ ਨਹੀਂ ਹੁੰਦੇ। ਇਨ੍ਹਾਂ ਮਜਬੂਰੀਆਂ ਦੇ ਮੱਦੇਨਜ਼ਰ ਮੈਂ ਫੈਸਲਾ ਕੀਤਾ ਕਿ ਇਹ ਸੇਵਾਵਾਂ ਟਰੱਸਟ ਵੱਲੋਂ ਮੁਫ਼ਤ ਦਿੱਤੀਆਂ ਜਾਣਗੀਆਂ ਅਤੇ ਇਹ ਸੇਵਾ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਵੀ ਜਾਰੀ ਰਹੇਗੀ। ਡਾਕਟਰ ਐੱਸ.ਪੀ. ਸਿੰਘ ਓਬਰਾਏ ਨੇ ਲੋਕਾਂ ਨੂੰ ਪੁਰਜ਼ੋਰ ਅਪੀਲ ਵੀ ਕੀਤੀ ਕਿ ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਪਹਿਲਾਂ ਇਸ ਦੀ ਚੰਗੀ ਤਰ੍ਹਾਂ ਜਾਣਕਾਰੀ ਲੈਣੀ ਚਾਹੀਦੀ ਹੈ ਅਤੇ ਉੱਚ ਸਿੱਖਿਆ, ਵਧੀਆ ਕੰਮ ਪ੍ਰਤੀ ਤਜ਼ਰਬਾ ਅਤੇ ਸਹੀ ਦਸਤਾਵੇਜ਼ਾਂ ਉਪਰੰਤ ਹੀ ਵਿਦੇਸ਼ ਜਾਣਾ ਚਾਹੀਦਾ ਹੈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 270 ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ’ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੋ ਲੱਖ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਸ. ਬਲਦੇਵ ਸਿੰਘ ਬੇਦੀ ਰਿਟਾਇਰਡ ਡੀ.ਈ.ਓ. ਅਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਅਰਵਿੰਦਰ ਪਾਲ ਸਿੰਘ

## 2,20,000 ਰੁਪਏ ਦੀ ਰਾਸ਼ੀ ਤਕਸੀਮ

ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਇਹ ਸਹਾਇਤਾ ਰਾਸ਼ੀ ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਬੱਚਿਆਂ, ਬੇਸਹਾਰਾ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਗਈ। ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ ਅਤੇ ਹਰ ਮਹੀਨੇ ਲੋੜਵੰਦ ਲੋਕਾਂ ਦੀ ਲੜੀ ਬਹੁਤ ਵੱਡੀ ਹੁੰਦੀ ਜਾ ਰਹੀ ਹੈ। ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ ਜਰਨਲ ਸਕੱਤਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 8 ਮੁਫਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਸਿਲਾਈ, ਕੰਪਿਊਟਰ) ਵੀ ਚੱਲ ਰਹੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਇਸ ਸਮਾਗਮ ਵਿਚ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ ਅਤੇ ਕਿਹਾ ਕਿ ਇਹ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ ਕਿਉਂਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਸ ਮੌਕੇ ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਚਰਨਜੀਤ ਸਿੰਘ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਸੋਮਨਾਥ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ ਆਦਿ ਹਾਜ਼ਰ ਸਨ।

## ਨੌਜਵਾਨਾਂ ਨੂੰ ਗਲਤ ਤਰੀਕੇ ਨਾਲ ਅਮਰੀਕਾ ਭੇਜਣ ਵਾਲੇ ਟਰੈਵਲ ਏਜੰਟਾਂ ਵਿਰੁੱਧ ਪੰਜਾਬ ’ਚ ਕਾਰਵਾਈ ਸ਼ੁਰੂ

**ਅੰਮ੍ਰਿਤਸਰ, (ਪੰਜਾਬ ਮੇਲ)**- ਨੌਜਵਾਨਾਂ ਨੂੰ ਗਲਤ ਤਰੀਕੇ ਨਾਲ ਅਮਰੀਕਾ ਭੇਜਣ ਵਾਲੇ ਟਰੈਵਲ ਏਜੰਟ ਵਿਰੁੱਧ ਪੰਜਾਬ ’ਚ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੀ ਜਾਣਕਾਰੀ ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਸੋਹਲ ਨੇ ਦਿੱਤੀ ਹੈ। ਨੌਜਵਾਨਾਂ ਨੂੰ ਗਲਤ ਤਰੀਕੇ ਨਾਲ ਅਮਰੀਕਾ ਭੇਜਣ ਵਾਲੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ। ਇਸ ਲਈ ਏਜੰਟਾਂ ਦੀ ਛਾਪੇਮਾਰੀ ਲਈ ਪੁਲਿਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਜ਼ਿਲ੍ਹਿਆਂ ’ਚ ਭੇਜੀਆਂ ਜਾ ਰਹੀਆਂ ਹਨ। ਐੱਸ.ਐੱਸ.ਪੀ. ਦਾ ਕਹਿਣਾ ਹੈ ਕਿ ਜੇਕਰ ਕਿਸੇ ਵੀ ਟਰੈਵਲ ਏਜੰਟ ਖ਼ਿਲਾਫ਼ ਸ਼ਿਕਾਇਤ ਆਉਂਦੀ ਹੈ, ਉਸ ’ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇੱਥੇ ਦੱਸ ਦੇਈਏ ਕਿ ਅਮਰੀਕਾ ਸਰਕਾਰ ਵੱਲੋਂ 104 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਸੀ, ਜਿਸ ’ਚ ਅੰਮ੍ਰਿਤਸਰ ਦੇ ਪਿੰਡ ਸਲੇਮਪੁਰਾ ਦੇ ਨੌਜਵਾਨ ਦਲੇਰ ਸਿੰਘ ਦੀ ਸ਼ਿਕਾਇਤ ’ਤੇ ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਥਾਣਾ ਰਾਇਆ ਵੱਲੋਂ ਟਰੈਵਲ ਏਜੰਟ ਸਤਨਾਮ ਸਿੰਘ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਸੋਹਲ ਨੇ ਦੱਸਿਆ ਕਿ ਅਮਰੀਕਾ ਤੋਂ ਡਿਪੋਰਟ ਹੋਏ ਦਲੇਰ ਸਿੰਘ ਵੱਲੋਂ ਸ਼ਿਕਾਇਤ ਦਿੱਤੀ ਗਈ ਸੀ ਕਿ ਟਰੈਵਲ ਏਜੰਟ ਵੱਲੋਂ 60 ਲੱਖ ਰੁਪਏ ਲੈ ਕੇ ਗਲਤ ਤਰੀਕੇ ਨਾਲ ਅਮਰੀਕਾ ਭੇਜਿਆ ਗਿਆ ਸੀ, ਜਿਸ ਦੇ ਚਲਦੇ ਪੁਲਿਸ ਵੱਲੋਂ ਉਸ ਸ਼ਿਕਾਇਤ ’ਤੇ ਕਾਰਵਾਈ ਕਰਦੇ ਹੋਏ ਟਰੈਵਲ ਏਜੰਟ ਸਤਨਾਮ ਸਿੰਘ ਵਿਰੁੱਧ ਕਾਰਵਾਈ ਕੀਤੀ ਗਈ ਹੈ।

# ਡੰਕੀ ਲਾ ਅਮਰੀਕਾ ਜਾ ਰਹੇ ਪੰਜਾਬੀ ਨੌਜਵਾਨ ਦੀ ਮੌਤ

**ਅੰਮ੍ਰਿਤਸਰ, (ਪੰਜਾਬ ਮੇਲ)**- ਅੰਮ੍ਰਿਤਸਰ ਸਥਿਤ ਅਜਨਾਲਾ ਦੇ ਰਮਦਾਸ ਦੇ ਰਹਿਣ ਵਾਲੇ ਇੱਕ ਨੌਜਵਾਨ ਦੀ ਵਿਦੇਸ਼ ਜਾਂਦੇ ਸਮੇਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਦੋਸ਼ ਹੈ ਕਿ ਟ੍ਰੈਵਲ ਏਜੰਟ ਨੌਜਵਾਨ ਨੂੰ ਡੰਕੀ ਰਾਹੀਂ ਅਮਰੀਕਾ ਭੇਜ ਰਿਹਾ ਸੀ। ਟ੍ਰੈਵਲ ਏਜੰਟਾਂ ਨੇ ਨੌਜਵਾਨ ਨੂੰ ਅਮਰੀਕਾ ਭੇਜਣ ਲਈ ਉਸਦੇ ਪਰਿਵਾਰ ਤੋਂ 36 ਲੱਖ ਰੁਪਏ ਵਸੂਲੇ ਸਨ।

ਜਾਣਕਾਰੀ ਮੁਤਾਬਕ, ਮ੍ਰਿਤਕ ਨੌਜਵਾਨ ਦੀ ਪਛਾਣ ਗੁਰਪ੍ਰੀਤ ਵਾਸੀ ਰਮਦਾਸ (33) ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਟ੍ਰੈਵਲ ਏਜੰਟ ਗੁਰਪ੍ਰੀਤ ਨੂੰ ਡੰਕੀ ਰਾਹੀਂ ਅਮਰੀਕਾ ਭੇਜ ਰਿਹਾ ਸੀ। ਇਸ

## ਏਜੰਟ ਨੇ ਵਸੂਲੇ ਸਨ 36 ਲੱਖ

ਦੌਰਾਨ ਗੁਰਪ੍ਰੀਤ ਨੂੰ ਗੁਆਟੇਮਾਲਾ (ਮੈਕਸੀਕੋ) ਨੇੜੇ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਦੀ ਉਥੇ ਹੀ ਮੌਤ ਹੋ ਗਈ।

ਹਾਲ ਹੀ ਵਿਚ ਇੱਕ ਅਮਰੀਕੀ ਫੌਜੀ ਜਹਾਜ਼ 104 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਹੁੰਚਿਆ ਸੀ। ਡਿਪੋਰਟ ਕੀਤੇ ਗਏ ਲੋਕਾਂ ਵਿਚ ਪੰਜਾਬ ਦੇ 30, ਹਰਿਆਣਾ ਦੇ 33, ਗੁਜਰਾਤ ਦੇ 33, ਮਹਾਰਾਸ਼ਟਰ ਦੇ 3, ਉੱਤਰ ਪ੍ਰਦੇਸ਼ ਦੇ 3 ਅਤੇ ਚੰਡੀਗੜ੍ਹ ਦੇ 2 ਲੋਕ ਸ਼ਾਮਲ ਸਨ।

# ਭਾਰਤ-ਪਾਕਿਸਤਾਨ ਸਰਹੱਦ ’ਤੇ ਗੈਰ-ਕਾਨੂੰਨੀ ਮਾਈਨਿੰਗ ਦੀ ਜਾਂਚ ਕਰੇਗਾ ਸਰਵੇ ਆਫ਼ ਇੰਡੀਆ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ-ਹਰਿਆਣਾ ਹਾਈ ਕੋਰਟ ਨੇ ਭਾਰਤ-ਪਾਕਿਸਤਾਨ ਸਰਹੱਦ ’ਤੇ ਗੈਰ-ਕਾਨੂੰਨੀ ਮਾਈਨਿੰਗ ਦੀ ਜਾਂਚ ਲਈ ਸਰਵੇ ਆਫ਼ ਇੰਡੀਆ ਨੂੰ ਸਰਵੇਖਣ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਨੇ ਇਸ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਤੇ ਕਿਹਾ ਕਿ ਇਸ ’ਚ ਹੋਣ ਵਾਲਾ ਖਰਚਾ ਕੌਣ ਕਰੇਗਾ, ਇਸ ਦਾ ਫੈਸਲਾ ਬਾਅਦ ਵਿਚ ਕੀਤਾ ਜਾਵੇਗਾ। ਚੰਡੀਗੜ੍ਹ ਵਾਸੀ ਗੁਰਬੀਰ ਸਿੰਘ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਪੰਜਾਬ ਵਿਚ ਗੈਰ-ਕਾਨੂੰਨੀ ਮਾਈਨਿੰਗ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਪੰਜਾਬ ਸਰਕਾਰ ਨੂੰ ਹਰ ਸਾਲ ਲਗਭਗ 10 ਹਜ਼ਾਰ ਕਰੋੜ ਰੁਪਏ ਦਾ ਮਾਲੀਆ ਘਾਟਾ ਪੈ ਰਿਹਾ ਹੈ। ਇਸ ਨਾਲ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਹੁੰਦਾ ਹੈ, ਸਗੋਂ ਕੁਦਰਤੀ ਆਫ਼ਤ ਦਾ ਡਰ ਵੀ ਵਧਦਾ ਹੈ। ਕੇਂਦਰ ਨੇ ਕਿਹਾ ਸੀ ਕਿ ਬੀ.ਐੱਸ.ਐਫ., ਫੌਜ ਤੇ ਕੇਂਦਰ ਸਰਕਾਰ ਵੀ ਗੈਰ-ਕਾਨੂੰਨੀ ਮਾਈਨਿੰਗ ਤੇ ਇਸ ਰਾਹੀਂ ਸਰਹੱਦੀ ਖੇਤਰਾਂ ਵਿਚ ਹੋ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਕੰਮ ਕਰ ਰਹੀਆਂ ਹਨ।




# ਟਰੰਪ ਨੇ ਅਮਰੀਕਾ ਨੂੰ ਯੂ.ਐੱਨ. ਮਨੁੱਖੀ ਅਧਿਕਾਰ ਕੌਂਸਲ ਤੋਂ ਕੀਤਾ ਵੱਖ



ਨਿਊਯਾਰਕ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ.ਐੱਨ.ਐੱਚ.ਆਰ.ਸੀ.) ਤੋਂ ਅਮਰੀਕਾ ਦੇ ਵੱਖ ਹੋਣ ਸਬੰਧੀ ਇਕ ਸਰਕਾਰੀ ਹੁਕਮ 'ਤੇ ਹਸਤਾਖ਼ਰ ਕੀਤੇ ਅਤੇ ਫਲਸਤੀਨੀ ਸ਼ਰਨਾਰਥੀਆਂ ਲਈ ਏਜੰਸੀ ਨੂੰ ਭਵਿੱਖ 'ਚ ਸਹਾਇਤਾ ਰਾਸ਼ੀ ਜਾਰੀ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ।

ਟਰੰਪ ਨੇ ਬੀਤੇ ਦਿਨੀਂ ਆਪਣੇ ਪ੍ਰਸ਼ਾਸਨ ਨੂੰ ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਤੇ ਸੱਭਿਆਚਾਰਕ ਸੰਗਠਨ (ਯੂਨੈਸਕੋ) 'ਚ ਉਸ ਦੀ ਭਾਗੀਦਾਰੀ ਦੀ ਸਮੀਖਿਆ ਕਰਨ ਦਾ ਵੀ ਨਿਰਦੇਸ਼ ਦਿੱਤਾ। ਸਰਕਾਰੀ ਹੁਕਮ 'ਚ ਕਿਹਾ ਗਿਆ, "ਅਮਰੀਕਾ ਨੇ ਦੂਜੀ ਸੰਸਾਰ ਜੰਗ ਮਗਰੋਂ ਭਵਿੱਖ ਦੇ ਆਲਮੀ ਸੰਘਰਸ਼ ਰੋਕਣ ਤੇ ਕੌਮਾਂਤਰੀ ਅਮਨ ਤੇ ਸੁਰੱਖਿਆ ਨੂੰ ਹੁਲਾਰਾ ਦੇਣ ਲਈ ਸੰਯੁਕਤ ਰਾਸ਼ਟਰ ਦੀ ਸਥਾਪਨਾ 'ਚ ਮਦਦ ਕੀਤੀ ਸੀ ਪਰ ਇਸ ਦੀਆਂ ਕੁਝ ਏਜੰਸੀਆਂ ਤੇ ਇਕਾਈਆਂ ਇਸ ਮਿਸ਼ਨ ਤੋਂ ਭਟਕ ਗਈਆਂ ਹਨ ਅਤੇ ਇਸ ਦੀ ਥਾਂ ਅਮਰੀਕਾ ਦੇ ਹਿੱਤਾਂ ਖ਼ਿਲਾਫ਼ ਕੰਮ ਕਰਕੇ ਸਾਡੇ ਸਹਿਯੋਗੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਯਹੂਦੀ ਵਿਰੋਧੀ ਪ੍ਰਚਾਰ ਕੀਤਾ ਜਾ ਰਿਹਾ ਹੈ।" ਹੁਕਮਾਂ 'ਚ ਕਿਹਾ ਗਿਆ ਹੈ ਕਿ 2018 ਦੀ ਤਰ੍ਹਾਂ ਅਮਰੀਕਾ ਇਨ੍ਹਾਂ ਸੰਸਥਾਵਾਂ ਤੇ ਸੰਯੁਕਤ ਰਾਸ਼ਟਰ ਦੇ ਤਿੰਨ ਸੰਗਠਨਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਦਾ ਮੁਲਾਂਕਣ ਕਰੇਗਾ, ਜਿਨ੍ਹਾਂ ਦੀ ਨਵੇਂ ਸਿਰੇ ਤੋਂ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ 'ਚ ਯੂ.ਐੱਨ.ਐੱਚ.ਆਰ.ਸੀ., ਯੂਨੈਸਕੋ ਤੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਰਾਹਤ ਤੇ ਬਚਾਅ ਏਜੰਸੀ ਦਾ ਨਾਂ ਸ਼ਾਮਲ ਹੈ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਜਗਤਾਰ ਹਵਾਰਾ ਦੀ ਪਟੀਸ਼ਨ ਦਾ ਵਿਰੋਧ

## ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ ਦਾ ਮਾਮਲਾ



ਨਵੀਂ ਦਿੱਲੀ, (ਪੰਜਾਬ ਮੇਲ)- ਪੰਜਾਬ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ (54) ਦੀ ਤਿਹਾੜ ਜੇਲ੍ਹ 'ਚੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕੀਤੇ ਜਾਣ ਦੀ ਮੰਗ ਕਰਦੀ ਪਟੀਸ਼ਨ ਦਾ ਵਿਰੋਧ ਕੀਤਾ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਹਵਾਰਾ ਨੂੰ ਪੰਜਾਬ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਸ ਖਿਲਾਫ਼ ਚੰਡੀਗੜ੍ਹ ਵਿਚ ਮੁਕੱਦਮਾ ਜਾਰੀ ਹੈ।

ਪੰਜਾਬ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਜਸਟਿਸ ਬੀ. ਆਰ. ਗਵਈ ਦੀ ਅਗਵਾਈ ਵਾਲੇ ਬੈਂਚ ਨੂੰ ਕਿਹਾ, "ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਨੂੰ ਲੈ ਕੇ ਹਵਾਰਾ ਕੋਈ ਦਾਅਵਾ ਨਹੀਂ ਕਰ ਸਕਦਾ। ਜੇ ਉਸ ਨੂੰ ਤਬਦੀਲ ਕਰਨਾ ਹੀ ਹੈ, ਤਾਂ ਫਿਰ ਯੂ.ਟੀ. ਚੰਡੀਗੜ੍ਹ ਦੀ ਜੇਲ੍ਹ ਵਿਚ ਕੀਤਾ ਜਾਵੇ।" ਸਿੰਘ ਨੇ ਬੈਂਚ ਨੂੰ ਦੱਸਿਆ ਕਿ ਦਿੱਲੀ ਹਾਈ ਕੋਰਟ 2018 ਵਿਚ ਹਵਾਰਾ ਦੀ ਮਿਲਦੀ-ਜੁਲਦੀ ਪਟੀਸ਼ਨ ਖਾਰਜ ਕਰ ਚੁੱਕੀ ਹੈ।

ਐਡਵੋਕੇਟ ਜਨਰਲ ਨੇ ਕਿਹਾ ਕਿ ਹਵਾਰਾ 'ਚ ਚੰਡੀਗੜ੍ਹ ਵਿਚ ਮੁਕੱਦਮਾ ਚੱਲ ਰਿਹਾ ਸੀ, ਜਿੱਥੇ ਉਸ ਨੇ ਜੇਲ੍ਹ ਤੋੜੀ ਸੀ। ਪੰਜਾਬ ਜੇਲ੍ਹ ਦੇ ਨਿਯਮ ਚੰਡੀਗੜ੍ਹ ਵਿਚ ਲਾਗੂ ਨਹੀਂ ਹੁੰਦੇ। ਸਿੰਘ ਨੇ ਕਿਹਾ ਕਿ ਦਿੱਲੀ ਨੇ ਬੀਤੇ ਵਿਚ ਸਟੈਂਡ ਲਿਆ ਸੀ ਕਿ ਹਵਾਰਾ ਨੂੰ ਪੰਜਾਬ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਰਹੱਦੀ ਰਾਜ ਹੈ ਤੇ ਉਹ ਚਾਹੁੰਦਾ ਹੈ, ਤਾਂ ਉਸ ਨੂੰ ਵਾਪਸ ਚੰਡੀਗੜ੍ਹ ਭੇਜਿਆ ਜਾ ਸਕਦਾ ਹੈ।

ਬੈਂਚ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ, ਦਿੱਲੀ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਚਾਰ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ। ਹਵਾਰਾ ਨੇ ਦਾਅਵਾ ਕੀਤਾ ਸੀ ਕਿ ਜੇਲ੍ਹ ਵਿਚ ਉਸ ਦਾ ਵਿਹਾਰ ਬਹੁਤ ਵਧੀਆ ਹੈ ਤੇ ਜਦੋਂ ਇਹ ਅਪਰਾਧ ਹੋਇਆ ਉਦੋਂ ਪੰਜਾਬ ਵਿਚ ਸਮਾਜਿਕ ਬੇਚੈਨੀ ਦਾ ਮਾਹੌਲ ਸੀ।

# ਕੈਨੇਡਾ ਤੇ ਅਮਰੀਕਾ ਦੀ ਸਰਹੱਦ ਉਪਰ ਫੜੋ-ਫੜੀ ਤੇਜ਼

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਅਤੇ ਅਮਰੀਕਾ ਸਰਹੱਦ 'ਤੇ ਹੁੰਦੀ ਨਸ਼ਿਆਂ ਅਤੇ ਮਨੁੱਖਾਂ ਦੀ ਤਸਕਰੀ ਰੋਕਣ ਲਈ ਦੋਵਾਂ ਦੇਸ਼ਾਂ ਵਿਚਕਾਰ ਗੱਲ ਵਪਾਰਕ ਜੰਗ ਅਤੇ ਰੋਕਾਂ ਲਗਾਉਣ ਤੱਕ ਪੁੱਜੀ ਹੋਈ ਹੈ। ਅਜਿਹੇ 'ਚ ਕੈਨੇਡਾ ਵਾਲੇ ਪਾਸੇ ਕੈਨੇਡਾ ਬਾਰਡਰ ਸਰਵਿਸਜ਼ ਏਜੰਸੀ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਬਾਰਡਰ ਦੀ ਗਸ਼ਤ ਵਧਾਈ ਗਈ ਹੈ। ਇਸ ਦੌਰਾਨ ਪਤਾ ਲੱਗ ਰਿਹਾ ਹੈ ਕਿ ਸਰਹੱਦ ਦੇ ਲਾਗੇ ਵਾਲੇ ਘਰਾਂ 'ਚ ਰਹਿ ਰਹੇ ਅਮਰੀਕਨਾਂ ਅਤੇ ਕੈਨੇਡੀਅਨਾਂ ਨੇ ਵੀ ਕੈਨੇਡਾ ਤੋਂ ਅਮਰੀਕਾ ਜਾਂ ਅਮਰੀਕਾ ਤੋਂ ਕੈਨੇਡਾ 'ਚ ਦਾਖਲ ਹੋਣ ਵਾਲੇ ਜਾਅਲੀ ਪ੍ਰਵਾਸੀਆਂ ਅਤੇ ਉਨ੍ਹਾਂ ਨੂੰ ਲੰਘਾਉਣ ਲਈ ਏਜੰਟਾਂ ਵੱਲੋਂ ਵਰਤੇ ਜਾਂਦੇ ਵਾਹਨਾਂ ਦੀਆਂ ਵੀਡੀਓਜ਼ ਅਤੇ ਤਸਵੀਰਾਂ ਪੁਲਿਸ ਨੂੰ ਸੌਂਪੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਸਬੂਤਾਂ ਨਾਲ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਵਾਸਤੇ ਗੈਰ-ਕਾਨੂੰਨੀ ਵਿਦੇਸ਼ੀਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਡਿਪੋਰਟ ਕਰਨਾ ਸੌਖਾ ਹੋ ਜਾਂਦਾ ਹੈ। ਬੀਤੇ ਹਫ਼ਤੇ ਇਕ ਵਾਹਨ 'ਚ ਅਮਰੀਕਾ ਤੋਂ ਕੈਨੇਡਾ 'ਚ ਲੰਘ ਰਹੇ 5 ਵਿਅਕਤੀਆਂ ਨੂੰ ਕੈਨੇਡਾ ਵਾਲੇ ਪਾਸੇ ਪੁੱਜ ਜਾਣ ਤੋਂ ਬਾਅਦ ਹਿਰਾਸਤ 'ਚ ਲਿਆ ਗਿਆ ਸੀ ਅਤੇ ਸਰੱਹਦ ਨਾਲ ਰਹਿੰਦੇ ਇਕ ਪਰਿਵਾਰ ਵੱਲੋਂ ਦਿੱਤੇ ਗਏ ਵੀਡੀਓ ਦੇ ਆਧਾਰ 'ਤੇ ਉਨ੍ਹਾਂ ਨੂੰ ਕੁਝ ਘੰਟਿਆਂ 'ਚ ਹੀ ਅਮਰੀਕੀ ਅਧਿਕਾਰੀਆਂ ਨੂੰ ਸੌਂਪਣਾ ਸੰਭਵ ਹੋਇਆ ਸੀ। ਕੈਨੇਡਾ ਅਤੇ ਅਮਰੀਕਾ ਵਿਚਕਾਰ ਲਗਭਗ 8900 ਕਿਲੋਮੀਟਰ ਲੰਬੀ ਜ਼ਮੀਨੀ ਸਰਹੱਦ ਹੈ, ਜਿਸ ਉਪਰ ਬੀਤੇ ਸਾਰੇ ਸਮਿਆਂ ਦੇ ਮੁਕਾਬਲੇ ਮੌਜੂਦਾ ਦੌਰ 'ਚ ਪਹਿਰੇਦਾਰੀ ਵਧਾਈ ਗਈ ਹੈ, ਕਿਉਂਕਿ ਜਾਅਲੀ ਤੌਰ 'ਤੇ ਦਾਖਲ ਹੋਣ ਵਾਲੇ ਭਾਰਤੀਆਂ ਸਮੇਤ ਪਾਕਿਸਤਾਨੀਆਂ, ਮੈਕਸੀਕੋ, ਅਫਰੀਕੀਆਂ ਅਤੇ ਦੱਖਣੀ ਅਮਰੀਕੀ ਦੇਸ਼ਾਂ ਦੇ ਲੋਕਾਂ ਵੱਲੋਂ ਵੀਰਾਨ ਪਏ ਜਾਂ ਸੰਘਣੀ ਆਬਾਦੀ ਵਾਲੇ ਇਲਾਕਿਆਂ ਰਾਹੀਂ ਲੁੱਕ-ਛਿਪ ਕੇ ਇਕ ਤੋਂ ਦੂਜੇ ਦੇਸ਼ 'ਚ ਵੜਨ ਦੀ ਤਾਕ 'ਚ ਰਿਹਾ ਜਾਂਦਾ ਹੈ।










# ਜਿੱਤ ਪ੍ਰਤੀ ਆਸਵੰਦ ਅਰਵਿੰਦ ਕੇਜਰੀਵਾਲ ਅਤਿ-ਉਤਸ਼ਾਹ 'ਚ ਕਰ ਗਏ 'ਸਿਆਸੀ ਗਲਤੀਆਂ'!

ਜਲੰਧਰ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਦੇ ਗਠਨ ਦੇ ਬਾਅਦ ਤੋਂ ਹੀ ਪਾਰਟੀ ਦਿੱਲੀ ਦੀ ਸੱਤਾ 'ਤੇ ਕਾਬਜ਼ ਰਹੀ ਹੈ ਅਤੇ ਇਹ ਪਹਿਲਾ ਮੌਕਾ ਹੈ ਜਦੋਂ ਦਿੱਲੀ ਵਿਚ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। 2013, 2015 ਅਤੇ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤਦੇ ਆ ਰਹੇ ਅਰਵਿੰਦ ਕੇਜਰੀਵਾਲ ਇਨ੍ਹਾਂ ਚੋਣਾਂ ਵਿਚ ਵੀ ਆਪਣੀ ਜਿੱਤ ਪ੍ਰਤੀ ਇੰਨੇ ਆਸਵੰਦ ਸਨ ਕਿ ਉਹ ਸਿਆਸੀ ਗਲਤੀਆਂ ਕਰਦੇ ਗਏ।



ਆਮ ਆਦਮੀ ਪਾਰਟੀ ਨੇ ਲੋਕ ਸਭਾ ਦੀ ਚੋਣ ਕਾਂਗਰਸ ਦੇ ਨਾਲ ਮਿਲ ਕੇ ਲੜੀ ਸੀ ਪਰ ਵਿਧਾਨ ਸਭਾ ਚੋਣਾਂ ਆਉਂਦੇ-ਆਉਂਦੇ ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਇਹ ਤਾਲਮੇਲ ਖ਼ਤਮ ਹੋ ਗਿਆ ਅਤੇ ਅਰਵਿੰਦ ਕੇਜਰੀਵਾਲ ਨੇ ਆਪਣੇ ਵੱਲੋਂ ਇਸ ਗਠਜੋੜ ਨੂੰ ਕਾਇਮ ਰੱਖਣ ਲਈ ਕੋਈ ਯਤਨ ਨਹੀਂ ਕੀਤਾ। ਇਹੀ ਉਨ੍ਹਾਂ ਦੇ ਸਿਆਸੀ ਜੀਵਨ ਦੀ ਸਭ ਤੋਂ ਵੱਡੀ ਗਲਤੀ ਬਣ ਗਈ। ਦਿੱਲੀ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਕੁੱਲ੍ਹ ਵੋਟਾਂ ਭਾਜਪਾ ਨੂੰ ਮਿਲੀਆਂ ਵੋਟਾਂ ਦੇ ਮੁਕਾਬਲੇ 4 ਫ਼ੀਸਦੀ ਵੱਧ ਹਨ ਅਤੇ ਜੇ ਇਹ ਚੋਣ ਗਠਜੋੜ ਵਿਚ ਲੜੀ ਗਈ ਹੁੰਦੀ, ਤਾਂ ਦਿੱਲੀ ਦੀ ਤਸਵੀਰ ਅੱਜ ਵੱਖਰੀ ਹੁੰਦੀ।

ਪਾਰਟੀ ਆਪਣੇ ਪੱਧਰ 'ਤੇ ਇਸ ਹਾਰ ਦਾ ਵਿਸ਼ਲੇਸ਼ਣ ਕਰੇਗੀ ਪਰ ਅਰਵਿੰਦ ਕੇਜਰੀਵਾਲ ਇਨ੍ਹਾਂ ਚੋਣਾਂ ਦੌਰਾਨ ਜ਼ਮੀਨੀ ਪੱਧਰ 'ਤੇ ਆ ਰਹੀ ਤਬਦੀਲੀ ਨੂੰ ਸਮਝਣ 'ਚ ਨਾਕਾਮ ਰਹੇ। ਉਨ੍ਹਾਂ ਨੂੰ ਆਪਣੇ ਮੁਸਲਿਮ, ਅਨੁਸੂਚਿਤ ਭਾਈਚਾਰਾ ਅਤੇ ਮਿਡਲ ਕਲਾਸ ਦੇ ਵੋਟ ਬੈਂਕ 'ਤੇ ਇੰਨਾ ਭਰੋਸਾ ਸੀ ਕਿ ਉਹ ਚੋਣ ਸਭਾਵਾਂ ਵਿਚ ਇਹ ਬੋਲਦੇ ਵੇਖੇ ਗਏ ਕਿ "ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਹਰਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੂਜਾ ਜਨਮ ਲੈਣਾ ਪਵੇਗਾ।"

ਅਰਵਿੰਦ ਕੇਜਰੀਵਾਲ ਨੇ ਇਨ੍ਹਾਂ ਚੋਣਾਂ ਵਿਚ ਸੱਤਾ ਵਿਰੋਧੀ ਲਹਿਰ ਨੂੰ ਘੱਟ ਕਰਨ ਲਈ ਆਪਣੇ 20 ਵਿਧਾਇਕਾਂ ਦੀਆਂ ਟਿਕਟਾਂ ਵੀ ਕੱਟ ਦਿੱਤੀਆਂ ਪਰ ਉਨ੍ਹਾਂ ਵਿਚੋਂ ਵੀ 7 ਵਿਧਾਇਕ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਨਾਲ ਚਲੇ ਗਏ। ਅਰਵਿੰਦ ਕੇਜਰੀਵਾਲ ਨੇ ਚੋਣ ਪ੍ਰਚਾਰ ਦੌਰਾਨ ਇਕ ਤੋਂ ਬਾਅਦ ਇਕ ਲੁਭਾਉਣੇ ਐਲਾਨ ਕੀਤੇ ਪਰ ਉਹ ਆਪਣੇ ਐਲਾਨਾਂ ਨਾਲ ਜਨਤਾ ਨੂੰ ਭਰੋਸੇ ਵਿਚ ਨਹੀਂ ਲੈ ਸਕੇ।

# ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨਾਲ ਬਦਲੇਗੀ ਕੌਮੀ ਸਿਆਸਤ ਦੀ ਤਸਵੀਰ

**ਜਲੰਧਰ, (ਪੰਜਾਬ ਮੇਲ)**- ਦਿੱਲੀ ਵਿਧਾਨ ਸਭਾ ਚੋਣਾਂ 'ਚ ਲਗਾਤਾਰ ਤੀਜੀ ਵਾਰ ਹਾਰਨ ਦੇ ਬਾਵਜੂਦ ਇੰਡੀਆ ਬਲਾਕ ਵਿਚ ਕਾਂਗਰਸ ਦੀ ਅਹਿਮੀਅਤ ਵਧੇਗੀ। ਇੰਡੀਆ ਬਲਾਕ ਦੇ ਮੈਂਬਰ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਾਂਗਰਸ ਦੇ ਵਿਰੁੱਧ ਜਾਂਦੇ ਹੋਏ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੇ ਨਾਲ ਮਿਲ ਕੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਪ੍ਰਚਾਰ ਕੀਤਾ ਸੀ ਅਤੇ ਆਪਣੀ ਮੁਸਲਿਮ ਸੰਸਦ ਮੈਂਬਰ ਇਕਰਾ ਹੁਸੈਨ ਨੂੰ ਵੀ ਪ੍ਰਚਾਰ ਲਈ ਭੇਜਿਆ ਸੀ। ਇਸ ਪ੍ਰਚਾਰ ਦਾ ਮਨੋਰਥ ਮੁਸਲਿਮ ਵੋਟ ਨੂੰ ਆਮ ਆਦਮੀ ਪਾਰਟੀ ਦੇ ਹੱਕ ਵਿਚ ਇਕਜੁੱਟ ਕਰਨਾ ਸੀ। ਇਸ ਤੋਂ ਇਲਾਵਾ ਤ੍ਰਿਣਮੂਲ ਕਾਂਗਰਸ ਨੇ ਵੀ ਦਿੱਲੀ ਚੋਣਾਂ ਵਿਚ ਆਮ ਆਦਮੀ ਪਾਰਟੀ ਲਈ ਪ੍ਰਚਾਰ ਕੀਤਾ ਸੀ ਅਤੇ ਸ਼ਿਵ ਸੈਨਾ ਦਾ ਵੀ ਨੈਤਿਕ ਸਮਰਥਨ ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਨਾਲ ਸੀ ਪਰ ਇਸ ਦੇ ਬਾਵਜੂਦ ਦਿੱਲੀ ਵਿਚ ਪਾਰਟੀ ਚੋਣ ਹਾਰ ਗਈ। ਇਸ ਨਾਲ ਇੰਡੀਆ ਬਲਾਕ ਦੀਆਂ ਪਾਰਟੀਆਂ ਨੂੰ ਸਿਆਸੀ ਸੁਨੇਹਾ ਗਿਆ ਹੈ ਅਤੇ ਕਾਂਗਰਸ ਦਿੱਲੀ ਵਿਚ ਹਾਰ ਦੇ ਬਾਵਜੂਦ ਇੰਡੀਆ ਬਲਾਕ 'ਚ ਮਜ਼ਬੂਤ ਹੋਈ ਹੈ।

ਕਾਂਗਰਸ ਨੇ ਇਨ੍ਹਾਂ ਚੋਣਾਂ ਵਿਚ ਰਣਨੀਤੀ ਬਦਲਦੇ ਹੋਏ ਐੱਸ.ਸੀ. ਵਰਗ ਦੀਆਂ ਰਾਖਵੀਆਂ 12 ਅਤੇ ਮੁਸਲਿਮ ਬਹੁਗਿਣਤੀ ਦੀਆਂ 8 ਸੀਟਾਂ 'ਤੇ ਮਜ਼ਬੂਤੀ ਨਾਲ ਚੋਣ ਲੜੀ ਸੀ। ਕਾਂਗਰਸ ਦੀ ਰਣਨੀਤੀ ਇਨ੍ਹਾਂ ਚੋਣਾਂ ਦੌਰਾਨ ਆਪਣੇ ਰਵਾਇਤੀ ਦਲਿਤ ਤੇ ਮੁਸਲਿਮ ਵੋਟ ਬੈਂਕ ਨੂੰ ਟਾਰਗੈਟ ਕਰਨ ਦੀ ਸੀ ਅਤੇ ਇਸ ਦਾ ਉਸ ਨੂੰ ਵੋਟ ਸ਼ੇਅਰ ਵਿਚ ਕੁਝ ਫਾਇਦਾ ਵੀ ਹੋਇਆ। ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦਾ ਅਸਰ ਘੱਟ ਹੋਣ ਤੋਂ ਬਾਅਦ ਹੁਣ ਕਾਂਗਰਸ ਕੋਲ ਆਪਣਾ ਰਵਾਇਤੀ ਵੋਟ ਬੈਂਕ ਵਾਪਸ ਲਿਆਉਣ ਲਈ 5 ਸਾਲ ਦਾ ਸਮਾਂ ਹੈ। ਇਸ ਦੌਰਾਨ ਉਹ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਆਪਣਾ ਪੁਰਾਣਾ ਵੋਟ ਬੈਂਕ ਵਾਪਸ ਲਿਆਉਣ ਲਈ ਕੰਮ ਕਰ ਸਕਦੀ ਹੈ। ਇਨ੍ਹਾਂ ਚੋਣਾਂ ਰਾਹੀਂ ਕਾਂਗਰਸ ਨੇ ਇੰਡੀਆ ਬਲਾਕ ਦੇ ਆਪਣੇ ਸਹਿਯੋਗੀਆਂ 'ਚ ਇਹ ਸਿਆਸੀ ਸੁਨੇਹਾ ਦੇ ਦਿੱਤਾ ਹੈ ਕਿ ਉਸ ਨੂੰ ਕਿਸੇ ਵੀ ਸੂਬੇ ਵਿਚ ਘੱਟ ਨਹੀਂ ਸਮਝਿਆ ਜਾ ਸਕਦਾ।

ਇੰਡੀਆ ਬਲਾਕ ਦੀਆਂ ਪਾਰਟੀਆਂ ਨੂੰ ਹੁਣ ਤੱਕ ਇਹੀ ਲੱਗਦਾ ਰਿਹਾ ਹੈ ਕਿ ਉਹ ਕਿਸੇ ਵੀ ਸੂਬੇ ਵਿਚ ਕਾਂਗਰਸ ਖਿਲਾਫ ਚੋਣ ਲੜ ਕੇ ਉਸ ਨੂੰ ਹਰਾ ਸਕਦੀਆਂ ਹਨ ਪਰ ਕਾਂਗਰਸ ਇਹੀ ਕੰਮ ਆਪਣੇ ਸਹਿਯੋਗੀਆਂ ਨਾਲ ਇਸ ਲਈ ਨਹੀਂ ਕਰ ਸਕਦੀ ਕਿਉਂਕਿ ਉਸ ਨੂੰ ਮੁਸਲਿਮ ਵੋਟਰਾਂ 'ਚ ਆਪਣੀ ਸਾਖ ਖਰਾਬ ਹੋਣ ਦਾ ਖ਼ਤਰਾ ਰਹਿੰਦਾ ਹੈ ਪਰ ਇਸ ਵਾਰ ਕਾਂਗਰਸ ਨੇ ਇਹ ਜ਼ੋਖਮ ਲਿਆ ਅਤੇ ਆਮ ਆਦਮੀ ਪਾਰਟੀ ਦੇ ਵੋਟ ਬੈਂਕ ਵਿਚ ਸੰਨ੍ਹ ਲਾ ਦਿੱਤੀ। ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਵੋਟ ਸ਼ੇਅਰ 43 ਫ਼ੀਸਦੀ ਤੱਕ ਡਿੱਗ ਗਿਆ ਹੈ, ਜਦੋਂਕਿ ਕਾਂਗਰਸ ਅਤੇ ਭਾਜਪਾ ਦੋਵਾਂ ਦਾ ਵੋਟ ਸ਼ੇਅਰ ਵਧਿਆ ਹੈ। ਹੁਣ ਇੰਡੀਆ ਬਲਾਕ 'ਚ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਆਪਣੀ ਧਾਰਨਾ ਵਿਚ ਤਬਦੀਲੀ ਲਿਆਉਣੀ ਪਵੇਗੀ।

ਰਾਹੁਲ ਗਾਂਧੀ ਅਤੇ ਉਨ੍ਹਾਂ ਦੇ ਸਿਆਸੀ ਸਲਾਹਕਾਰ ਕਾਂਗਰਸ ਨੂੰ ਪੂਰੀ ਤਰ੍ਹਾਂ ਪੱਛੜੇ, ਅਨੁਸੂਚਿਤ ਜਾਤੀ ਅਤੇ ਮੁਸਲਿਮ ਵੋਟ ਦੀ ਪਾਰਟੀ ਬਣਾਉਣ ਦੀ ਵਚਨਬੱਧਤਾ 'ਤੇ ਕੰਮ ਕਰ ਰਹੇ ਹਨ। ਇਹੀ ਕਾਰਨ ਹੈ ਕਿ ਕਾਂਗਰਸ ਪਾਰਟੀ ਦੇ ਸਬੰਧ ਸਹਿਯੋਗੀ ਪਾਰਟੀਆਂ ਨਾਲ ਵਿਗੜਦੇ ਜਾ ਰਹੇ ਹਨ। ਅਸਲ 'ਚ ਜ਼ਿਆਦਾਤਰ ਸੂਬਾਈ ਪਾਰਟੀਆਂ ਨੇ ਕਾਂਗਰਸ ਦਾ ਪੱਛੜਿਆ, ਅਨੁਸੂਚਿਤ ਜਾਤੀ ਅਤੇ ਮੁਸਲਿਮ ਵੋਟ ਤੋੜ ਕੇ ਹੀ ਖ਼ੁਦ ਨੂੰ ਮਜ਼ਬੂਤ ਬਣਾਇਆ ਹੈ। ਤਾਂ ਹੀ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਜੇ ਇਹ ਵੋਟ ਕਾਂਗਰਸ ਵੱਲ ਵਾਪਸ ਜਾਂਦਾ ਹੈ ਤਾਂ ਉਨ੍ਹਾਂ ਨੂੰ ਨੁਕਸਾਨ ਹੋਵੇਗਾ। ਬਿਹਾਰ ਵਿਚ ਰਾਸ਼ਟਰੀ ਜਨਤਾ ਦਲ ਅਤੇ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਤੋਂ ਲੈ ਕੇ ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਅਤੇ ਦਿੱਲੀ ਵਿਚ ਆਮ ਆਦਮੀ ਪਾਰਟੀ ਤੱਕ ਸਾਰਿਆਂ ਦੀ ਇਕੋ ਚਿੰਤਾ ਹੈ। ਇਹੀ ਕਾਰਨ ਹੈ ਕਿ ਸਪਾ ਅਤੇ ਤ੍ਰਿਣਮੂਲ ਨੇ ਦਿੱਲੀ ਵਿਚ ਆਮ ਆਦਮੀ ਪਾਰਟੀ ਦਾ ਸਮਰਥਨ ਕੀਤਾ। ਹਾਲਾਂਕਿ ਰਾਜਦ ਨੇ ਖ਼ੁਦ ਨੂੰ ਇਸ ਤੋਂ ਦੂਰ ਰੱਖਿਆ ਕਿਉਂਕਿ ਬਿਹਾਰ ਵਿਚ ਇਸੇ ਸਾਲ ਚੋਣਾਂ ਹੋਣੀਆਂ ਹਨ ਅਤੇ ਰਾਜਦ ਨੂੰ ਉੱਥੇ ਕਾਂਗਰਸ ਦੀ ਲੋੜ ਹੈ।




# ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕੀਤਾ ਫਾਰਗ

■ ਤਖ਼ਤ ਸਾਹਿਬ ਵਿਖੇ ਫਿਲਹਾਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨਿਭਾਉਣਗੇ ਕਾਰਜਕਾਰੀ ਸੇਵਾਵਾਂ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਹੋਈ ਇਕੱਤਰਤਾ 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਬੰਧ ਵਿਚ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਗਿਆ ਹੈ। ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਜਾਂਚ ਕਮੇਟੀ ਦੀ ਰਿਪੋਰਟ 'ਤੇ ਬਹੁਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ। ਕੇਵਲ ਤਿੰਨ ਮੈਂਬਰਾਂ ਨੇ ਇਸ ਸਬੰਧ ਵਿਚ ਆਪਣਾ ਵਿਰੋਧੀ ਨੋਟ ਦਰਜ ਕਰਵਾਇਆ, ਜਦਕਿ ਬਾਕੀ ਹਾਜ਼ਰ ਅੰਤ੍ਰਿੰਗ ਕਮੇਟੀ ਮੈਂਬਰਾਂ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਫਾਰਗ ਕਰਨ ਬਾਰੇ ਸਹਿਮਤੀ ਪ੍ਰਗਟਾਈ। ਉਨ੍ਹਾਂ ਦੱਸਿਆ ਕਿ ਜਾਂਚ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ ਸਾਬਤ ਹੋਣ ਅਤੇ ਤਖ਼ਤ ਸਾਹਿਬ ਦੀ ਮਾਣ-ਮਰਿਯਾਦਾ ਨੂੰ ਠੇਸ ਪਹੁੰਚਾਉਣ ਕਾਰਨ ਅੰਤ੍ਰਿੰਗ ਕਮੇਟੀ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਫਿਲਹਾਲ ਆਪਣੇ ਕੰਮ ਦੇ ਨਾਲ-ਨਾਲ ਜਥੇਦਾਰ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਕਾਰਜਕਾਰੀ ਤੌਰ 'ਤੇ ਸੌਂਪੀਆਂ ਗਈਆਂ ਹਨ।

ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਬੀਤੇ ਦਿਨੀਂ ਗੁਰਦੁਆਰਾ ਸ੍ਰੀ ਕੰਧ ਸਾਹਿਬ ਬਟਾਲਾ ਵਿਖੇ ਨਿਸ਼ਾਨ ਦੇ ਚੋਲੇ ਦੀ ਸੇਵਾ ਕਰਦਿਆਂ ਡਿੱਗ ਕੇ ਅਕਾਲ ਚਲਾਣਾ ਕਰ ਗਏ ਸ. ਸਤਨਾਮ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਵੀ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਗੁਰਦੁਆਰਾ ਸਾਹਿਬਾਨ, ਵਿਦਿਅਕ ਅਦਾਰਿਆਂ, ਟਰੱਸਟ ਵਿਭਾਗ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹੋਰ ਕਾਰਜਾਂ ਦੇ ਮਾਮਲੇ ਵਿਚਾਰ ਗਏ ਅਤੇ ਉਨ੍ਹਾਂ ਦਾ ਸਰਲੀਕਰਨ ਕੀਤਾ ਗਿਆ।

ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਸੁਖਹਰਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਖ਼ਾਲਸਾ, ਜਸਵੰਤ ਸਿੰਘ ਪੁੜੈਣ ਆਦਿ ਸ਼ਾਮਲ ਸਨ।

## ਕੈਨੇਡਾ ਦੇ ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਅਰਜ਼ੀਆਂ ਦਾ ਨਿਪਟਾਰਾ ਤੇਜ਼

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਸਰਕਾਰ ਵੱਲੋਂ ਹੁਣ ਹਰੇਕ ਤਰ੍ਹਾਂ ਦੇ ਵੀਜ਼ਾ ਦੇਣ ਦੀ ਗਿਣਤੀ ਘਟਾ ਦਿੱਤੀ ਗਈ ਹੈ, ਜਿਸ ਨਾਲ ਅਰਜ਼ੀਆਂ ਦਾ ਨਿਪਟਾਰਾ ਕਰਨ ਲਈ ਸਾਧਨ ਜੁਟਾਏ ਜਾ ਸਕੇ ਹਨ ਅਤੇ ਸਿੱਟੇ ਵਜੋਂ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ ਘੱਟ ਹੋ ਰਹੀ ਹੈ, ਜਦੋਂਕਿ ਪਿਛਲੇ ਕਈ ਸਾਲਾਂ ਦੇ ਅੰਕੜਿਆਂ ਅਨੁਸਾਰ 20 ਲੱਖ ਤੋਂ ਵੱਧ ਵਿਦੇਸ਼ੀ ਲੋਕ ਅਪਲਾਈ ਕਰਕੇ ਵੀਜ਼ਿਆਂ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ ਅਤੇ ਅਕਸਰ ਉਨ੍ਹਾਂ ਦੀਆਂ ਅਰਜ਼ੀਆਂ ਦੇ ਨਿਪਟਾਰੇ ਨੂੰ ਦੇਰੀ ਲੱਗ ਜਾਂਦੀ ਹੈ। 2024 ਦੇ ਅਖੀਰ 'ਚ ਪਹਿਲੀ ਵਾਰੀ ਕੈਨੇਡਾ ਦੇ ਵੀਜ਼ਾ ਦਾ ਇੰਤਜ਼ਾਰ ਕਰ ਰਹੇ ਲੋਕਾਂ ਦੀ ਗਿਣਤੀ 'ਚ ਕਮੀ ਦਰਜ ਕੀਤੀ ਗਈ ਹੈ ਪਰ ਅਜੇ ਵੀ 31 ਦਸੰਬਰ, 2024 ਦੇ ਅੰਕੜੇ ਅਨੁਸਾਰ ਅਪਲਾਈ ਕਰਕੇ ਇੰਤਜ਼ਾਰ ਕਰ ਰਹੇ ਵਿਦੇਸ਼ੀਆਂ ਦੀ ਗਿਣਤੀ 2119900 ਤੋਂ ਵੱਧ ਸੀ, ਜਦਕਿ ਨਵੰਬਰ 2024 'ਚ ਇਹੀ ਗਿਣਤੀ 2267700 ਸੀ। ਅਧਿਕਾਰੀਆਂ ਨੂੰ ਪ੍ਰਾਪਤ ਹੁੰਦੀਆਂ ਵੀਜ਼ਾ ਅਤੇ ਇਮੀਗ੍ਰੇਸ਼ਨ ਅਰਜ਼ੀਆਂ 'ਚੋਂ ਲਗਭਗ 50 ਫ਼ੀਸਦੀ ਦਾ ਨਿਪਟਾਰਾ ਨਿਰਧਾਰਿਤ ਸਮੇਂ 'ਚ ਕਰ ਦਿੱਤਾ ਜਾਂਦਾ ਹੈ, ਜਦਕਿ ਬਹੁਤ ਸਾਰੇ ਅਰਜ਼ੀਕਰਤਾਵਾਂ ਨੂੰ ਕੈਨੇਡਾ ਸਰਕਾਰ ਵੱਲੋਂ ਨਿਰਧਾਰਿਤ ਸਮੇਂ ਤੋਂ ਵੱਧ ਇੰਤਜ਼ਾਰ ਕਰਨਾ ਪੈਂਦਾ ਹੈ। ਨਿਰਧਾਰਿਤ ਸਟੈਂਡਰਡ ਅਨੁਸਾਰ ਐਕਸਪ੍ਰੈੱਸ ਐਂਟਰੀ ਦੇ ਡਰਾਅ ਵਾਲੀ ਇਮੀਗ੍ਰੇਸ਼ਨ ਅਰਜ਼ੀ ਦਾ ਨਿਪਟਾਰਾ 6 ਮਹੀਨਿਆਂ 'ਚ ਅਤੇ ਫੈਮਿਲੀ ਕਲਾਸ ਅਰਜ਼ੀ ਦਾ ਫੈਸਲਾ 12 ਕੁ ਮਹੀਨਿਆਂ 'ਚ ਹੋਣਾ ਜ਼ਰੂਰੀ ਹੈ ਪਰ ਇਨ੍ਹਾਂ ਵਰਗਾਂ 'ਚ ਵੀ ਆਮ ਤੌਰ 'ਤੇ ਸਰਵਿਸ ਸਟੈਂਡਰਡ ਤੋਂ ਵੱਧ ਸਮਾਂ ਲੱਗਦਾ ਹੈ।

## ਅਮਰੀਕਾ ਦੀ ਤਰਜ਼ 'ਤੇ ਯੂ.ਕੇ. ਵੱਲੋਂ 19 ਹਜ਼ਾਰ ਗੈਰਕਾਨੂੰਨੀ ਪ੍ਰਵਾਸੀ ਡਿਪੋਰਟ

■ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕਰਨ ਲਈ ਮਾਰੇ ਛਾਪਿਆਂ 'ਚ ਭਾਰਤੀ ਰੈਸਟੋਰੈਂਟ ਵੀ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)-** ਯੂ.ਕੇ. ਨੇ ਅਮਰੀਕਾ ਦੀ ਟਰੰਪ ਸਰਕਾਰ ਦੀ ਤਰਜ਼ 'ਤੇ ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ਼ ਵੱਡੀ ਕਾਰਵਾਈ ਕਰਦਿਆਂ 19 ਹਜ਼ਾਰ ਵਿਅਕਤੀਆਂ ਨੂੰ ਡਿਪੋਰਟ ਕੀਤਾ ਹੈ। ਇਨ੍ਹਾਂ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦੇ ਨਾਲ ਵਿਦੇਸ਼ੀ ਅਪਰਾਧੀ ਵੀ ਸ਼ਾਮਲ ਹਨ।

ਯੂਕੇ ਦੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਲੇਬਰ ਸਰਕਾਰ ਨੇ ਮੁਲਕ 'ਚ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਲੋਕਾਂ ਨੂੰ ਕਾਬੂ ਕਰਨ ਲਈ ਪਿਛਲੇ ਸਮੇਂ ਵਿਚ ਵੱਡੇ ਪੱਧਰ 'ਤੇ ਛਾਪੇ ਮਾਰੇ ਹਨ। ਯੂ.ਕੇ ਪੁਲਿਸ ਨੇ ਜਿਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ, ਉਨ੍ਹਾਂ ਵਿਚ ਭਾਰਤੀ ਰੈਸਟੋਰੈਂਟ, ਨੇਲ ਬਾਰਜ਼, ਸਟੋਰ ਤੇ ਕਾਰ ਵਾਸ਼ਿਜ਼ ਸ਼ਾਮਲ ਹਨ, ਕਿਉਂਕਿ ਬਹੁਤੇ ਪ੍ਰਵਾਸੀ ਕਾਮੇ ਇਥੇ ਹੀ ਕੰਮ ਕਰਦੇ ਹਨ।

ਗ੍ਰਹਿ ਮੰਤਰੀ ਯੈਵੇਟ ਕੂਪਰ ਨੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਦੀਆਂ ਇਮੀਗ੍ਰੇਸ਼ਨ ਐੱਨਫੋਰਸਮੈਂਟ ਟੀਮਾਂ ਨੇ ਜਨਵਰੀ ਮਹੀਨੇ ਵਿਚ 828 ਟਿਕਾਣਿਆਂ 'ਤੇ ਛਾਪੇ ਮਾਰੇ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ 48 ਫੀਸਦੀ ਵਧ ਹਨ। ਇਨ੍ਹਾਂ ਛਾਪਿਆਂ ਦੌਰਾਨ 609 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉੱਤਰੀ ਇੰਗਲੈਂਡ ਦੇ ਹੰਬਰਸਾਈਡ ਵਿਚ ਇਕ ਭਾਰਤੀ ਰੈਸਟੋਰੈਂਟ 'ਤੇ ਮਾਰੇ ਛਾਪੇ ਦੌਰਾਨ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਤੇ ਚਾਰ ਜਣਿਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

ਲੇਬਰ ਪਾਰਟੀ ਨੇ ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ਼ ਸ਼ਿਕੰਜਾ ਅਜਿਹੇ ਮੌਕੇ ਕੱਸਿਆ ਹੈ, ਜਦੋਂ ਪਾਰਟੀ ਵੱਲੋਂ ਪੇਸ਼ ਬਾਰਡਰ ਸੁਰੱਖਿਆ, ਅਸਾਇਲਮ ਤੇ ਇਮੀਗ੍ਰੇਸ਼ਨ ਬਿੱਲ ਇਸ ਹਫ਼ਤੇ ਦੂਜੀ ਨਜ਼ਰਸਾਨੀ ਲਈ ਸੰਸਦ ਵਿਚ ਆਇਆ ਹੈ। ਇਸ ਨਵੇਂ ਕਾਨੂੰਨ ਦਾ ਮੁੱਖ ਮੰਤਵ 'ਅਪਰਾਧਕ ਗਰੋਹਾਂ ਨਾਲ ਸਿੱਝਣਾ' ਹੈ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਨ੍ਹਾ ਅਪਰਾਧਿਕ ਗਰੋਹਾਂ ਨੇ ਸਰਹੱਦੀ ਸੁਰੱਖਿਆ ਨੂੰ ਕਮਜ਼ੋਰ ਕੀਤਾ ਹੈ। ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ਼ ਵਿੱਢੀ ਕਾਰਵਾਈ ਤਹਿਤ ਰੁਜ਼ਗਾਰਦਾਤਿਆਂ ਨੂੰ ਕੁੱਲ 1090 ਸਿਵਲ ਪੈਨਲਟੀ ਨੋਟਿਸ ਭੇਜੇ ਗਏ ਹਨ ਤੇ ਪ੍ਰਤੀ ਵਰਕਰ 60,000 ਪੌਂਡ ਦਾ ਜੁਰਮਾਨਾ ਲਾਉਣ ਦੀ ਚੇਤਾਵਨੀ ਦਿੱਤੀ ਗਈ ਹੈ।

ਸਟਾਰਮਰ ਸਰਕਾਰ ਨੇ ਜਨਵਰੀ ਵਿਚ ਦਾਅਵਾ ਕੀਤਾ ਸੀ ਕਿ ਉਸ ਨੇ ਵਿਦੇਸ਼ੀ ਅਪਰਾਧੀਆਂ ਅਤੇ ਇਮੀਗ੍ਰੇਸ਼ਨ ਅਪਰਾਧੀਆਂ ਨੂੰ ਹਟਾਉਣ ਦੇ ਆਪਣੇ ਟੀਚੇ ਨੂੰ 2018 ਤੋਂ ਬਾਅਦ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਾ ਦਿੱਤਾ ਹੈ। ਜੁਲਾਈ 2024 ਦੀਆਂ ਆਮ ਚੋਣਾਂ ਤੋਂ ਬਾਅਦ 16,400 ਗੈਰਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕੀਤੀ ਗਈ ਹੈ।




# ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਸਰੀ 'ਚ ਸੋਗ ਦੀ ਲਹਿਰ

**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਮਹਾਨ ਚਿੱਤਰਕਾਰ ਜਰਨੈਲ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਸਰੀ ਦੇ ਸਾਹਿਤਕ, ਕਲਾਤਮਿਕ ਅਤੇ ਸੱਭਿਆਚਾਰ ਹਲਕਿਆਂ 'ਚ ਸੋਗ ਦੀ ਲਹਿਰ ਫੈਲ ਗਈ ਹੈ। ਬਹੁਤ ਹੀ ਨਿਮਰ ਸ਼ਖ਼ਸੀਅਤ ਦੇ ਮਾਲਕ, ਕਲਾ, ਸਾਹਿਤ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ ਇਤਿਹਾਸ, ਪੰਜਾਬੀ ਸੱਭਿਆਚਾਰ ਨੂੰ ਆਪਣੀ ਕਲਾ ਰਾਹੀਂ ਬਾਖ਼ੂਬੀ ਚਿਤਰਿਆ ਅਤੇ ਦੁਨੀਆਂ ਭਰ ਦੇ ਪੰਜਾਬੀਆਂ ਵਿਚ ਬੇਹੱਦ ਮਕਬੂਲੀਅਤ ਅਤੇ ਪਿਆਰ ਸਤਿਕਾਰ ਹਾਸਲ ਕੀਤਾ।




ਸਰੀ ਵਿਚ ਉਨ੍ਹਾਂ ਵੱਲੋਂ ਸਥਾਪਿਤ ਕੀਤੀ 'ਜਰਨੈਲ ਆਰਟ ਗੈਲਰੀ' ਸਿਰਫ ਚਿੱਤਰਕਾਰੀ ਤੱਕ ਹੀ ਸੀਮਤ ਨਹੀਂ ਸੀ, ਸਗੋਂ ਪਿਛਲੇ ਕਾਫੀ ਸਮੇਂ ਇਕ ਅਜਿਹਾ ਪਲੇਟਫਾਰਮ ਬਣਿਆ ਹੋਇਆ ਹੈ, ਜਿੱਥੇ ਸਾਹਿਤਕ, ਸੱਭਿਆਚਾਰਕ, ਕਲਾਤਮਿਕ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਇਹ ਗੈਲਰੀ ਇਕ ਅਜਿਹਾ ਮੰਚ ਹੈ ਕਿ ਜਿੱਥੇ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਜਾਂਦਾ ਹੈ। ਸਰੀ ਵਿਚ ਆਏ ਮਹਿਮਾਨ ਇਸ ਗੈਲਰੀ ਵਿਚ ਆ ਕੇ ਆਪਣੀ ਯਾਤਰਾ ਨੂੰ ਸਫਲ ਸਮਝਦੇ ਹਨ। ਪੰਜਾਬੀ ਪਿਆਰਿਆਂ ਨੂੰ ਖਿੜੇ ਮੱਥੇ ਆਪਣੀ ਬੁੱਕਲ ਦਾ ਨਿੱਘ ਦੇਣ ਵਾਲੀ ਇਹ ਗੈਲਰੀ ਅੱਜ ਬਹੁਤ ਉਦਾਸ ਹੈ।

ਹਰਮਨਪਿਆਰੇ ਆਰਟਿਸਟ ਜਰਨੈਲ ਸਿੰਘ ਵੱਲੋਂ ਅਲਵਿਦਾ ਕਹਿ ਜਾਣ 'ਤੇ ਵੈਨਕੂਵਰ ਵਿਚਾਰ ਮੰਚ, ਪੰਜਾਬੀ ਲੇਖਕ ਮੰਚ, ਗ਼ਜ਼ਲ ਮੰਚ ਸਰੀ ਅਤੇ ਹੋਰ ਕਈ ਸੰਸਥਾਵਾਂ ਦੇ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਹਰਦਮ ਮਾਨ, ਗ਼ਜ਼ਲ ਮੰਚ ਸਰੀ ਦੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼, ਪ੍ਰੀਤ ਮਨਪ੍ਰੀਤ, ਗੁਰਮੀਤ ਸਿੱਧੂ ਤੇ ਬਲਦੇਵ ਸੀਹਰਾ, ਉੱਘੇ ਵਿਦਵਾਨ ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਜਸਕਰਨ ਸਿੰਘ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਦੁੱਖ ਪ੍ਰਗਟ ਕਰਦਿਆਂ ਉਸ ਮਹਾਨ ਕਲਾਕਾਰ ਨੂੰ ਸਿਜਦਾ ਕੀਤਾ ਹੈ।

## ਲੇਖਕ ਗੁਰਨੈਬ ਸਾਜਨ ਦਾ ਮਨਿਸਟਰ ਜਗਰੂਪ ਸਿੰਘ ਬਰਾੜ ਵੱਲੋਂ ਸਨਮਾਨ



**ਸਰੀ, (ਪੰਜਾਬ ਮੇਲ)**-ਜਗਰੂਪ ਸਿੰਘ ਬਰਾੜ ਵੱਲੋਂ ਕਲਮਕਾਰ ਅਤੇ ਫ਼ਿਲਮਕਾਰ ਗੁਰਨੈਬ ਸਾਜਨ ਦਿਉਣ ਨੂੰ ਬ੍ਰਿਟਿਸ਼ ਕੋਲੰਬੀਆ ਸੂਬਾ ਦੇ ਸਰੀ, ਫਲੀਟਵੁੱਡ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਜਗਰੂਪ ਸਿੰਘ ਬਰਾੜ ਕੈਨੇਡਾ ਦੀ ਸਰਗਰਮ ਸਿਆਸਤ ਵਿਚ ਲੰਬੇ ਅਰਸੇ ਤੋਂ ਅਹਿਮ ਯੋਗਦਾਨ ਪਾਉਂਦੇ ਆ ਰਹੇ ਹਨ। ਜਿਸ ਕਰਕੇ ਫਲੀਟਵੁੱਡ ਦੇ ਵੋਟਰਾਂ ਵੱਲੋਂ ਉਸਨੂੰ ਛੇਵੀਂ ਵਾਰ ਐੱਮ.ਐੱਲ.ਏ. ਜਿਤਾਇਆ। ਮਨਿਸਟਰ ਜਗਰੂਪ ਸਿੰਘ ਬਰਾੜ ਵੱਲੋਂ ਗੁਰਨੈਬ ਸਾਜਨ ਨੂੰ ਬੀ.ਸੀ. ਦੀ ਰਾਜਧਾਨੀ ਵਿਕਟੋਰੀਆ ਦੀ ਵਿਧਾਨ ਸਭਾ ਵਿਚ ਬੀ.ਸੀ. ਸਰਕਾਰ ਵੱਲੋਂ ਹੁੰਦੀਆਂ ਰਾਜਨੀਤਿਕ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਵਿਧਾਨ ਸਭਾ ਆਪਣੇ ਦਫਤਰ ਵਿਚ ਗੁਰਨੈਬ ਸਾਜਨ ਦੀ ਪਲੇਠੀ ਪੁਸਤਕ ਸਿਮਰਨ ਨੂੰ ਵੀ ਜਾਰੀ ਕੀਤਾ। ਉਨ੍ਹਾਂ ਨੂੰ ਪੰਜਾਬ ਵਿਚ ਬਤੌਰ ਪੱਤਰਕਾਰ ਲੇਖਕ ਤੇ ਫ਼ਿਲਮਕਾਰ ਵਜੋਂ ਸ਼ਾਨਦਾਰ ਸੇਵਾਵਾਂ ਦੇਣ ਬਦਲੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

# ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਸੈਨੇਟਰ ਨਿਯੁਕਤ

**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (ਆਰ.ਸੀ.ਐੱਮ.ਪੀ.) ਵਿਚ ਸੇਵਾ ਨਿਭਾਉਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੂੰ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਸੈਨੇਟ ਵਿਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ। ਉਨ੍ਹਾਂ ਦੇ ਨਾਲ ਕਿਊਬਿਕ ਲਈ ਮਾਰਟੀਨ ਹੇਬਰਟ ਅਤੇ ਸਸਕੈਚਵਨ ਲਈ ਟੌਡ ਲੇਵਿਸ ਨੂੰ ਵੀ ਸੈਨੇਟਰ ਨਿਯੁਕਤ ਕੀਤਾ ਗਿਆ ਹੈ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ. ਢਿੱਲੋਂ, ਸ਼੍ਰੀਮਤੀ ਹੇਬਰਟ ਅਤੇ ਸ਼੍ਰੀ ਲੂਈਸ ਨੂੰ ਸੰਸਦ ਦੇ ਨਵੇਂ ਸੁਤੰਤਰ ਸੈਨੇਟਰ ਵਜੋਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਹੈ "ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਦਾ ਸੈਨੇਟ ਲਈ ਬਹੁਤ ਵੱਡਾ ਲਾਭ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਾਈਚਾਰਿਆਂ ਲਈ ਮਜ਼ਬੂਤ ਆਵਾਜ਼ ਬਣਦੇ ਰਹਿਣਗੇ।"

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਇੱਕ ਸੇਵਾਮੁਕਤ ਕੈਰੀਅਰ ਪੁਲਿਸ ਅਧਿਕਾਰੀ, ਇੱਕ ਕਮਿਊਨਿਟੀ ਲੀਡਰ ਅਤੇ ਵਿਭਿੰਨਤਾ ਅਤੇ ਸਮਾਵੇਸ਼ ਲਈ ਜੀਵਨ ਭਰ ਵਕੀਲ ਸਨ। 1991 ਵਿਚ ਉਸ ਨੇ ਦਸਤਾਰ ਪਹਿਨਣ ਵਾਲੇ ਪਹਿਲੇ ਆਰ.ਸੀ.ਐੱਮ.ਪੀ. ਅਧਿਕਾਰੀ ਵਜੋਂ "ਇਤਿਹਾਸ ਰਚਿਆ"। ਉਸ ਨੇ ਆਰ.ਸੀ.ਐੱਮ.ਪੀ. ਨਾਲ 30 ਸਾਲਾਂ ਦਾ ਸਫਲ ਕਰੀਅਰ ਬਣਾਇਆ, ਕਈ ਉੱਚ-ਪ੍ਰੋਫਾਈਲ ਜਾਂਚਾਂ ਵਿਚ ਮੁੱਖ ਭੂਮਿਕਾ ਨਿਭਾਈ। 2019 ਤੋਂ ਉਸ ਨੇ ਬ੍ਰਿਟਿਸ਼ ਕੋਲੰਬੀਆ ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ ਹੈ ਅਤੇ ਇੱਕ ਆਗੂ ਵਜੋਂ ਆਪਣੇ ਭਾਈਚਾਰੇ ਵਿਚ ਸਰਗਰਮ ਰਿਹਾ ਹੈ।

ਉਨ੍ਹਾਂ ਨੇ ਪਿਛਲੇ ਸਾਲ ਸੱਤਾਧਾਰੀ ਬੀ.ਸੀ. ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਦੇ ਉਮੀਦਵਾਰ ਵਜੋਂ ਬ੍ਰਿਟਿਸ਼ ਕੋਲੰਬੀਆ ਵਿਚ ਸੂਬਾਈ ਚੋਣ ਲੜੀ ਸੀ ਪਰ ਹਾਰ ਗਏ ਸਨ। ਆਪਣੇ ਲੰਬੇ ਕਰੀਅਰ ਦੌਰਾਨ ਸ. ਢਿੱਲੋਂ ਨੇ ਬ੍ਰਿਟਿਸ਼ ਕੋਲੰਬੀਆ ਵਿਚ ਸੇਵਾ ਨਿਭਾਈ ਅਤੇ 1985 ਵਿਚ ਏਅਰ ਇੰਡੀਆ ਦੀ ਉਡਾਣ 182, ਕਨਿਸ਼ਕ 'ਤੇ ਬੰਬ ਧਮਾਕੇ ਸਮੇਤ ਮਹੱਤਵਪੂਰਨ ਜਾਂਚਾਂ ਵਿਚ ਅਹਿਮ ਭੂਮਿਕਾ ਨਿਭਾਈ ਸੀ।



# ਕੈਨੇਡਾ ’ਚ ਪੰਜਾਬੀ ਦੇ ਗੁਦਾਮ ’ਚੋਂ 26 ਲੱਖ ਡਾਲਰ ਦੇ ਚੋਰੀ ਦੇ ਵਾਹਨ ਬਰਾਮਦ

- ਗ੍ਰਿਫ਼ਤਾਰੀ ਮਗਰੋਂ ਹੋਇਆ ਜ਼ਮਾਨਤ ’ਤੇ ਰਿਹਾਅ
- 27 ਫਰਵਰੀ ਨੂੰ ਜੱਜ ਮੂਹਰੇ ਹੋਵੇਗਾ ਪੇਸ਼



ਪੁਲਿਸ ਵੱਲੋਂ ਬਰਾਮਦ ਵਾਹਨ।

**ਵੈਨਕੂਵਰ, (ਪੰਜਾਬ ਮੇਲ)-** ਓਨਟਾਰੀਓ ਸੂਬਾਈ ਪੁਲਿਸ (ਓ.ਪੀ.ਪੀ.) ਨੇ ਚੈਟਸਵਰਥ ਕਸਬੇ ਦੇ ਬਾਹਰਵਾਰ ਕਬਾੜੀਏ ਦੇ ਗੁਦਾਮ ’ਤੇ ਛਾਪਾ ਮਾਰ ਕੇ ਉੱਥੋਂ 26 ਲੱਖ ਡਾਲਰ (ਕਰੀਬ 15 ਕਰੋੜ ਰੁਪਏ) ਕੀਮਤ ਦੇ ਚੋਰੀ ਕੀਤੇ ਵਾਹਨ ਬਰਾਮਦ ਕੀਤੇ ਹਨ। ਇਨ੍ਹਾਂ ਵਾਹਨਾਂ ਦੀ ਭੰਨ-ਤੋੜ ਕਰਕੇ ਪੁਰਜ਼ੇ ਤੇ ਹੋਰ ਸਾਮਾਨ ਵੇਚਿਆ ਜਾਣਾ ਸੀ।

ਗੁਦਾਮ ਮਾਲਕ ਤੇ ਗਰੈਂਡ ਵੈਲੀ ਦੇ ਰਹਿਣ ਵਾਲੇ ਅਮਰਦੀਪ ਭੱਟੀ (41) ਉੱਤੇ ਚੋਰੀ ਅਤੇ ਵਾਹਨਾਂ ਦੇ ਨੰਬਰ ਮਿਟਾਉਣ ਸਮੇਤ ਭੰਨਤੋੜ ਕਰਨ ਦੇ 8 ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਜ਼ਮਾਨਤ ਦਿੰਦੇ ਹੋਏ 27 ਫਰਵਰੀ ਨੂੰ ਓਵੇਨ ਸੌਂਡ ਦੀ ਅਦਾਲਤ ਵਿਚ ਪੇਸ਼ ਹੋਣ ਦੀ ਸ਼ਰਤ ’ਤੇ ਰਿਹਾਅ ਕਰ ਦਿੱਤਾ ਗਿਆ। ਕਈ ਏਕੜਾਂ ਵਿਚ ਫੈਲੇ ਅਮਰਦੀਪ ਭੱਟੀ ਦੇ ਗੁਦਾਮ ਦੀ ਤਲਾਸ਼ੀ ਦੌਰਾਨ ਉਥੋਂ ਪੁਲਿਸ ਨੇ 4 ਟਰੱਕ ਤੇ ਟਰਾਲਿਆਂ ਸਮੇਤ 63 ਨਿੱਕੇ ਵੱਡੇ ਟਰਾਲੇ ਅਤੇ 10 ਵਪਾਰਕ ਯਾਤਰੀ ਵਾਹਨ ਬਰਾਮਦ ਕੀਤੇ ਹਨ। ਇਨ੍ਹਾਂ ’ਚੋਂ ਕਈਆਂ ਦੀ ਪਛਾਣ ਲੁਕਾਉਣ ਲਈ ਵਿੰਨ ਨੰਬਰ ਵਿਗਾੜੇ ਹੋਏ ਸਨ ਤੇ ਕਈਆਂ ਦੀ ਭੰਨਤੋੜ ਕਰਕੇ ਪੁਰਜ਼ੇ ਕੱਢੇ ਹੋਏ ਸਨ।

ਪੁਲਿਸ ਅਨੁਸਾਰ, ਉਸ ਨੂੰ ਸੂਚਨਾ ਮਿਲੀ ਕਿ ਚੈਟਸਵਰਥ ਕਸਬੇ ਦੀ ਸਾਈਡ ਰੋਡ ਨੰਬਰ 5 ’ਤੇ ਸਥਿਤ ਗੁਦਾਮ ਵਿਚ ਚੋਰੀ ਕੀਤੇ ਵਾਹਨ ਲਿਆ ਕੇ ਉਨ੍ਹਾਂ ਦੀ ਪਛਾਣ ਖਤਮ ਕਰਕੇ ਜਾਂ ਤਾਂ ਸਸਤੇ ਭਾਅ ਵੇਚ ਦਿੱਤੇ ਜਾਂਦੇ ਹਨ ਜਾਂ ਭੰਨਤੋੜ ਕਰਕੇ ਪੁਰਜ਼ੇ ਵੇਚੇ ਜਾਂਦੇ ਹਨ ਤੇ ਇਹ ਸਿਲਸਿਲਾ ਕਾਫੀ ਦੇਰ ਤੋਂ ਜਾਰੀ ਸੀ। ਓਨਟਾਰੀਓ ਪੁਲਿਸ ਦੀ ਗਰੇ ਬਰੂਸ ਕਸਬੇ ਦੇ ਦਸਤੇ ਨੇ ਅਦਾਲਤ ਤੋਂ ਤਲਾਸ਼ੀ ਵਰੰਟ ਲੈ ਕੇ ਛਾਪਾ ਮਾਰਿਆ, ਤਾਂ ਉੱਥੋਂ ਵੱਡੀ ਗਿਣਤੀ ਵਿਚ ਚੋਰੀ ਕੀਤੇ ਵਾਹਨ ਬਰਾਮਦ ਹੋਏ। ਵਾਹਨਾਂ ਦੀ ਕੀਮਤ 26 ਲੱਖ ਡਾਲਰ ਤੋਂ ਵੱਧ ਦੱਸੀ ਜਾਂਦੀ ਹੈ। ਇਨ੍ਹਾਂ ’ਚੋਂ ਕਈਆਂ ਦੇ ਉਖਾੜੇ ਹੋਏ ਪੁਰਜ਼ੇ ਕਬਾੜ ਮਾਰਕੀਟ ਵਿਚ ਭੇਜਣ ਦੀ ਤਿਆਰੀ ਸੀ। ਭੱਟੀ ਵਿਰੁੱਧ ਵੱਖ-ਵੱਖ 8 ਅਪਰਾਧਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਹਾਲਾਂਕਿ ਕੈਨੇਡਾ ਦੇ ਨਰਮ ਜ਼ਮਾਨਤੀ ਨਿਯਮਾਂ ਤਹਿਤ ਉਸ ਨੂੰ 27 ਫਰਵਰੀ ਨੂੰ ਜੱਜ ਮੂਹਰੇ ਆਤਮ ਸਮਰਪਣ ਕਰਨ ਦੀ ਸ਼ਰਤ ’ਤੇ ਜ਼ਮਾਨਤ ਦੇ ਦਿੱਤੀ ਗਈ।

## ਕੈਨੇਡਾ ਪੁਲਿਸ ਨੇ ਲਾਪਤਾ ਪੰਜਾਬਣ ਦੀ ਭਾਲ ਲਈ ਲੋਕਾਂ ਤੋਂ ਮੰਗਿਆ ਸਹਿਯੋਗ



**ਵੈਨਕੂਵਰ, (ਪੰਜਾਬ ਮੇਲ)-** ਪੀਲ ਪੁਲੀਸ ਦੋ ਮਹੀਨੇ ਪਹਿਲਾਂ ਗੁੰਮ ਹੋਈ 21 ਸਾਲਾ ਪੰਜਾਬਣ ਦੀ ਭਾਲ ਪ੍ਰਤੀ ਗੰਭੀਰ ਹੋ ਕੇ ਜੁੱਟ ਗਈ ਹੈ ਤੇ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਪੁਲਿਸ ਅਨੁਸਾਰ ਮਧਰੇ ਕੱਦ (4 ਫੁੱਟ 11 ਇੰਚ) ਵਾਲੀ ਹਰਸਿਮਰਨਜੀਤ ਨੂੰ ਆਖਰੀ ਵਾਰ ਦਸੰਬਰ ਦੇ ਪਹਿਲੇ ਹਫ਼ਤੇ ਬਰੈਂਪਟਨ ਦੇ ਮੋਫਟ ਐਵੇਨਿਊ ਅਤੇ ਹਡਸਨ ਡਰਾਈਵ ਨੇੜਲੇ ਬੱਸ ਸਟਾਪ ’ਤੇ ਦੇਖਿਆ ਗਿਆ ਸੀ। ਉਸ ਤੋਂ ਬਾਅਦ ਉਸ ਦਾ ਕੋਈ ਅਤਾ-ਪਤਾ ਨਹੀਂ ਲੱਗਾ। ਪੁਲਿਸ ਵੱਲੋਂ ਘਟਨਾ ਸਥਾਨ ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਘੋਖੀ ਜਾਣ ਲੱਗੀ ਹੈ। ਪੁਲਿਸ ਨੇ ਕੁੜੀ ਦੇ ਮੌਕੇ ਦਾ ਪਹਿਰਾਵਾ ਤੇ ਹੁਲੀਆ ਵੀ ਲੋਕਾਂ ਨਾਲ ਸਾਂਝਾ ਕੀਤਾ ਹੈ, ਤਾਂ ਜੋ ਠੋਸ ਸੁਰਾਗ ਮਿਲ ਸਕੇ। ਪੁਲਿਸ ਦਾ ਕਹਿਣਾ ਹੈ ਕਿ ਕੁੜੀ ਦੇ ਮਾਪੇ ਬੜੇ ਪ੍ਰੇਸ਼ਾਨ ਹਨ।

# ਟਰੂਡੋ ਸਰਕਾਰ ਦੇ ਦੋ ਹੋਰ ਮੰਤਰੀਆਂ ਵੱਲੋਂ ਚੋਣਾਂ ਲੜਨ ਤੋਂ ਇਨਕਾਰ


ਕੈਨੇਡੀਅਨ ਮੰਤਰੀ ਆਰਿਫ ਵਿਰਾਨੀ ਤੇ ਮੈਰੀ ਐਨਜੀ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਖਾਸਮ ਖਾਸਾਂ ਵੱਲੋਂ ਅਗਲੀਆਂ ਸੰਸਦੀ ਚੋਣਾਂ ਲੜਨ ਤੋਂ ਨਾਂਹ ਕਰਨ ਵਾਲਿਆਂ ਦੀ ਸੂਚੀ ਵਧਣ ਲੱਗੀ ਹੈ। ਕੈਨੇਡਾ ਦੇ ਕਾਨੂੰਨ ਮੰਤਰੀ ਤੇ ਅਟਾਰਨੀ ਜਨਰਲ ਆਰਿਫ ਵਿਰਾਨੀ ਅਤੇ ਕੌਮਾਂਤਰੀ ਵਪਾਰ ਤੇ ਅਰਥਚਾਰੇ ਦੇ ਵਿਕਾਸ ਬਾਰੇ ਮੰਤਰੀ ਮੈਰੀ ਐਨਜੀ ਵਲੋਂ ਆਪਣੇ ਐਕਸ ਖਾਤਿਆਂ ’ਤੇ ਐਲਾਨ ਕੀਤਾ ਗਿਆ ਹੈ ਕਿ ਉਹ ਅਗਲੀਆਂ ਚੋਣਾਂ ਵਿਚ ਲਿਬਰਲ ਪਾਰਟੀ ਦੇ ਉਮੀਦਵਾਰ ਨਹੀਂ ਬਣਨਗੇ। ਆਰਿਫ ਵਿਰਾਨੀ ਨੇ ਆਪਣੇ ਐਕਸ ਖਾਤੇ ’ਤੇ ਇਕ ਪੋਸਟ ਵਿਚ ਲਿਖਿਆ ਕਿ ਕਈ ਹਫਤੇ ਆਪਣੀ ਜ਼ਮੀਰ ਨਾਲ ਸੋਚ ਵਿਚਾਰ ਕਰਨ ਤੋਂ ਬਾਅਦ ਉਹ ਭਰੇ ਮਨ ਨਾਲ ਫੈਸਲਾ ਲੈਣ ਲਈ ਮਜਬੂਰ ਹੋਏ ਹਨ ਕਿ ਅਗਲੀਆਂ ਚੋਣਾਂ ਤੋਂ ਬਾਅਦ ਉਹ ਸੰਸਦ ਦੇ ਅੰਦਰੋਂ ਕੈਨੇਡਾ ਲਈ ਕੁਝ ਕਰ ਸਕਣ ਤੋਂ ਅਸਮਰਥ ਹੋਣਗੇ। ਉਨ੍ਹਾਂ ਅਸਿੱਧੇ ਢੰਗ ਨਾਲ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਹੈ।

ਉਧਰ ਕੌਮਾਂਤਰੀ ਵਪਾਰ ਮੰਤਰੀ ਮੈਰੀ ਨੇ ਵੀ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਹਨ। ਸਿਆਸੀ ਮਾਹਿਰ ਸਮਝਣ ਲੱਗੇ ਹਨ ਕਿ ਅਗਲੀ ਸੰਸਦੀ ਚੋਣ, ਜਿਸ ਦੇ ਅਪਰੈਲ ਅਖੀਰ ਜਾਂ ਮਈ ਦੇ ਪਹਿਲੇ ਹਫਤੇ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ, ਤੋਂ ਪਹਿਲਾਂ ਹੀ ਲਿਬਰਲ ਪਾਰਟੀ ਆਗੂਆਂ ਵਲੋਂ ਚੋਣ ਮੈਦਾਨ ’ਚੋਂ ਭੱਜਣ ਦੇ ਸੰਕੇਤ ਦਿੰਦਾ ਹੈ। ਇਹ ਆਗੂ ਆਪਣੇ ਮੱਥੇ ’ਤੇ ਹਾਰ ਦਾ ਟਿੱਕਾ ਲਵਾਉਣ ਦੀ ਥਾਂ ਚੋਣ ਲੜਨ ਤੋਂ ਨਾਂਹ ਕਰਨ ਲੱਗੇ ਹਨ।

ਸਫਾ 1 ਦਾ ਬਾਕੀ

## ਡੋਨਾਲਡ ਟਰੰਪ ਵੱਲੋਂ ਸਟੀਲ ਤੇ ਐਲੂਮੀਨੀਅਮ ਦੇ ਦਰਾਮਦ...

ਇਹ ਸਮਾਂ ਸਾਡੀਆਂ ਵੱਡੀਆਂ ਸਨਅਤਾਂ ਨੂੰ ਅਮਰੀਕਾ ਵਾਪਸ ਲਿਆਉਣ ਦਾ ਹੈ।” ਟਰੰਪ ਨੇ ਕਿਹਾ ਕਿ ਟੈਕਸਾਂ ’ਚ ਵਾਧੇ ਨਾਲ ਘਰੇਲੂ ਉਤਪਾਦਨ ’ਚ ਮਜ਼ਬੂਤੀ ਆਵੇਗੀ। ਪਰ ਸਟੀਲ ਦਰਾਮਦ ’ਤੇ ਟੈਕਸ ਨਾਲ ਉਸ ਦੇ ਭਾਈਵਾਲਾਂ ਕੈਨੇਡਾ, ਬ੍ਰਾਜ਼ੀਲ, ਮੈਕਸਿਕੋ ਅਤੇ ਦੱਖਣੀ ਕੋਰੀਆ ਨੂੰ ਵੱਡੀ ਮਾਰ ਪਵੇਗੀ।

ਕੈਨੇਡਾ ਨੇ ਸਟੀਲ ਅਤੇ ਐਲੂਮੀਨੀਅਮ ’ਤੇ ਟੈਕਸ ਲਾਉਣ ਦੀ ਆਲੋਚਨਾ ਕੀਤੀ ਹੈ। ਕੈਨੇਡੀਅਨ ਚੈਂਬਰ ਆਫ਼ ਕਾਮਰਸ ਦੇ ਪ੍ਰਧਾਨ ਅਤੇ ਸੀ.ਈ.ਓ. ਕੈਨਡੇਸ ਲੈਂਗ ਨੇ ਕਿਹਾ ਕਿ ਟਰੰਪ ਆਲਮੀ ਅਰਥਚਾਰੇ ’ਚ ਅਸਥਿਰਤਾ ਪੈਦਾ ਕਰਨ ਵਾਲੀ ਤਾਕਤ ਹਨ। ਉਨ੍ਹਾਂ ਕਿਹਾ ਕਿ ਟੈਕਸਾਂ ’ਚ ਵਾਧੇ ਦਾ ਮਤਲਬ ਹੈ ਕਿ ਬੇਯਕੀਨੀ ਦਾ ਮਾਹੌਲ ਲਗਾਤਾਰ ਕਾਇਮ ਰਹੇਗਾ। ਉਧਰ ਯੂਰਪ ਅਤੇ ਚੀਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਇਸ ਟੈਰਿਫ ਨੂੰ ਲਾਗੂ ਕਰਦਾ ਹੈ, ਤਾਂ ਉਹ ਅਮਰੀਕੀ ਉਤਪਾਦਾਂ ’ਤੇ ਵੀ ਸਖਤ ਪਾਬੰਦੀਆਂ ਲਗਾ ਸਕਦੇ ਹਨ। ਇਸ ਫੈਸਲੇ ਤੋਂ ਬਾਅਦ ਗਲੋਬਲ ਬਾਜ਼ਾਰ ’ਚ ਉਥਲ-ਪੁਥਲ ਤੇਜ਼ ਹੋ ਗਈ ਹੈ ਅਤੇ ਨਿਵੇਸ਼ਕ ਸਥਿਤੀ ’ਤੇ ਨਜ਼ਰ ਰੱਖ ਰਹੇ ਹਨ।






# ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ...



- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA




ਪਿਛਲੇ ਦਿਨਾਂ ਤੋਂ ਇੱਕ ਗੀਤ ਨੂੰ ਆਮ ਲੋਕਾਂ ਅਤੇ ਸੋਸ਼ਲ ਮੀਡੀਏ ਦੇ ਵੱਖ-ਵੱਖ ਸਾਧਨਾਂ ਵਿਚ ਵੱਡੇ ਪੱਧਰ ‘ਤੇ ਪ੍ਰਚਾਰਿਆ ਜਾ ਰਿਹਾ ਹੈ। ਖੈਰ ਗੱਲ ਵੀ ਵੱਡੀ ਹੈ ਕਿਉਂਕਿ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਜੋ ਅਮਰੀਕਾ ਦੇ ਵਿਚ ਗੈਰ ਕਾਨੂੰਨੀ ਤੌਰ ‘ਤੇ ਰਹਿ ਰਹੇ ਸਨ, ਉਨ੍ਹਾਂ ਨੂੰ ਉਥੋਂ ਦੇ ਰਾਸ਼ਟਰਪਤੀ ਟਰੰਪ ਵੱਲੋਂ ਵਾਪਸ ਘਰ ਭੇਜਣ ਦੀ ਜਿਹੜੀ ਸਾਰੀ ਗੱਲਬਾਤ ਹੈ, ਉਹ ਸ਼ੁਰੂ ਕਰ ਰੱਖੀ ਹੈ। ਇਹ ਠੀਕ ਹੈ ਕਿ ਹਰੇਕ ਸਰਕਾਰਾਂ ਵੱਲੋਂ ਆਪਣੇ ਪੱਧਰ ’ਤੇ ਆਪਣੇ ਦੇਸ਼ ਜਾਂ ਸੂਬੇ ਨੂੰ ਪੈਰਾਂ ਸਿਰ ਕਰਨ ਦੇ ਲਈ ਵੱਡੇ ਪੱਧਰ ’ਤੇ ਵਿਉਂਤਬੰਦੀ ਕੀਤੀ ਜਾਂਦੀ ਹੈ ਪਰ ਇਹ ਵੀ ਸਹੀ ਹੈ ਕਿ ਸਾਡੇ ਪੰਜਾਬੀਆਂ ਵੱਲੋਂ ਬਹੁਤ ਪ੍ਰਵਾਸ ਜਿਹੜਾ ਉਹ ਬਾਹਰਲੇ ਮੁਲਕਾਂ ਵਿਚ ਕੀਤਾ ਸੀ। ਨੌਜਵਾਨੀ ਪੰਜਾਬ ਨੂੰ ਬੇਦਾਵਾ ਦੇ ਕੇ ਦੂਜੇ ਮੁਲਕਾਂ ਵਿਚ ਜਾ ਕੇ ਆਪਣਾ ਰੈਣ ਬਸੇਰਾ ਬਣਾ ਰਹੀ ਸੀ।

ਖੈਰ, ਗੱਲ ਕਰ ਰਹੇ ਸੀ ਟਰੰਪ ਅਤੇ ਇੱਕ ਉਸ ਗੀਤ ਦੀ, ਜਿਸ ਦੀ ਅੱਜਕੱਲ੍ਹ ਚਰਚਾ ਪੂਰੇ ਜ਼ੋਰਾਂ ’ਤੇ ਹੈ। ਉਹ ਗੀਤ ਵੱਡੇ ਪੱਧਰ ’ਤੇ ਸੁਣਿਆ ਗਿਆ, ਪ੍ਰਚਾਰਿਆ ਗਿਆ। ਬਹੁਤ ਸਾਰੇ ਲੋਕਾਂ ਨੇ ਉਸ ਦੀ ਨੁਕਤਾਚੀਨੀ ਵੀ ਕੀਤੀ ਕਿਉਂਕਿ ਗੀਤ ਦੇ ਬੋਲ ਹੀ ਕੁਝ ਅਜਿਹੇ ਸਨ, ਜਿਸ ਦਾ ਸਿਰਲੇਖ ਸੀ ‘ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ’ ਪਰ ਹੁਣ ਟਰੰਪ ਨੇ ਜੱਟਾਂ ਦੇ ਪੁੱਤ ਰੋਕ ਕੇ ਵਿਖਾ ਦਿੱਤੇ। ਸਾਡੇ ਪੰਜਾਬ ਦੇ ਕਲਾਕਾਰਾਂ ਨੂੰ ਹੋਇਆ ਪਤਾ ਨਹੀਂ ਕੀ ਹੈ, ਇਹ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੀ ਜਵਾਨੀ ਨੂੰ ਗੁੰਮਰਾਹ ਕਰਕੇ ਆਪਣੇ ਰੁਪਈਏ ਕਮਾ ਰਹੇ ਹਨ। ਆਪਦੇ ਪਰਿਵਾਰਾਂ ਦੀਆਂ ਜਾਇਦਾਦਾਂ ਵਿਚ ਵਾਧਾ ਕਰ ਰਹੇ ਹਨ ਪਰ ਸਾਡਾ ਪੰਜਾਬ ਉਜੜਦਾ ਜਾ ਰਿਹਾ ਹੈ। ਅਸੀਂ ਕਿੱਧਰ ਤੁਰ ਚੱਲੇ ਹਾਂ। ਅਸੀਂ ਕਲਾਕਾਰਾਂ ਨੂੰ ਚਾਰ ਸਵਾਲ ਪੁੱਛਣ ਦੇ ਲਾਇਕ ਵੀ ਨਹੀਂ ਰਹੇ। ਅਸੀਂ ਕਦੇ ਟਰੰਪ ਦੀਆਂ ਨਕਲਾਂ ਉਤਾਰਦੇ ਹਾਂ ਤੇ ਕਦੇ ਟਰੂਡੋ ਦੀਆਂ।

ਪਰ ਅਸੀਂ ਆਪ ਕੀ ਕਰ ਰਹੇ ਹਾਂ। ਸਾਨੂੰ ਕਹਿਣ ਦੀ ਲੋੜ ਨਹੀਂ। ਸਾਡੇ ਕਲਾਕਾਰਾਂ ਨੇ ਪੰਜਾਬ ਦੀ ਜਵਾਨੀ ਦਾ ਸਾਡੇ ਸੂਬੇ ਦਾ ਭੱਠਾ ਗੁੱਲ ਕਰਕੇ ਰੱਖ ਦਿੱਤਾ ਹੈ। ਇਹ ਕਲਾਕਾਰ ਪਤਾ ਨਹੀਂ ਕਿੱਥੋਂ ਦੇ ਵਸਨੀਕ ਹਨ, ਜਿਹੜੇ ਟਰੰਪ ਨੂੰ ਗੀਤਾਂ ਵਿਚ ਘਸੇੜ ਕੇ ਸਾਡੀ ਨੌਜਵਾਨੀ ਦਾ ਨੁਕਸਾਨ ਕਰ ਰਹੇ ਹਨ। ਇਹ ਗੱਲ ਸੱਚੀ ਹੈ ਜਾਂ ਨਹੀਂ, ਇਸ ਬਾਰੇ ਤਾਂ ਕੁਝ ਵੀ ਕਿਹਾ ਨਹੀਂ ਜਾ ਸਕਦਾ ਪਰ ਟਰੰਪ ਵਾਲੇ ਗੀਤ ਦੀ ਚਰਚਾ ਵੱਡੇ ਪੱਧਰ ’ਤੇ ਹੋ ਰਹੀ ਹੈ। ਕੀ ਹੁਣ ਉਹ ਕਲਾਕਾਰ ਮਾਫੀ ਮੰਗੇਗਾ ਜਾਂ ਸਾਡੇ ਪੰਜਾਬੀ ਵੀਰ ਉਸ ਕਲਾਕਾਰ ਤੋਂ ਮਾਫੀ ਮੰਗਵਾਉਣਗੇ। ਇਹ ਵੀ ਚਰਚਾ ਦਾ ਵਿਸ਼ਾ ਹੈ, ਬਹੁਤ ਸਾਰੇ ਲੋਕ ਇਸ ’ਤੇ ਵੀ ਚਰਚਾ ਕਰ ਰਹੇ ਹਨ। ਚਲੋ ਖੈਰ ਜੋ ਵੀ ਹੋਇਆ ਪਰ ਕਈ ਸੱਜਣ ਇਸ ਗੱਲ ਨੂੰ ਲੈ ਕੇ ਭਾਵੇਂ ਵੱਡੇ ਪੱਧਰ ’ਤੇ ਕਿੰਤੂ ਕਰ ਰਹੇ ਹਨ।

ਪਰ ਕਈ ਪੰਜਾਬੀ ਵੀਰਾਂ ਦਾ ਤਰਕ ਹੈ ਕਿ ਹੁਣ ਟਰੰਪ ਸਰਕਾਰ ਦੇ ਫੈਸਲੇ ਨਾਲ ਪੰਜਾਬ ਦੀ ਜ਼ਮੀਨ ਬਚ ਜਾਵੇ ਜਾਂ ਪੰਜਾਬ ਦਾ ਸਰਮਾਇਆ ਲੁੱਟਣੋਂ ਬਚ ਜਾਵੇ। ਉਸ ਤੋਂ ਅੱਗੇ ਜਾ ਕੇ ਸੋਚੀਏ, ਤਾਂ ਪੰਜਾਬ ਦੀ ਨੌਜਵਾਨੀ ਜਿਹੜੀ ਵਿਦੇਸ਼ਾਂ ਦੇ ਵਿਚ ਪ੍ਰਵਾਸ ਕਰ ਰਹੀ ਸੀ, ਉਹ ਵੀ ਰੁੱਕ ਜਾਵੇ। ਕਿਉਂਕਿ ਕੈਨੇਡਾ ਨੇ ਇਸ ਤੋਂ ਪਹਿਲਾਂ ਹੀ ਪਾਬੰਦੀ ਲਗਾ ਦਿੱਤੀ ਹੈ। ਹੁਣ ਅਮਰੀਕਾ ਤੇ ਫਿਰ ਉਸ ਤੋਂ ਬਾਅਦ ਇੰਗਲੈਂਡ ਨੇ ਵੱਡੇ ਫੈਸਲੇ ਲਏ ਹਨ। ਸਿਆਸੀ ਸੱਜਣਾਂ ਦਾ ਤਰਕ ਹੈ ਕਿ ਹੁਣ ਸ਼ਾਇਦ ਪੰਜਾਬ ਬਚ ਜਾਵੇ, ਇਥੋਂ ਦੀ ਜ਼ਮੀਨ ਵਿਕਣੋਂ ਬਚ ਜਾਵੇ, ਇਹ ਤਾਂ ਭਾਵੇਂ ਗੱਲਾਂ ਆਉਣ ਵਾਲੇ ਸਮੇਂ ਦੇ ਗਰਭ ’ਚ ਲੁਕੀਆਂ ਹਨ ਕਿ ਹੋਵੇਗਾ ਕੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਪਰ ਹਾਲ ਦੀ ਘੜੀ ਟਰੰਪ ਦੇ ਫੈਸਲੇ ਨਾਲ ਪੰਜਾਬ ਉੱਤੇ ਸੰਕਟ ਦੇ ਬੱਦਲ ਜ਼ਰੂਰ ਛਾਏ ਹੋਏ ਹਨ। ਉਸ ਤੋਂ ਪਹਿਲਾਂ ਕੈਨੇਡਾ ਦੀਆਂ ਨੀਤੀਆਂ ਨੇ ਨੌਜਵਾਨ ਵਰਗ ਨੂੰ ਖਾਸ ਕਰ ਵਿਦਿਆਰਥੀ ਵਰਗ ਨੂੰ ਪ੍ਰਭਾਵਿਤ ਜ਼ਰੂਰ ਕੀਤਾ ਹੈ। ਹੁਣ ਇੰਗਲੈਂਡ ਦੇ ਫੈਸਲੇ ਨਾਲ ਪੰਜਾਬੀਆਂ ਦਾ ਬੁਰੀ ਤਰ੍ਹਾਂ ਲੱਕ ਟੁੱਟ ਜਾਵੇਗਾ। ਸਾਨੂੰ ਭਾਵੇਂ ਵਰ੍ਹੇ ਹੋ ਚੁੱਕੇ ਹਨ ਪਰ ਟਰੰਪ ਦਾ ਜਿਹੜਾ ਫੈਸਲਾ ਹੈ, ਉਹ ਜਿੱਥੇ ਪੰਜਾਬੀਆਂ ਨੂੰ ਪ੍ਰਭਾਵਿਤ ਕਰੇਗਾ। ਉੱਥੇ ਹੀ ਅਮਰੀਕਾ ਦੇ ਵਾਸੀਆਂ ਲਈ ਇਹ ਫੈਸਲੇ ਉਥੋਂ ਦੇ ਲੋਕ ਇਸ ਗੱਲ ਨੂੰ ਚੰਗਾ ਮੰਨ ਕੇ ਚੱਲ ਰਹੇ ਹਨ ਕਿ ਟਰੰਪ ਦਾ ਫੈਸਲਾ ਵਧੀਆ ਹੈ। ਪਰ ਸੱਚ ਕੀ ਹੈ, ਇਹ ਤਾਂ ਭਾਵੇਂ ਆਉਣ ਵਾਲਾ ਸਮਾਂ ਦੱਸੇਗਾ ਪਰ ਸਾਡੇ ਕਲਾਕਾਰਾਂ ਨੇ ਸਾਡੇ ਸੂਬੇ ਦੀ ਜਖਣਾ ਜ਼ਰੂਰ ਪੱਟ ਕੇ ਰੱਖ ਦਿੱਤੀ ਹੈ। ਹੁਣ ਮਾਵਾਂ ਦੇ ਪੁੱਤ 50-50 ਲੱਖ ਰੁਪਿਆ ਲਾ ਕੇ ਦੇਸ਼ ਨੂੰ ਵਾਪਸ ਮੁੜ ਰਹੇ ਹਨ। ਇਹ ਗੱਲਾਂ ਭਵਿੱਖ ਦੀਆਂ ਹਨ ਪਰ ਕੁੱਲ ਮਿਲਾ ਕੇ ਪੰਜਾਬੀਆਂ ਦਾ ਨੁਕਸਾਨ ਬਹੁਤ ਹੋ ਰਿਹਾ ਹੈ, ਪੰਜਾਬੀਆਂ ਦਾ ਦਰਦ ਝੱਲਿਆ ਨਹੀਂ ਜਾ ਰਿਹਾ।



FOR SALE & PURCHASE OF
ANY KIND OF PROPERTY

RE/MAX
Outstanding Agents
Outstanding Results
DRE Lic. # 01215931 (Broker)
Gurjatinder S. Randhawa
REALTOR
CA DRE licence # 01490567
916-320-9444

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**
**Glow TV # 1828, Tashan # 131, Real TV etc.**

For any Information & Advertisement Call at

## +1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਆਮ ਆਦਮੀ ਪਾਰਟੀ ਦੀ ਦਿੱਲੀ ਵਿਖੇ ਸਮੇਤ ਪਾਰਟੀ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਨਮੋਸ਼ੀਜਨਕ ਹਾਰ ! !

## ਆਮ ਆਦਮੀ ਪਾਰਟੀ ਪੰਜਾਬ ਵਿਚ 'ਖੇਤਰੀ ਪਾਰਟੀ' ਬਣਾਉਣ ਦੀ ਪਹਿਲ ਕਦਮੀ ਕਰੇ।




ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



ਆਮ ਆਦਮੀ ਪਾਰਟੀ ਜਿਸ ਦਾ ਜਨਮ ਲਗਭਗ 12-13 ਵਰ੍ਹੇ ਪਹਿਲਾਂ ਹੀ ਹੋਇਆ ਸੀ। ਦਿੱਲੀ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ ਵਿਚ 70 ਵਿਚੋਂ 67 ਤੇ ਫਿਰ 62 ਸੀਟਾਂ ਜਿੱਤਣ ਵਾਲੀ ਇਸ ਪਾਰਟੀ ਦੇ ਸੁਪਰੀਮੋ ਸ਼੍ਰੀ ਕੇਜਰੀਵਾਲ ਦੀਆਂ ਡਿਕਟੇਟਰਸ਼ਾਹੀ ਤੇ ਆਪ ਹੁਦਰੀਆਂ ਨੀਤੀਆਂ ਕਾਰਨ 2025 ਦੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਸਿਰਫ 23 ਸੀਟਾਂ 'ਤੇ ਸਿਮਟ ਕੇ ਰਹਿ ਗਈ ਹੈ। ਜਦੋਂਕਿ ਤਾਜ਼ਾ ਹੋਈਆਂ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ 47 ਸੀਟਾਂ ਮਿਲੀਆਂ ਹਨ। ਇਸ ਤੋਂ ਵੀ ਵਧੇਰੇ ਮਾੜੀ ਗੱਲ ਇਹ ਹੋਈ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਸਮੇਤ ਡਿਪਟੀ ਮੁੱਖ ਮੰਤਰੀ ਸ਼੍ਰੀ ਮੁਨੀਸ਼ ਸਿਸੋਦੀਆ ਤੇ ਕਈ ਹੋਰ ਮੁੱਖ ਆਗੂ ਵੀ ਇਸ ਚੋਣ ਵਿਚ ਬੁਰੀ ਤਰ੍ਹਾਂ ਹਾਰ ਗਏ ਹਨ। ਸੰਨ 2012 ਵਿਚ ਜਦੋਂ ਇਸ ਪਾਰਟੀ ਦਾ ਨਿਰਮਾਣ ਹੋਇਆ, ਉਸ ਸਮੇਂ ਸੁਪਰੀਮ ਕੋਰਟ ਦੇ ਉਘੇ ਵਕੀਲ ਸ਼੍ਰੀ ਪ੍ਰਸ਼ਾਂਤ ਭੂਸ਼ਨ ਜਿਸ ਨੇ ਨਵੀਂ ਬਣੀ ਇਸ ਪਾਰਟੀ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ 2 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਵੀ ਦੱਸੀ ਜਾਂਦੀ ਹੈ, ਤੋਂ ਬਿਨਾ ਸ਼੍ਰੀ ਯੋਗਿੰਦਰ ਯਾਦਵ, ਮੈਡਮ ਸ਼ਾਜੀਆ ਇਲਮੀ, ਸ਼੍ਰੀ ਆਸ਼ੂਤੋਸ਼, ਸ਼੍ਰੀ ਕੁਮਾਰ ਵਿਸ਼ਵਾਸ ਆਦਿ ਬਹੁਤ ਸਾਰੇ ਫਾਊਂਡਰ ਮੈਂਬਰਾਂ ਤੋਂ ਬਿਨਾ ਪੰਜਾਬ ਪਾਰਟੀ ਦੇ ਪ੍ਰਧਾਨ ਸ. ਸੁੱਚਾ ਸਿੰਘ ਛੋਟੇਪੁਰ, ਸ. ਸੁਖਪਾਲ ਸਿੰਘ ਖਹਿਰਾ, ਸ. ਗੁਰਪ੍ਰੀਤ ਘੁੱਗੀ, ਪੰਜਾਬ ਵਿਧਾਨ ਸਭਾ ਦੇ ਕਈ ਮੈਂਬਰਾਂ ਆਦਿ ਦੀ ਲੰਮੀ ਕਤਾਰ ਵੀ ਮਿਲ ਸਕਦੀ ਹੈ, ਜਿਨਾਂ ਵਿਚ 2012 ਦੀਆਂ ਪਹਿਲੀਆਂ ਲੋਕ ਸਭਾ ਚੋਣਾਂ ਵਿਚ ਲੋਕ ਸਭਾ ਵਿਚ 4 ਜਿੱਤੇ ਮੈਂਬਰਾਂ ਵਿਚੋਂ ਤਿੰਨ ਮੈਂਬਰ ਡਾ. ਧਰਮਵੀਰ ਗਾਂਧੀ ਸਮੇਤ ਵੀ ਸ਼੍ਰੀ ਕੇਜਰੀਵਾਲ ਦੀ ਹੈਂਕੜਸ਼ਾਹੀ ਸੋਚ ਕਾਰਨ ਪਾਰਟੀ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰ ਗਏ ਸਨ। ਪਾਰਟੀ ਦੇ ਕੁਝ ਫਾਊਂਡਰ ਮੈਂਬਰਾਂ ਨੇ ਪ੍ਰੈੱਸ ਵਿਚ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਸ਼੍ਰੀ ਕੇਜਰੀਵਾਲ ਆਪਣੀ ਹੀ ਪਾਰਟੀ ਦੇ ਆਗੂਆਂ ਤੋਂ ਕਈ ਪ੍ਰਕਾਰ ਦੇ ਝੂਠੇ ਫੋਨ 'ਵਿਰੋਧੀ ਪਾਰਟੀਆਂ' ਨੂੰ ਕਰਾਉਂਦੇ ਰਹੇ ਹਨ ਕਿ ਸਾਡੇ ਜਿੱਤੇ ਮੈਂਬਰਾਂ ਨੂੰ ਖਰੀਦਣ ਲਈ ਕਰੋੜਾਂ ਰੁਪਏ ਦੀ ਰਿਸ਼ਵਤ ਦਿੱਤੇ ਜਾਣ ਦੇ ਲਾਲਚ ਦੇ ਰਹੇ ਹਨ। ਜਿਸ ਦਾ ਦੋਸ਼ ਉਹ ਵਿਰੋਧੀ ਧਿਰ ਦੀਆਂ ਪਾਰਟੀਆਂ 'ਤੇ ਹੀ ਸਿਰਫ ਮੜ੍ਹਦੇ ਨਹੀਂ ਰਹੇ, ਬਲਕਿ ਆਮ ਆਦਮੀ ਪਾਰਟੀ ਦੇ ਮਾਨ-ਸਵੈਮਾਨ ਨੂੰ ਵੀ ਦਾਅ 'ਤੇ ਲਗਾਉਂਦੇ ਰਹੇ ਹਨ। ਜਿਸ ਦਾ ਨਤੀਜਾ ਇੰਨੇ ਥੋੜ੍ਹੇ ਜਿਹੇ ਸਮੇਂ ਵਿਚ ਇਹ ਪਾਰਟੀ ਰਸਾਤਲ ਵਿਚ ਜਾ ਧੱਸੀ ਹੈ। ਇਸ ਪਾਰਟੀ ਦੇ ਆਗੂਆਂ ਨੇ ਜਿਸ ਤਰ੍ਹਾਂ ਦੇ ਵਾਅਦੇ ਦੇਸ਼ ਦੇ ਲੋਕਾਂ ਨਾਲ ਹੋਂਦ ਵਿਚ ਆਉਣ ਤੋਂ ਪਹਿਲਾਂ ਵਿਖਾਏ ਸੀ, ਉਸ ਤੋਂ ਲੋਕਾਂ ਨੂੰ ਇਹ ਆਸ ਬੱਝੀ ਸੀ ਕਿ ਇਹ ਪਾਰਟੀ ਦੇਸ਼ ਦੀਆਂ ਹੋਰ ਪਾਰਟੀ ਤੋਂ ਨਿਵੇਕਲੀ ਹੋਵੇਗੀ ਪਰ ਇਹ ਨਹੀਂ ਸੀ ਪਤਾ ਕਿ ਵਡੀਆਂ-ਵੱਡੀਆਂ ਟਾਹਰਾਂ ਮਾਰਨ ਵਾਲੀ ਪਾਰਟੀ ਰਵਾਇਤੀ ਪਾਰਟੀਆਂ ਵਿਚ ਪਈਆਂ ਹੋਈਆਂ ਬੁਰਿਆਈਆਂ ਤੋਂ ਚਾਰ ਕਦਮ ਹੋਰ ਅਗੇ ਲੰਘ ਜਾਵੇਗੀ। ਇਸ ਪਾਰਟੀ ਦੇ ਆਗੂ ਸ਼੍ਰੀ ਕੇਜਰੀਵਾਲ ਬਾਰੇ ਟੀ.ਵੀ. ਚੈਨਲਾਂ ਜਿਨ੍ਹਾਂ ਵਿਚੋਂ ਕਈ ਅਜਿਹੇ ਵੀ ਸਨ, ਜਿਨ੍ਹਾਂ ਨੇ ਇਸ ਪਾਰਟੀ ਦੀਆਂ ਨੀਤੀਆਂ ਨੂੰ ਬੜੇ ਚੰਗੇ ਢੰਗ ਨਾਲ ਲੋਕਾਂ ਅੱਗੇ ਪੇਸ਼ ਕਰਦੇ ਸਨ, ਉਹ ਤਾਂ ਹੁਣ ਇਹ ਵੀ ਕਹਿੰਦੇ ਸੁਣੇ ਜਾ ਰਹੇ ਹਨ ਕਿ ਸ਼੍ਰੀ ਕੇਜਰੀਵਾਲ ਬੜੀ ਕਮਜ਼ੋਰ ਮਾਨਸਿਕਤਾ ਵਾਲੇ ਆਗੂ ਹਨ। ਇਨ੍ਹਾਂ ਨੂੰ ਜਿਸ ਆਗੂ ਤੋਂ ਵੀ ਮਾੜਾ ਜਿਹਾ ਖਤਰਾ ਅਨੁਭਵ ਹੋਇਆ ਕਿ ਇਹ ਕਿਧਰੇ ਮੇਰੇ ਤੋਂ ਅੱਗੇ ਲੰਘ ਕੇ ਮੇਰੀ ਗੱਦੀ ਨਾ ਖੋਹ ਲਵੇ, ਉਨ੍ਹਾਂ ਸਾਰਿਆਂ ਨੂੰ ਇਕ-ਇਕ ਕਰਕੇ ਪਾਰਟੀ ਵਿਚੋਂ ਕੋਈ ਨਾ ਕੋਈ ਨਿਰਮੂਲ ਬਹਾਨਾ ਬਣਾ ਕੇ ਬਾਹਰ ਦਾ ਰਸਤਾ ਵਿਖਾਉਂਦੇ ਰਹੇ ਹਨ। ਸੂਝਵਾਨ ਰਾਜਸੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਜਿਨ੍ਹਾਂ ਪਾਰਟੀਆਂ ਕੋਲ ਅਜਿਹੇ ਆਗੂ ਅਗਵਾਈ ਕਰਦੇ ਹੋਣ, ਉਹ ਪਾਰਟੀ ਬਹੁਤਾ ਚਿਰ ਚੱਲ ਨਹੀਂ ਸਕਦੀ। ਬਸ ਉਹ ਕੁਝ ਹੀ ਇਸ ਆਮ ਆਦਮੀ ਪਾਰਟੀ ਨਾਲ ਹੋ ਗੁਜ਼ਰਿਆ ਹੈ। ਸ਼ੁਰੂ ਵਿਚ ਇਸ ਪਾਰਟੀ ਬਾਰੇ ਇਹ ਵੀ ਮੰਨਿਆ ਜਾਂਦਾ ਸੀ ਕਿ ਇਹ ਪਾਰਟੀ ਧਰਮ ਨਿਰਪੱਖ ਹੋਵੇਗੀ, ਪਰ ਜੇਕਰ ਇਸ ਦੇ ਪਿਛੋਕੜ ਦੇ ਇਤਿਹਾਸ ਤੇ ਦਿੱਲੀ ਦੇ ਰਾਜ ਭਾਗ ਉਤੇ ਨਜ਼ਰ ਮਾਰੀਏ, ਇਸ ਪਾਰਟੀ ਨੇ ਆਪਣੇ ਦਿੱਲੀ ਦੇ ਮੰਤਰੀ ਮੰਡਲ ਵਿਚ ਇਕ ਵੀ ਸਿੱਖ ਤੇ ਮੁਸਲਿਮ ਚਿਹਰਾ ਸ਼ਾਮਲ ਨਹੀਂ ਕੀਤਾ। ਬਲਕਿ ਸਿੱਖਾਂ ਤੇ ਮੁਸਲਮਾਨਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਚਾਹੇ ਜੰਮੂ ਕਸ਼ਮੀਰ ਦੀ ਧਾਰਾ 370, 35ਏ ਖਤਮ ਕਰਨ ਦਾ ਸੀ ਜਾਂ ਫਿਰ ਐੱਨ.ਆਰ.ਸੀ. ਦੇ ਵਿਰੋਧ ਕਰਨ ਦਾ ਸੀ, ਜਾਂ ਫਿਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਸੀ, ਇਸ ਨੇ ਕਦੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਬੁਲੰਦ ਨਹੀਂ ਕੀਤੀ। ਹੋਰ ਤੇ ਹੋਰ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਮਾਨਸਿਕ ਤੌਰ 'ਤੇ ਬਿਮਾਰ ਪ੍ਰੋ. ਦਵਿੰਦਰ ਸਿੰਘ ਭੁੱਲਰ ਨੂੰ ਪੰਜਾਬ ਜੇਲ੍ਹ ਵਿਚ ਤਬਦੀਲ ਕਰਨ ਦਾ ਫੈਸਲਾ ਸੀ, ਇਸੇ ਕੇਜਰੀਵਾਲ ਨੇ ਉਸ ਨੂੰ ਪੰਜਾਬ ਜੇਲ੍ਹ ਵਿਚ ਤਬਦੀਲ ਕਰਨ ਦੀ ਆਗਿਆ ਤੱਕ ਨਹੀਂ ਸੀ ਦਿੱਤੀ। ਸ਼੍ਰੀ ਕੇਜਰੀਵਾਲ ਜਿਹੜੇ ਆਮ ਆਦਮੀ ਪਾਰਟੀ ਦੀ ਪੌੜੀ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਆਪਣੇ ਮਨ ਵਿਚ ਵਸਾ ਕੇ ਭਾਜਪਾ ਵਾਂਗ ਇਕ ਦੂਸਰੀ ਹਿੰਦੂਤਵੀ ਪਾਰਟੀ ਦਾ ਰੂਪ ਧਾਰਨ ਕਰ ਚੁੱਕੀ ਸੀ। ਕੁਝ ਟੀ.ਵੀ. ਚੈਨਲਾਂ ਵਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਵੱਡੀ ਹਿੰਦੂਤਵੀ ਪਾਰਟੀ (ਭਾਜਪਾ) ਨੇ ਛੋਟੀ ਹਿੰਦੂਤਵੀ ਪਾਰਟੀ (ਆਮ ਆਦਮੀ ਪਾਰਟੀ) ਨੂੰ ਨਿਗਲ ਲਿਆ ਹੈ। ਪੰਜਾਬ ਦੇ ਲੋਕ ਬੜੀ ਚੰਗੀ ਤਰ੍ਹਾਂ ਇਹ ਵੀ ਜਾਣਦੇ ਹਨ ਕਿ ਸ਼੍ਰੀ ਕੇਜਰੀਵਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਇੱਛਾ ਰੱਖਦੇ ਸਨ ਕਿਉਂਕਿ ਦਿੱਲੀ ਤਾਂ ਕੁਝ ਕਾਰਪੋਰੇਸ਼ਨਾਂ ਜਿੰਨਾ ਛੋਟਾ ਜਿਹਾ ਪ੍ਰਾਂਤ ਹੈ, ਜਿਸ ਕੋਲ ਅਧਿਕਾਰ ਵੀ ਬਹੁਤ ਸੀਮਤ ਜਿਹੇ ਹਨ, ਇਸ ਕਰਕੇ ਉਹ ਆਪਣੇ ਮਨ ਵਿਚ ਪੂਰੇ ਪ੍ਰਾਂਤ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਸਮੋਈ ਬੈਠੇ ਸਨ, ਜੋ ਪੰਜਾਬ ਦੇ ਲੋਕਾਂ ਨੇ ਪੂਰਾ ਨਹੀਂ ਹੋਣ ਦਿੱਤਾ, ਹਾਂ ਅਸਿੱਧੇ ਤੌਰ 'ਤੇ ਉਹ ਦਿੱਲੀ ਦੇ ਆਪਣੇ ਵਰਕਰਾਂ ਦੀ ਫੌਜ ਰਾਹੀਂ ਕਾਫੀ ਹੱਦ ਤੱਕ ਪੰਜਾਬ ਵਿਚ ਰਾਜ ਕਰਦੇ ਨਜ਼ਰ ਜ਼ਰੂਰ ਆ ਰਹੇ ਹਨ। ਪੰਜਾਬ ਦੇ ਨੌਜੁਆਨਾਂ ਵਿਚ ਕਾਫੀ ਨਿਰਾਸ਼ਾ ਹੈ ਕਿ ਉਨ੍ਹਾਂ ਦੇ ਹੱਕ ਖੋਹ ਕੇ ਦੂਸਰੇ ਰਾਜਾਂ ਹਰਿਆਣਾ, ਦਿੱਲੀ, ਰਾਜਸਥਾਨ ਤੇ ਹਿਮਾਚਲ ਦੇ ਨੌਜੁਆਨਾਂ ਨੂੰ ਦਿੱਤੇ ਗਏ ਹਨ। ਪੰਜਾਬ ਵਿਚ ਕੋਈ ਵੀ ਉਦਘਾਟਨ ਹੋਵੇ ਸ਼੍ਰੀ ਕੇਜਰੀਵਾਲ ਦਾ ਨਾਂ ਪੰਜਾਬ ਦੇ ਮੁੱਖ ਮੰਤਰੀ ਦੇ ਨਾਲ ਲਿਖਿਆ ਹੋਇਆ ਤੁਸੀਂ ਜ਼ਰੂਰ ਵੇਖ ਸਕਦੇ ਹੋ, 'ਉਹ ਕਿਹੜੀ ਗੱਲੀ ਜਿਥੇ ਭਾਗੋ ਨਹੀਂ ਖੱਲੀ'। ਇਹ ਹਾਲ ਹੈ ਸ਼੍ਰੀ ਕੇਜਰੀਵਾਲ ਦਾ। ਦਿੱਲੀ ਦੀਆਂ ਚੋਣਾਂ ਹਾਰਨ ਤੋਂ ਤੁਰੰਤ ਬਾਅਦ ਬੜੀ ਬੇਸ਼ਰਮੀ ਨਾਲ ਪਤਾ ਨਹੀਂ ਕਿਹੜੇ ਮੂੰਹ ਨਾਲ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ, ਮੰਤਰੀਆਂ ਤੇ ਵਿਧਾਨ ਸਭਾ ਮੈਂਬਰਾਂ ਦੀ ਮੀਟਿੰਗ ਦਿੱਲੀ ਵਿਖੇ ਬੁਲਾ ਲਈ ਹੈ, ਜਿਸ ਨੂੰ ਪੰਜਾਬ ਦੇ ਲੋਕ ਬੜੀਆਂ ਹੈਰਾਨੀ ਤੇ ਨਾਰਾਜ਼ਗੀ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦਿੱਲੀ ਵਿਚ ਇੰਨਾ ਕੁਝ ਹੋ ਚੁੱਕਣ ਦੇ ਬਾਵਜੂਦ ਸ਼੍ਰੀ ਕੇਜਰੀਵਾਲ ਨੂੰ ਸਮਝ ਨਹੀਂ ਆਈ। ਪੰਜਾਬ ਦੇ ਚਿੰਤਕਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਦੀ ਲੀਡਰਸ਼ਿਪ ਨੇ ਸ਼ਿਆਣਪ ਤੋਂ ਕੰਮ ਨਾ ਲਿਆ, ਤਾਂ ਉਹ ਦਿਨ ਵੀ ਬਹੁਤੇ ਦੂਰ ਨਹੀਂ, ਜਦੋਂ ਦੇਸ਼ ਵਿਚ ਇਕੋ ਇਕ ਰਹਿ ਗਏ ਸੂਬੇ ਜਿਥੇ ਆਮ ਆਦਮੀ ਪਾਰਟੀ ਦਾ ਰਾਜ ਹੈ। ਇਹ ਸੂਬਾ ਵੀ 2027 ਦੀਆਂ ਚੋਣਾਂ ਜਾਂ ਉਸ ਤੋਂ ਪਹਿਲਾਂ-ਪਹਿਲਾਂ ਆਮ ਆਦਮੀ ਪਾਰਟੀ ਕੋਲੋਂ ਸਦਾ ਲਈ ਖੁੱਸ ਜਾਵੇਗਾ। ਇਸ ਲਈ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਨੂੰ ਸਮਝਣ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਉਸ ਦੇ ਮੰਤਰੀ ਮੰਡਲ ਨੂੰ ਪੰਜਾਬ ਦੇ ਲੋਕਾਂ ਨੇ ਚੁਣਿਆ ਹੈ, ਨਾ ਕਿ ਦਿੱਲੀ ਦੇ ਲੋਕਾਂ ਜਾਂ ਫਿਰ ਸ਼੍ਰੀ ਅਰਵਿੰਦ ਕੇਜਰੀਵਾਲ ਨੇ! ਮੌਜੂਦਾ ਹਾਲਾਤ ਇਸ ਗੱਲ ਦਾ ਸੰਕੇਤ ਦੇ ਰਹੇ ਹਨ ਕਿ ਪੰਜਾਬ ਵਿਚ ਵੀ ਆਮ ਆਦਮੀ ਪਾਰਟੀ ਖਤਮ ਹੋਣ ਦੇ ਕਗਾਰ 'ਤੇ ਖੜ੍ਹੀ ਹੈ। ਇਸ ਲਈ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਆਮ ਆਦਮੀ ਪਾਰਟੀ ਦੀ ਸੂਝਵਾਨ ਲੀਡਰਸ਼ਿਪ ਨੂੰ ਪੰਜਾਬ ਦੀਆਂ ਹੋਰ ਪਾਰਟੀਆਂ ਦੇ ਈਮਾਨਦਾਰ ਤੇ ਸਿਆਣੇ ਆਗੂਆਂ ਨਾਲ ਸਲਾਹ ਕਰਕੇ ਇਕ ਸਰਬ ਪਾਰਟੀ ਮੀਟਿੰਗ ਕਰਨੀ ਚਾਹੀਦੀ ਹੈ, ਜਿਸ ਵਿਚ ਉਹ ਇਕ ਪੰਜਾਬ ਦੀ ਪਾਰਟੀ ਬਣਾਉਣ, ਜੋ ਕਿ ਪੰਜਾਬ ਦੀ ਖੇਤਰੀ ਪਾਰਟੀ ਦੇ ਤੌਰ 'ਤੇ ਕੰਮ ਕਰੇ। ਉਹ ਸਾਰੇ ਆਗੂ ਪੰਜਾਬ ਦੇ ਸਾਂਝੇ ਮਸਲਿਆਂ ਦਾ ਇਕ ਪ੍ਰੋਗਰਾਮ ਉਲੀਕ ਕੇ ਉਖੜ੍ਹੇ ਹੋਏ ਪੰਜਾਬ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰਨ। ਇਹ ਆਗੂ ਪੰਜਾਬ ਦੇ ਸਾਰੇ ਬਲਾਕਾਂ ਤੇ ਜ਼ਿਲ੍ਹਿਆਂ ਦੇ ਨਰੋਈ ਤੇ ਈਮਾਨਦਾਰ ਸੋਚ ਵਾਲੇ ਆਗੂਆਂ ਨੂੰ ਇੱਕਠਾ ਕਰਕੇ ਨਰੋਈ ਪਾਰਟੀ ਦਾ ਗਠਨ ਕਰਨ। ਜਦੋਂ ਬਲਾਕ ਤੋਂ ਪੰਜਾਬ ਪੱਧਰ ਦੀ ਮਜ਼ਬੂਤ ਪਾਰਟੀ ਬਣ ਜਾਵੇ, ਉਦੋਂ ਸੂਬਾ ਪੱਧਰ ਦੀ ਸਾਂਝੇ ਰੂਪ ਵਿਚ ਮੀਟਿੰਗ ਕਰਨ, ਜਿਸ ਵਿਚ ਪੰਜਾਬ ਦੇ ਪਿਛਲੇ ਸਮੇਂ ਤੋਂ ਲਟਕ ਰਹੇ ਮਸਲਿਆਂ ਨੂੰ ਹੱਲ ਕਰਾਉਣ ਲਈ ਜੱਦੋ-ਜਹਿਦ ਕਰਨ ਲਈ ਪ੍ਰੋਗਰਾਮ ਉਲੀਕਣ। ਆਸ ਹੈ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਈਮਾਨਦਾਰ ਤੇ ਪੰਜਾਬ ਨੂੰ ਦਿਲੋਂ ਪਿਆਰ ਕਰਨ ਵਾਲੇ ਚਿੰਤਕ ਆਗੂ ਖਾਸ ਕਰਕੇ ਆਮ ਆਦਮੀ ਪਾਰਟੀ ਦੇ ਆਗੂ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਪੰਜਾਬ ਵਿੱਚ ਖੇਰੀ ਪਾਰਟੀ ਦਾ ਨਿਰਮਾਣ ਜ਼ਰੂਰ ਕਰਨਗੇ।

**ਸ਼੍ਰੀ ਕੇਜਰੀਵਾਲ ਜਿਹੜੇ ਆਮ ਆਦਮੀ ਪਾਰਟੀ ਦੀ ਪੌੜੀ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਆਪਣੇ ਮਨ ਵਿਚ ਵਸਾ ਕੇ ਭਾਜਪਾ ਵਾਂਗ ਇਕ ਦੂਸਰੀ ਹਿੰਦੂਤਵੀ ਪਾਰਟੀ ਦਾ ਰੂਪ ਧਾਰਨ ਕਰ ਚੁੱਕੀ ਸੀ। ਕੁਝ ਟੀ.ਵੀ. ਚੈਨਲਾਂ ਵਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਵੱਡੀ ਹਿੰਦੂਤਵੀ ਪਾਰਟੀ (ਭਾਜਪਾ) ਨੇ ਛੋਟੀ ਹਿੰਦੂਤਵੀ ਪਾਰਟੀ (ਆਮ ਆਦਮੀ ਪਾਰਟੀ) ਨੂੰ ਨਿਗਲ ਲਿਆ ਹੈ। ਪੰਜਾਬ ਦੇ ਲੋਕ ਬੜੀ ਚੰਗੀ ਤਰ੍ਹਾਂ ਇਹ ਵੀ ਜਾਣਦੇ ਹਨ ਕਿ ਸ਼੍ਰੀ ਕੇਜਰੀਵਾਲ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਇੱਛਾ ਰੱਖਦੇ ਸਨ ਕਿਉਂਕਿ ਦਿੱਲੀ ਤਾਂ ਕੁਝ ਕਾਰਪੋਰੇਸ਼ਨਾਂ ਜਿੰਨਾ ਛੋਟਾ ਜਿਹਾ ਪ੍ਰਾਂਤ ਹੈ, ਜਿਸ ਕੋਲ ਅਧਿਕਾਰ ਵੀ ਬਹੁਤ ਸੀਮਤ ਜਿਹੇ ਹਨ, ਇਸ ਕਰਕੇ ਉਹ ਆਪਣੇ ਮਨ ਵਿਚ ਪੂਰੇ ਪ੍ਰਾਂਤ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਸਮੋਈ ਬੈਠੇ ਸਨ, ਜੋ ਪੰਜਾਬ ਦੇ ਲੋਕਾਂ ਨੇ ਪੂਰਾ ਨਹੀਂ ਹੋਣ ਦਿੱਤਾ, ਹਾਂ ਅਸਿੱਧੇ ਤੌਰ 'ਤੇ ਉਹ ਦਿੱਲੀ ਦੇ ਆਪਣੇ ਵਰਕਰਾਂ ਦੀ ਫੌਜ ਰਾਹੀਂ ਕਾਫੀ ਹੱਦ ਤੱਕ ਪੰਜਾਬ ਵਿਚ ਰਾਜ ਕਰਦੇ ਨਜ਼ਰ ਜ਼ਰੂਰ ਆ ਰਹੇ ਹਨ।**


# ਦਿੱਲੀ ਵਿਧਾਨ ਸਭਾ ਚੋਣਾਂ

# ਬੀ.ਜੇ.ਪੀ. ਹੀਰੋ, ਕਾਂਗਰਸ ਜ਼ੀਰੋ ਤੇ ਆਮ ਆਦਮੀ ਪਾਰਟੀ ਲੀਰੋ-ਲੀਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA






ਅਰਵਿੰਦ ਕੇਜਰੀਵਾਲ ਦੇ ਦਿੱਲੀ ਵਿਚੋਂ ਹਾਰਨ ਨਾਲ ਭਗਵੰਤ ਮਾਨ ਨੂੰ ਸੁੱਖ ਦਾ ਸਾਹ ਆਉਣ ਦੀ ਉਮੀਦ ਬੱਝ ਗਈ ਹੈ। ਹੁਣ ਉਹ ਪੰਜਾਬ ਵਿਚ ਦਖ਼ਲ ਨਹੀਂ ਦੇ ਸਕੇਗਾ। ਭਗਵੰਤ ਮਾਨ ਨੂੰ ਪਾਰਟੀ 'ਤੇ ਪਕੜ ਬਣਾਉਣ ਦਾ ਮੌਕਾ ਮਿਲ ਗਿਆ ਹੈ। ਬਦਲਾਓ ਦੇ ਮੁੱਦੇ ਨਾਲ ਦਿੱਲੀ ਦੇ ਤਖ਼ਤ ਨੂੰ ਸਰ ਕਰਨ ਵਾਲਾ ਕੇਜਰੀਵਾਲ ਦਾ ਛੇਤੀ ਹੀ ਬਾਕੀ ਸਿਆਸੀ ਪਾਰਟੀਆਂ ਦੇ ਰਾਹ 'ਤੇ ਤੁਰਨ ਕਰਕੇ ਦਿੱਲੀ ਵਿਚੋਂ ਸਫ਼ਾਇਆ ਹੋ ਗਿਆ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਨਾਲ 27 ਸਾਲ ਬਾਅਦ ਭਾਰਤੀ ਜਨਤਾ ਪਾਰਟੀ ਦਾ ਕਮਲ ਦਾ ਫੁੱਲ ਦਿੱਲੀ ਵਿਚ ਖਿੜਨ ਜਾ ਰਿਹਾ ਹੈ। 1993 ਵਿਚ ਦਿੱਲੀ ਵਿਧਾਨ ਸਭਾ ਦੀਆਂ ਪਹਿਲੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ 70 ਵਿਚੋਂ 49 ਸੀਟਾਂ ਜਿੱਤਕੇ ਇੱਕ ਪੰਜਾਬੀ ਮਦਨ ਲਾਲ ਖੁਰਾਣਾ ਨੂੰ ਮੁੱਖ ਮੰਤਰੀ ਬਣਾਇਆ ਸੀ। ਉਦੋਂ ਭਾਜਪਾ ਨੂੰ ਪੰਜਾਂ ਸਾਲਾਂ ਵਿਚ ਤਿੰਨ ਮੁੱਖ ਮੰਤਰੀ ਬਦਲਣੇ ਪਏ। ਸਾਹਿਬ ਸਿੰਘ ਵਰਮਾ ਮੁੱਖ ਮੰਤਰੀ ਬਣੇ ਤੇ ਫਿਰ ਸ਼ੁਸ਼ਮਾ ਸਵਰਾਜ 51 ਦਿਨਾਂ ਲਈ ਪਹਿਲੀ ਇਸਤਰੀ ਮੁੱਖ ਮੰਤਰੀ ਬਣੀ। ਉਸ ਤੋਂ ਬਾਅਦ 1998 ਵਿਚ ਕਾਂਗਰਸ ਪਾਰਟੀ ਨੇ 52 ਸੀਟਾਂ ਜਿੱਤੀਆਂ ਤੇ ਸ਼ੀਲਾ ਦੀਕਸ਼ਤ ਦੂਜੀ ਇਸਤਰੀ ਮੁੱਖ ਮੰਤਰੀ ਬਣੀ, ਜੋ ਪੰਦਰਾਂ ਸਾਲ ਲਗਾਤਾਰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਰਹੀ। ਉਸਨੇ ਦਿੱਲੀ ਦਾ ਅਥਾਹ ਵਿਕਾਸ ਕਰਵਾਇਆ। ਪਹਿਲੇ ਚਾਰੇ ਮੁੱਖ ਮੰਤਰੀ ਪੰਜਾਬੀ ਸਨ। 2013 ਵਿਚ ਆਮ ਆਦਮੀ ਪਾਰਟੀ ਨੇ 28 ਸੀਟਾਂ ਜਿੱਤੀਆਂ ਅਤੇ ਕਾਂਗਰਸ ਦੇ ਅੱਠ ਮੈਂਬਰਾਂ ਦੀ ਬਾਹਰੋਂ ਸਪੋਰਟ ਨਾਲ ਸਰਕਾਰ ਬਣਾਈ, ਹਾਲਾਂਕਿ ਭਾਰਤੀ ਜਨਤਾ ਪਾਰਟੀ 31 ਸੀਟਾਂ ਜਿੱਤਕੇ ਵੱਡੀ ਪਾਰਟੀ ਸੀ। ਕੇਜਰੀਵਾਲ ਦੀ ਸਰਕਾਰ ਸਿਰਫ਼ 49 ਦਿਨ ਰਹੀ, ਦੁਬਾਰਾ ਫਰਵਰੀ 2015 ਵਿਚ ਆਮ ਆਦਮੀ ਪਾਰਟੀ 67 ਸੀਟਾਂ ਜਿੱਤ ਗਈ ਤੇ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣੇ। 2020 ਵਿਚ ਫਿਰ ਆਮ ਆਦਮੀ ਪਾਰਟੀ ਨੇ 62 ਸੀਟਾਂ ਜਿੱਤੀਆਂ ਤੇ ਕੇਜਰੀਵਾਲ ਮੁੱਖ ਮੰਤਰੀ ਬਣੇ। ਫਰਵਰੀ 2025 ਵਿਚ ਹੋਈਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ 48 ਸੀਟਾਂ ਜਿੱਤ ਗਈ, ਆਮ ਆਦਮੀ ਪਾਰਟੀ 22 'ਤੇ ਸਿਮਟ ਗਈ ਤੇ ਕਾਂਗਰਸ ਕੋਈ ਸੀਟ ਨਹੀਂ ਜਿੱਤ ਸਕੀ। ਅਰਵਿੰਦ ਕੇਜਰੀਵਾਲ ਜਿਤਨਾ ਚਿਰ ਮੁੱਖ ਮੰਤਰੀ ਰਹੇ, ਭਾਰਤੀ ਜਨਤਾ ਪਾਰਟੀ ਨਾਲ ਇੱਟ ਖੜੱਕਾ ਰਿਹਾ। ਕੇਜਰੀਵਾਲ ਹਮੇਸ਼ਾ ਕੇਂਦਰ ਸਰਕਾਰ ਨਾਲ ਟਕਰਾਓ ਦੀ ਸਿਆਸਤ ਕਰਦੇ ਰਹੇ ਹਨ। ਗੱਲਾਂ ਦਾ ਕੜਾਹ ਬਣਾਉਣਾ ਕੇਜਰੀਵਾਲ ਨੂੰ ਆਉਂਦਾ ਹੈ ਪ੍ਰੰਤੂ ਇਸ ਵਾਰ ਵਿਧਾਨ ਸਭਾ ਚੋਣਾ ਵਿਚ ਉਨ੍ਹਾਂ ਕੜਾਹ ਬਣਾਉਣ ਦੀ ਥਾਂ ਕੜ੍ਹੀ ਘੋਲ ਦਿੱਤੀ। ਕੁਦਰਤ ਦਾ ਨਿਯਮ ਹੈ, ਜਿਵੇਂ ਸਵੇਰੇ ਸੂਰਜ ਚੜ੍ਹਦਾ ਹੈ, ਤਾਂ ਸ਼ਾਮ ਨੂੰ ਛਿਪ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਇੱਕ ਵਾਰ ਰਾਜ ਦਰਬਾਰ ਦਾ ਮਾਲਕ ਬਣਦਾ ਹੈ, ਇੱਕ-ਨਾ-ਇੱਕ ਦਿਨ ਉਸਨੇ ਗੱਦੀ ਤੋਂ ਉਤਰਨਾ ਹੁੰਦਾ ਹੈ। ਅਰਵਿੰਦ ਕੇਜਰੀਵਾਲ ਆਪਣੇ ਘੁਮੰਡ ਕਰਕੇ ਉਸਨੂੰ ਆਪਣੀ ਸਿਆਸਤ ਦੀ ਕੁਰਸੀ ਦਾ ਸੂਰਜ ਡੁੱਬਣ ਦੀ ਉਮੀਦ ਹੀ ਨਹੀਂ ਸੀ, ਉਹ ਕੁਦਰਤ ਦੇ ਨਿਯਮ ਨੂੰ ਬਦਲਣਾ ਚਾਹੁੰਦਾ ਸੀ ਪ੍ਰੰਤੂ ਕੁਦਰਤ ਨੂੰ ਮਾਤ ਦੇਣਾ ਇਨਸਾਨ ਦੇ ਵਸ ਦੀ ਗੱਲ ਨਹੀਂ। ਇਸ ਕਰਕੇ ਹੀ ਕੇਜਰੀਵਾਲ ਦਾ ਝੂਠੀ ਬਿਆਨਬਾਜ਼ੀ ਨਾਲ ਬਿਨਾ ਨੀਂਹਾਂ ਦੇ ਉਸਾਰਿਆ ਮਹਿਲ ਢਹਿ-ਢੇਰੀ ਹੋ ਗਿਆ।

ਯੂ.ਪੀ.ਏ. ਸਰਕਾਰ ਵਿਰੁੱਧ ਨਵੰਬਰ 2011 ਵਿਚ ਸਮਾਜ ਸੇਵਕ ਅੰਨਾ ਹਜ਼ਾਰੇ ਨੇ ਉਚ ਅਹੁਦਿਆਂ ਤੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਸ਼ਕਤੀਸ਼ਾਲੀ ਜਨ ਲੋਕ ਪਾਲ ਨਿਯੁਕਤ ਕਰਨ ਦਾ ਕਾਨੂੰਨ ਬਣਾਉਣ ਲਈ ਦਿੱਲੀ ਵਿਖੇ ਅੰਦੋਲਨ ਸ਼ੁਰੂ ਕੀਤਾ ਸੀ। ਭਾਰਤੀ ਜਨਤਾ ਪਾਰਟੀ ਨੇ ਅੰਦਰਖਾਤੇ ਉਸਦੇ ਅੰਦੋਲਨ ਦੀ ਸਪੋਰਟ ਕੀਤੀ ਸੀ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਉਸ ਸਮੇਂ ਅੰਨਾ ਹਜ਼ਾਰੇ ਦੀ ਲੋਕ ਲਹਿਰ ਬਣ ਗਈ, ਜਿਸ ਕਰਕੇ ਲੋਕਾਂ ਦਾ ਹਜ਼ੂਮ ਉਨ੍ਹਾਂ ਨਾਲ ਜੁੜ ਗਿਆ ਸੀ। ਅਰਵਿੰਦ ਕੇਜਰੀਵਾਲ ਨੇ ਲੋਕਾਂ ਦੇ ਉਤਸ਼ਾਹ ਦਾ ਲਾਭ ਉਠਾਉਂਦਿਆਂ 20 ਨਵੰਬਰ 2012 ਨੂੰ ਆਮ ਆਦਮੀ ਪਾਰਟੀ ਦੀ ਸਥਾਪਨਾ ਕਰ ਲਈ ਸੀ। ਹਾਲਾਂਕਿ ਅੰਨਾ ਹਜ਼ਾਰੇ ਸਿਆਸੀ ਪਾਰਟੀ ਬਣਾਉਣ ਲਈ ਕੇਜਰੀਵਾਲ ਨੂੰ ਰੋਕਦਾ ਰਿਹਾ ਪ੍ਰੰਤੂ ਅਰਵਿੰਦ ਕੇਜ਼ਰੀਵਾਲ ਨੇ ਅੰਨਾ ਹਜ਼ਾਰੇ ਦੀ ਪ੍ਰਵਾਹ ਨਾ ਕਰਦਿਆਂ ਆਪ ਮੁਹਾਰੇ ਹੋ ਕੇ ਆਮ ਆਦਮੀ ਪਾਰਟੀ ਬਣਾ ਲਈ ਸੀ। ਆਮ ਆਦਮੀ ਪਾਰਟੀ ਵਾ-ਵਰੋਲੇ ਦੀ ਤਰ੍ਹਾਂ ਸਿਆਸੀ ਸੀਨ 'ਤੇ ਆਈ ਸੀ, ਉਸੇ ਤਰ੍ਹਾਂ ਜਿਵੇਂ ਵਾ-ਵਰੋਲਾ ਚੰਦ ਮਿੰਟਾਂ ਵਿਚ ਅਸਮਾਨ ਵਿਚ ਪਹੁੰਚਦਾ ਤੇ ਫਿਰ ਜਲਦੀ ਹੀ ਤੀਲਾ-ਤੀਲਾ ਹੋ ਕੇ ਧਰਤੀ 'ਤੇ ਬਿਖਰ ਜਾਂਦਾ ਹੈ, ਉਸੇ ਤਰ੍ਹਾਂ ਦਿੱਲੀ ਵਿਚ ਫਰਵਰੀ 2025 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਝਾੜੂ ਤੀਲਾ-ਤੀਲਾ ਹੋ ਕੇ ਖਿੰਡ ਗਿਆ। ਅਰਵਿੰਦ ਕੇਜਰੀਵਾਲ ਸਥਾਪਤ ਪਾਰਟੀਆਂ ਤੋਂ ਵੱਖਰਾ ਢੰਗ ਵਰਤਕੇ ਸਿਆਸਤ ਵਿਚ ਬਦਲਾਓ ਲਿਆਉਣ ਦੇ ਦਾਅਵੇ ਕਰਦਾ ਸੀ। ਉਹ ਵਾਅਦੇ ਵਫ਼ਾ ਨਹੀਂ ਹੋਏ। ਭ੍ਰਿਸ਼ਟਾਚਾਰ ਮੁਕਤ ਪਾਰਦਰਸ਼ੀ ਪ੍ਰਸ਼ਾਸ਼ਨ, ਸ਼ਕਤੀਸ਼ਾਲੀ ਲੋਕ ਪਾਲ ਦੀ ਨਿਯੁਕਤੀ, ਵੀ.ਆਈ.ਪੀ. ਕਲਚਰ ਖ਼ਤਮ ਕਰਨ, ਸੁਰੱਖਿਆ ਦੀ ਛੱਤਰੀ ਤੋਂ ਬਿਨਾ ਸਿਆਸਤ ਕਰਨ, ਸਾਦਗੀ ਨਾਲ ਜੀਵਨ ਬਸਰ ਕਰਨ, ਵੱਡੀਆਂ ਗੱਡੀਆਂ ਤੇ ਵੱਡੇ ਘਰ ਨਾ ਲੈਣਾ ਅਤੇ ਵਿਕਾਸ ਸਕੀਮਾਂ ਤੇ ਰਾਜਨੀਤਕ ਫ਼ੈਸਲੇ ਲੈਣ ਵਿਚ ਲੋਕਾਂ ਦੀ ਭਾਗੇਦਾਰੀ ਵਾਅਦਿਆਂ ਦੇ ਲਾਰਿਆਂ ਨਾਲ ਆਮ ਆਦਮੀ ਪਾਰਟੀ ਦੀ ਦਿੱਲੀ ਵਿਚ ਸਰਕਾਰ ਬਣਾਉਣ ਵਿਚ ਸਫ਼ਲ ਹੋਈ ਸੀ। ਦਿੱਲੀ ਦੇ ਲੋਕ 10 ਸਾਲ ਆਮ ਆਦਮੀ ਪਾਰਟੀ ਤੋਂ ਕੀਤੇ ਵਾਅਦਿਆਂ ਅਤੇ ਗਰੰਟੀਆਂ ਦੇ ਪੂਰੇ ਹੋਣ ਦੀ ਉਡੀਕ ਕਰਦੇ ਰਹੇ। ਆਮ ਆਦਮੀ ਪਾਰਟੀ ਨੇ ਦਿੱਲੀ ਦੇ ਲੋਕਾਂ ਨਾਲ ਜਦੋਂ ਵਾਅਦੇ ਪੂਰੇ ਨਹੀਂ ਕੀਤੇ, ਤਾਂ ਲੋਕਾਂ ਨੇ ਆਮ ਆਦਮੀ ਪਾਰਟੀ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ। ਅਰਵਿੰਦ ਕੇਜਰੀਵਾਲ ਦੇ ਘੁਮੰਡੀ, ਆਪ ਹੁਦਰੇਪਣ ਅਤੇ ਏਕਾਅਧਿਕਾਰ ਵਾਲੇ ਰਵੱਈਏ ਕਰਕੇ ਪਾਰਟੀ ਦੇ ਸੀਨੀਅਰ ਨੇਤਾ ਪਾਰਟੀ ਨੂੰ ਅਲਵਿਦਾ ਕਹਿ ਗਏ ਤੇ ਕੁਝ ਨੂੰ ਉਸਨੇ ਆਪਣੇ ਰਸਤੇ ਦਾ ਰੋੜਾ ਸਮਝਦਿਆਂ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ। ਝੂਠ, ਘੁਮੰਡ ਅਤੇ ਲਾਰਿਆਂ ਦਾ ਮਹਿਲ ਲੜਖੜਾ ਗਿਆ ਹੈ। ਕਹਿਣੀ ਤੇ ਕਰਨੀ ਦੇ ਅੰਤਰ ਦਾ ਖ਼ਮਿਆਜ਼ਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾਵਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੌਰਭ ਭਾਰਦਵਾਜ਼, ਸਤਿੰਦਰ ਜੈਨ ਅਤੇ ਦੁਰਗੇਸ਼ ਪਾਠਕ ਨੂੰ ਬੁਰੀ ਤਰ੍ਹਾਂ ਚੋਣ ਹਾਰ ਕੇ ਭੁਗਤਣਾ ਪਿਆ। ਇਸਤਰੀਆਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ 11 ਸਾਲ ਵਿਚ ਪੂਰਾ ਨਹੀਂ ਕੀਤਾ, ਸਗੋਂ 2025 ਦੀ ਚੋਣ ਵਿਚ 2500 ਰੁਪਏ ਦੇਣ ਦਾ ਐਲਾਨ ਕਰ ਦਿੱਤਾ। ਅਜਿਹੇ ਫੋਕੇ ਵਾਅਦੇ ਤੇ ਗਰੰਟੀਆਂ ਹੀ ਕੇਜਰੀਵਾਲ ਦੀਆਂ ਜੜ੍ਹਾਂ ਵਿਚ ਤੇਲ ਦੇਣ ਦਾ ਕੰਮ ਕਰ ਗਏ। ਸਾਦਗੀ ਦੀ ਡੌਂਡੀ ਪਿੱਟਦੇ ਹੋਇਆਂ ਕੇਜਰੀਵਾਲ ਨੇ ਆਪਣੇ ਰਹਿਣ ਲਈ 48 ਕਰੋੜ ਰੁਪਏ ਨਾਲ ਸ਼ੀਸ਼ ਮਹਿਲ ਦੀ ਉਸਾਰੀ ਕਰ ਲਈ। ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਆਪਣੇ ਆਪ ਨੂੰ ਕੱਟੜ ਇਮਾਨਦਾਰ ਸਾਬਤ ਕਰਦਿਆਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਲੋਕਾਂ ਕੋਲ ਪਾਰਦਰਸ਼ਤਾ ਦਾ ਭਾਂਡਾ ਫੁੱਟ ਗਿਆ। ਲਾਲ ਬੱਤੀ ਕਲਚਰ ਤੇ ਸੁਰੱਖਿਆ ਦਾ ਰੌਲਾ ਪਾਉਂਦੇ ਰਹੇ ਪ੍ਰੰਤੂ ਖੁਦ ਲਈ ਪੰਜਾਬ ਪੁਲਿਸ ਦੇ 100 ਮੁਲਾਜ਼ਮਾਂ ਨੂੰ ਸੁਰੱਖਿਆ ਲਈ ਨਿਯੁਕਤ ਕਰਵਾ ਰੱਖਿਆ ਸੀ। ਸਾਰੇ ਵਾਅਦੇ ਝੂਠ ਦਾ ਪੁਲੰਦਾ ਸਾਬਤ ਹੋ ਗਏ। ਇਨਕਲਾਬ ਦਾ ਮਖੌਟਾ ਉਤਰ ਗਿਆ ਹੈ।

ਭਾਰਤੀ ਜਨਤਾ ਪਾਰਨੀ ਨੇ 48 ਵਿਧਾਨ ਸਭਾ ਦੀਆਂ ਸੀਟਾਂ ਜਿੱਤਕੇ 45.6 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ, ਜਦੋਂਕਿ ਆਮ ਆਦਮੀ ਪਾਰਟੀ ਨੇ 22 ਸੀਟਾਂ ਜਿੱਤਕੇ 43.6 ਫ਼ੀਸਦੀ ਵੋਟਾਂ ਲਈਆਂ ਹਨ। ਦੋਹਾਂ ਪਾਰਟੀਆਂ ਦਾ ਸਿਰਫ਼ 2 ਫ਼ੀਸਦੀ ਵੋਟਾਂ ਦਾ ਅੰਤਰ ਹੈ। ਕਾਂਗਰਸ ਪਾਰਟੀ ਨੂੰ 6.34 ਫ਼ੀਸਦੀ ਵੋਟਾਂ ਮਿਲੀਆਂ ਹਨ ਤੇ ਉਹ ਇੱਕ ਵੀ ਸੀਟ ਨਹੀਂ ਜਿੱਤ ਸਕੀ। ਭਾਰਤੀ ਜਨਤਾ ਪਾਰਟੀ ਨੂੰ ਦੋ ਤਿਹਾਈ ਬਹੁਮਤ ਮਿਲ ਗਿਆ ਹੈ। ਕਾਂਗਰਸ 19 ਹਲਕਿਆਂ ਵਿਚ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਦੀ ਸਮਰੱਥਾ ਵਿਚ ਸਫਲ ਰਿਹਾ, ਇਨ੍ਹਾਂ ਵਿਚੋਂ 12 ਸੀਟਾਂ ਵਿਚ ਜੇਕਰ ਉਹ ਆਮ ਆਦਮੀ ਨਾਲ ਰਲਕੇ ਚੋਣ ਲੜਦੀ, ਤਾਂ ਉਸਦੇ ਉਮੀਦਵਾਰ ਜਿੱਤ ਸਕਦੇ ਸੀ। ਆਮ ਆਦਮੀ ਪਾਰਟੀ ਨੇ ਆਪਣੇ 62 ਵਿਧਾਇਕਾਂ ਵਿਚੋਂ 25 ਦੀਆਂ ਟਿਕਟਾਂ ਕੱਟ ਦਿੱਤੀਆਂ ਸਨ, ਨਵੇਂ 22 ਉਮੀਦਵਾਰ ਚੋਣ ਹਾਰ ਗਏ। ਜਿਹੜੇ 37 ਵਿਧਾਇਕਾਂ ਨੂੰ ਟਿਕਟਾਂ ਦਿੱਤੀਆਂ ਸਨ, ਉਨ੍ਹਾਂ ਵਿਚੋਂ ਵੀ 22 ਚੋਣ ਹਾਰ ਗਏ, ਸਿਰਫ 15 ਹੀ ਜਿੱਤ ਸਕੇ ਹਨ। ਇਸ ਪ੍ਰਕਾਰ ਆਮ ਆਦਮੀ ਪਾਰਟੀ ਦੀਆਂ 30 ਫ਼ੀਸਦੀ ਸੀਟਾਂ ਘੱਟ ਗਈਆਂ ਹਨ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਤਿੰਨ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਚਾਰ-ਚਾਰ ਟਿਕਟਾਂ ਸਿੱਖ ਉਮੀਦਵਾਰਾਂ ਨੂੰ ਦਿੱਤੀਆਂ ਸਨ। ਇਸ ਵਾਰ ਤਿੰਨਾਂ ਪਾਰਟੀਆਂ ਨੇ 11 ਸਿੱਖ ਉਮੀਦਵਾਰਾਂ ਵਿਚੋਂ ਭਾਰਤੀ ਜਨਤਾ ਪਾਰਟੀ ਦੇ ਤਿੰਨੇ ਉਮੀਦਵਾਰ ਅਰਵਿੰਦਰ ਸਿੰਘ ਲਵਲੀ, ਮਨਜਿੰਦਰ ਸਿੰਘ ਸਿਰਸਾ ਅਤੇ ਤਰਵਿੰਦਰ ਮਰਵਾਹਾ, ਆਮ ਆਦਮੀ ਪਾਰਟੀ ਦੇ ਜਰਨੈਲ ਸਿੰਘ ਅਤੇ ਕਰਨੈਲ ਸਿੰਘ ਚੋਣ ਜਿੱਤ ਗਏ ਹਨ। ਕਾਂਗਰਸ ਪਾਰਟੀ ਦੇ ਚਾਰੇ ਉਮੀਦਵਾਰ ਚੋਣ ਹਾਰ ਗਏ ਹਨ। ਦਿੱਲੀ ਦੀ ਗ਼ਰੀਬ ਜਨਤਾ ਨੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਸਪੋਰਟ ਕੀਤੀ ਪ੍ਰੰਤੂ ਮੱਧਵਰਗ ਨੇ ਜਿਨ੍ਹਾਂ ਵਿਚ ਸਰਕਾਰੀ ਮੁਲਾਜ਼ਮ ਸ਼ਾਮਲ ਹਨ, ਉਨ੍ਹਾਂ ਨੇ ਕੇਂਦਰੀ ਬਜਟ ਵਿਚ ਇਨਕਮ ਟੈਕਸ ਵਿਚ 12 ਰੁਪਏ ਲੱਖ ਤੱਕ ਵਾਲਿਆਂ ਨੂੰ ਆਮਦਨ ਕਰ ਦੀ ਛੋਟ ਦੇਣ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਵੋਟ ਪਾਈ ਹੈ। ਇਨ੍ਹਾਂ ਨਤੀਜਿਆਂ ਦਾ ਪੰਜਾਬ ਦੀ ਸਿਆਸਤ 'ਤੇ ਵੀ ਪ੍ਰਭਾਵ ਪੈਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ।

# ਆਖ਼ਿਰ 'ਆਪ' ਦਿੱਲੀ ਕਿਉਂ ਹਾਰੀ ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



'ਆਪ' ਲੋਕਾਂ ਦੇ ਦਿਲ ਤੋਂ ਉਤਰ ਗਈ ਹੈ ? ਜਿਸ ਚਮਤਕਾਰ ਨਾਲ 'ਆਪ' ਰਾਜਨੀਤੀ ਵਿਚ ਆਈ ਸੀ, ਉਸੇ ਚਮਤਕਾਰ ਨਾਲ ਹੀ ਵਾਪਸ ਜਾ ਰਹੀ ਹੈ ? ਉਹ ਰਾਜਨੀਤੀ ਦੇ ਜਿਸ ਉੱਜਲੇ ਪੱਖ ਨੂੰ ਫੜ ਕੇ ਸੱਤਾ ਵਿਚ ਆਏ ਸਨ, ਉਸ ਉਤੇ ਟਿਕੇ ਰਹਿੰਦੇ, ਤਾਂ ਐਤਕਾਂ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੱਲ ਕੁੱਝ ਹੋਰ ਹੀ ਹੁੰਦੀ।

ਇਸ ਸੰਦਰਭ 'ਚ ਸਮਾਜਿਕ ਕਾਰਜਕਰਤਾ ਅੰਨਾ ਹਜ਼ਾਰੇ, ਜੋ ਕਿ ਅਰਵਿੰਦ ਕੇਜਰੀਵਾਲ ਦੇ ਗੁਰੂ ਰਹਿ ਚੁੱਕੇ ਹਨ, ਦੇ ਉਹ ਸ਼ਬਦ ਸਮਝਣ ਵਾਲੇ ਹਨ, ਜਿਹੜੇ ਉਨ੍ਹਾਂ ਦਿੱਲੀ 'ਚ ਭਾਜਪਾ ਦੀ 27 ਸਾਲਾਂ ਬਾਅਦ ਸੱਤਾ ਵਾਪਸੀ 'ਤੇ ਕਹੇ ਹਨ, "ਆਪ ਸ਼ਰਾਬ ਨੀਤੀ ਤੇ ਪੈਸੇ ਕਾਰਨ ਡੁੱਬੀ ਹੈ"।

ਅੰਨਾ ਹਜ਼ਾਰੇ ਨੇ ਕੇਜਰੀਵਾਲ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਉਮੀਦਵਾਰ ਦਾ ਚਰਿੱਤਰ ਸਾਫ਼-ਸੁਥਰਾ ਹੋਣਾ ਚਾਹੀਦਾ ਹੈ ਤੇ ਉਸ 'ਚ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼ਰਾਬ ਨੀਤੀ ਨਾਲ ਆਏ ਪੈਸੇ 'ਚ 'ਆਪ' ਡੁੱਬ ਗਈ ਸੀ। 'ਆਪ' ਦੀ ਸ਼ਾਖ ਕਲੰਕਿਤ ਹੋ ਗਈ ਸੀ। ਉਨ੍ਹਾਂ ਕਿਹਾ ਕਿ 'ਆਪ' ਇਸ ਲਈ ਹਾਰੀ, ਕਿਉਂਕਿ ਇਹ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਦੀ ਲੋੜ ਨੂੰ ਸਮਝਣ 'ਚ ਅਸਫ਼ਲ ਰਹੀ ਤੇ ਗਲਤ ਰਸਤੇ 'ਤੇ ਚਲ ਪਈ।

ਬਿਨਾਂ ਸ਼ੱਕ 'ਆਪ' ਨੂੰ ਹਰਾਉਣ ਵਾਲੀ ਭਾਜਪਾ ਨੇ ਰਿਓੜੀਆਂ ਦੇ ਵੱਡਾ ਪੈਕਟ ਵੰਡੇ। ਕਿਹਾ ਜਾ ਰਿਹਾ ਹੈ ਕਿ ਦਿੱਲੀ ਦੇ ਦਿਲਵਾਲਿਆਂ ਨੇ ਇਸੇ ਕਰਕੇ, ਮਨ ਬਦਲੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਚੋਣ ਮੰਚਾਂ ਤੋਂ ਐਲਾਨ ਕੀਤਾ ਕਿ ਮੁਫ਼ਤ ਬਿਜਲੀ-ਪਾਣੀ ਦੀ ਕਿਸੇ ਵੀ ਯੋਜਨਾ ਨੂੰ ਬੰਦ ਨਹੀਂ ਕੀਤਾ ਜਾਏਗਾ। ਔਰਤਾਂ ਨੂੰ ਹਰ ਮਹੀਨੇ 2500 ਰੁਪਏ, 500 ਰੁਪਏ 'ਚ ਰਸੋਈ ਗੈਸ ਸਿਲੰਡਰ ਅਤੇ ਅੱਟਲ ਕੰਟੀਨ ਦੇ ਰਾਹੀਂ 5 ਰੁਪਏ 'ਚ ਭੋਜਨ ਦਿੱਤਾ ਜਾਏਗਾ। ਆਮ ਬਜਟ ਵਿਚ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ 12 ਲੱਖ ਤੱਕ ਦੀ ਆਮਦਨ ਕਰ ਤੇ ਟੈਕਸ ਫ੍ਰੀ ਛੋਟ ਕਰਕੇ ਅਤੇ 8ਵੇਂ ਤਨਖ਼ਾਹ ਆਯੋਗ ਦਾ ਐਲਾਨ ਕਰਕੇ ਉਨ੍ਹਾਂ ਨੇ ਮੱਧਵਰਗੀ ਲੋਕਾਂ ਦਾ ਦਿਲ ਜਿੱਤ ਲਿਆ। ਪਰ ਕਈ ਹੋਰ ਅਜਿਹੇ ਕਾਰਨ ਹਨ, ਜਿਹੜੇ 'ਆਪ' ਦੀ ਹਾਰ ਦਾ ਕਾਰਨ ਬਣੇ।

ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਕੇਜਰੀਵਾਲ ਨੇ ਸਾਫ਼-ਸੁਥਰੀ ਰਾਜਨੀਤੀ ਅਤੇ ਅਲੱਗ ਤਰ੍ਹਾਂ ਦੀ ਰਾਜਨੀਤੀ ਦਾ ਬੇੜਾ ਚੁੱਕਿਆ, ਇਹ ਕੁੱਝ ਸਾਲ ਚੱਲਿਆ ਵੀ। ਲੋਕਾਂ ਨੇ ਇਸਦਾ ਸਵਾਗਤ ਵੀ ਕੀਤਾ। ਕਿਉਂਕਿ ਦਲਦਲੀ ਸਿਆਸਤ ਨੇ ਹਿੰਦੋਸਤਾਨ ਦਾ ਚਿਹਰਾ-ਮੋਹਰਾ ਵਿਗਾੜ ਦਿੱਤਾ ਹੋਇਆ ਸੀ। ਪਰ ਕੁੱਝ ਸਮੇਂ ਬਾਅਦ ਹੀ 'ਆਪ' ਇਸੇ ਦਲਦਲੀ ਸਿਆਸਤ ਦਾ ਸ਼ਿਕਾਰ ਹੋ ਗਈ। ਰਵਾਇਤੀ ਪਾਰਟੀਆਂ ਦੀ ਤਰ੍ਹਾਂ ਹੀ ਵਿਵਹਾਰ ਕਰਨ ਲੱਗੀ। ਕੇਜਰੀਵਾਲ ਨੇ ਆਪਣੀ ਹੀ ਪਾਰਟੀ 'ਚ ਬੈਠੇ ਕੱਦਵਾਰ ਨੇਤਾਵਾਂ ਨੂੰ ਹੌਲੀ-ਹੌਲੀ ਕਰਕੇ ਬਾਹਰ ਧੱਕ ਦਿੱਤਾ ਅਤੇ 'ਆਪ' ਦੇ ਸਰਵੇ-ਸਰਵਾ ਹੋ ਬੈਠੇ, ਜਿਥੇ ਕੋਈ ਉਨ੍ਹਾਂ ਨੂੰ ਸਵਾਲ ਨਹੀਂ ਕਰ ਸਕਦਾ।

ਇਸ ਤਰ੍ਹਾਂ ਬਾਕੀ ਦਲਾਂ ਵਾਂਗਰ ਵਿਵਹਾਰ ਕਰਨ ਨਾਲ 'ਆਪ' ਦਾ ਪਤਨ ਸ਼ੁਰੂ ਹੋ ਗਿਆ। 'ਆਪ' ਦੇ ਆਗੂ ਐਕਸਾਈਜ਼ ਪਾਲਿਸੀ ਘੁਟਾਲੇ, ਸ਼ੀਸ਼ ਮਹਿਲ ਘੁਟਾਲਿਆਂ 'ਚ ਫਸ ਗਏ। 2024 'ਚ ਦੇਸ਼ ਵਿਆਪੀ 'ਇੰਡੀਆ ਗੱਠਜੋੜ' ਦਾ ਹਿੱਸਾ ਬਣਕੇ ਵੀ 'ਆਪ' ਨੇ ਕੁਝ ਸੂਬਿਆਂ 'ਚ ਆਪਣੀ ਵੱਖਰੀ ਡੱਫਲੀ ਵਜਾਈ। ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨਾਲ ਸਾਂਝ ਭਿਆਲੀ ਨਾ ਪਾਕੇ, ਇਕੱਲਿਆਂ ਚੋਣ ਲੜੀ ਅਤੇ ਕਾਂਗਰਸ ਦੀ ਹਾਰ ਦਾ ਕਾਰਨ ਬਣੀ। ਦਿੱਲੀ ਵਿਚ ਵੀ ਕਾਂਗਰਸ ਨਾਲ ਰਲਕੇ ਚੋਣ ਲੜਨ ਦੀ ਬਜਾਏ, ਇਕੱਲਿਆਂ ਚੋਣ ਲੜੀ।

ਚੋਣ ਨਤੀਜੇ ਦੱਸਦੇ ਹਨ ਕਿ ਕਾਂਗਰਸ ਦਾ ਵੋਟ ਬੈਂਕ ਦਿੱਲੀ 'ਚ ਦੋ ਪ੍ਰਤੀਸ਼ਤ ਵੱਧਣ ਨਾਲ 'ਆਪ' ਨੂੰ ਢਾਅ ਲੱਗੀ ਅਤੇ ਉਹ 13 ਸੀਟਾਂ ਉਤੇ ਕਾਂਗਰਸ ਦੇ ਉਮੀਦਵਾਰਾਂ ਕਾਰਨ ਹਾਰ ਗਈ। ਹਾਲਾਂਕਿ ਕਾਂਗਰਸ ਦੇ 70 ਵਿਚੋਂ 67 ਉਮਦੀਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਜਿਨ੍ਹਾਂ 13 ਸੀਟਾਂ 'ਤੇ 'ਆਪ' ਕਾਂਗਰਸ ਕਾਰਨ ਹਾਰੀ, ਉਨ੍ਹਾਂ ਸੀਟਾਂ 'ਤੇ ਭਾਜਪਾ ਉਮੀਦਵਾਰਾਂ ਦੀ ਜਿੱਤ ਦਾ ਜਿੰਨਾ ਫ਼ਰਕ ਰਿਹਾ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਨਾਲੋਂ ਘੱਟ ਸੀ। ਵਿਧਾਨ ਸਭਾ ਚੋਣਾਂ 'ਚ ਭਾਜਪਾ 48 ਸੀਟਾਂ ਅਤੇ 'ਆਪ' ਨੇ 22 ਸੀਟਾਂ ਜਿੱਤੀਆਂ ਹਨ। ਭਾਜਪਾ ਦੇ ਪਿਛਲੇ 10 ਸਾਲਾਂ ਵਿਚ 13 ਫ਼ੀਸਦੀ ਵੋਟ ਵਧੇ, ਜਦਕਿ ਇਸੇ ਅਰਸੇ ਦੌਰਾਨ 'ਆਪ' ਨੇ 10 ਫ਼ੀਸਦੀ ਵੋਟ ਗੁਆ ਲਏ।

ਉਂਜ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 'ਆਪ' ਦੇ ਕੇਜਰੀਵਾਲ, ਮਨੀਸ਼ ਸਿਸੋਦੀਆ, ਦੁਰਗੇਸ਼ ਪਾਠਕ ਚੋਣ ਹਾਰ ਗਏ ਹਨ। ਕਿਉਂਕਿ ਭਾਜਪਾ ਵਲੋਂ ਇਸ ਉੱਚ ਲੀਡਰਸ਼ਿਪ ਨੂੰ ਹਰਾਉਣ ਲਈ ਪੂਰੀ ਵਾਹ ਲਾਈ ਹੋਈ ਸੀ। ਇਸ ਮੰਤਵ ਲਈ ਪਹਿਲਾਂ ਕੇਂਦਰ ਸਰਕਾਰ ਨੇ ਸਾਮ-ਦਾਮ-ਦੰਡ ਦੀ ਖੁੱਲ੍ਹੇਆਮ ਵਰਤੋਂ ਕੀਤੀ। ਵੋਟਾਂ ਦੀ ਆਖ਼ਰੀ ਸਮੇਂ ਕੱਟ-ਵੱਢ ਕੀਤੀ ਗਈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੂਰੀ ਵਾਹ ਲਾਕੇ ਇਸ ਚੋਣ ਨੂੰ ਜਿੱਤਣ ਲਈ ਕੋਈ ਕਸਰ ਨਹੀਂ ਛੱਡੀ।

ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਨਵੀਂ ਪਾਰਟੀ 'ਆਪ' ਜਿਸਨੇ ਲੋਕਾਂ ਦੀ ਹਰਮਨ ਪਿਆਰਤਾ ਕਾਰਨ ਰਾਸ਼ਟਰੀ ਪਾਰਟੀ ਦਾ ਰੁਤਬਾ ਕੁਝ ਸਾਲਾਂ 'ਚ ਪ੍ਰਾਪਤ ਕਰ ਲਿਆ ਸੀ, ਲੋਕਾਂ ਦੇ ਮਨਾਂ ਤੋਂ ਕਿਉਂ ਲੱਥ ਰਹੀ ਹੈ ? ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਇਹ ਪਾਰਟੀ ਵੀ ਰਿਵਾਇਤੀ ਪਾਰਟੀਆਂ ਵਾਂਗਰ ਵੋਟਾਂ ਬਟੋਰਨ, ਤਾਕਤ ਹਥਿਆਉਣ ਦੇ ਰਾਹ ਪੈ ਗਈ, ਅਤੇ ਇਸਦੇ ਨੇਤਾ ਪੰਜ ਤਾਰਾ ਕਲਚਰ ਦਾ ਸ਼ਿਕਾਰ ਹੋ ਗਏ। ਪੰਜਾਬ ਇਸਦੀ ਉਦਾਹਰਨ ਹੈ। ਪੰਜਾਬ 'ਚ 117 ਵਿਚੋਂ 92 ਸੀਟਾਂ ਇਸ ਪਾਰਟੀ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਨਾਂਅ 'ਤੇ ਜਿੱਤੀਆਂ। ਪਰ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਕਿ ਪੰਜਾਬ 'ਚ ਭ੍ਰਿਸ਼ਟਾਚਾਰ ਚਰਮ ਸੀਮਾਂ 'ਤੇ ਹੈ। ਰੇਤ ਬਜ਼ਰੀ ਮਾਫੀਆਂ ਉਤੇ ਸਰਕਾਰ ਦਾ ਕੰਟਰੋਲ ਹੀ ਨਹੀਂ। ਕਮਿਸ਼ਨ ਦੇਣ-ਲੈਣ ਵਾਲਿਆਂ ਦੇ 'ਪਾਲੇ' ਬਦਲ ਗਏ ਹਨ।

ਆਪ ਨੇ ਸਥਾਨਕ ਪੰਚਾਇਤੀ ਚੋਣਾਂ ਅਤੇ ਨਗਰਪਾਲਿਕਾ ਚੋਣਾਂ 'ਚ ਜਿਸ ਕਿਸਮ ਦਾ ਵਿਵਹਾਰ ਕੀਤਾ, ਉਸ ਨਾਲ ਲੋਕਾਂ ਦੇ ਮਨਾਂ 'ਚ ਇਹ ਧਾਰਨਾ ਬਣ ਗਈ ਕਿ ਇਸ ਨਾਲੋਂ ਤਾਂ ਪੰਜਾਬ ਸਰਕਾਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਨਾ ਕਰਵਾਕੇ, ਕਿਸੇ ਨਵੇਂ ਬਿੱਲ ਜਾਂ ਨੋਟੀਫੀਕੇਸ਼ਨ ਰਾਹੀਂ ਇਨ੍ਹਾਂ ਪੰਚਾਇਤਾਂ, ਨਗਰਪਾਲਿਕਾਵਾਂ 'ਚ ਆਪਣੇ ਲੋਕਾਂ ਨੂੰ ਨੋਮੀਨੇਟ ਕਰ ਦਿੰਦੀ। ਅੰਮ੍ਰਿਤਸਰ, ਫਗਵਾੜਾ ਨਗਰ ਨਿਗਮ ਤੇ ਹੋਰ ਕਈ ਪਾਲਿਕਾਵਾਂ 'ਚ ਜਿਸ ਢੰਗ ਨਾਲ ਕਾਂਗਰਸ ਦੀਆਂ ਵਾਧੂ ਸੀਟਾਂ ਹੋਣ ਦੇ ਬਾਵਜੂਦ ਆਪ ਨੇ ਜੁਗਾੜ ਲਗਾ ਕੇ ਆਪਣੇ ਮੇਅਰ ਬਣਾਏ ਅਤੇ ਜਿਵੇਂ ਬਹੁਤ ਸਾਰੀਆਂ ਹੋਰ ਨਗਰ ਕੌਂਸਲਾਂ 'ਚ ਆਪਣੇ ਪ੍ਰਧਾਨ ਬਨਾਉਣ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ, ਉਸ ਨਾਲ 'ਆਪ' ਦਾ ਚਿਹਰਾ ਮੋਹਰਾ ਵੀ ਰਿਵਾਇਤੀ ਪਾਰਟੀਆਂ ਵਾਲਾ ਹੋ ਗਿਆ।

ਪੰਜਾਬ 'ਚ 'ਆਪ' ਦੇ ਕਾਂਗਰਸ ਨਾਲ ਵਰਤਾਰੇ ਦਾ ਪ੍ਰਭਾਵ ਦਿੱਲੀ ਵਿਧਾਨ ਸਭਾ ਚੋਣਾਂ 'ਚ ਵੇਖਣ ਨੂੰ ਮਿਲਿਆ, ਜਦੋਂ ਕਾਂਗਰਸ ਨੇ 'ਆਪ' ਵਿਰੁੱਧ ਉਤਨੀ ਚੋਣ ਜੰਗ ਆਰੰਭੀ, ਜਿੰਨੀ ਭਾਜਪਾ ਵਿਰੁੱਧ ਅਤੇ ਇਸ ਦਾ ਖਾਮਿਆਜ਼ਾ 'ਆਪ' ਨੂੰ ਭੁਗਤਣਾ ਪਿਆ।

ਹੁਣ ਸਵਾਲ ਪੈਦਾ ਹੁੰਦੇ ਹੈ ਕਿ ਦਿੱਲੀ ਦੀ ਹਾਰ ਤੋਂ ਬਾਅਦ ਪੰਜਾਬ 'ਚ ਆਮ ਆਦਮੀ ਦਾ ਕੀ ਹਾਲ ਹੋਏਗਾ ? ਕੀ ਇਸ ਦਾ ਮਨੋਬਲ ਨਹੀਂ ਡੋਲੇਗਾ ? ਕਿਉਂਕਿ 'ਆਪ' ਮੰਤਰੀ ਮੰਡਲ, ਮੁੱਖ ਮੰਤਰੀ ਸਮੇਤ ਦਿੱਲੀ ਦੀਆਂ ਚੋਣਾਂ 'ਚ ਰੁਝਿਆ ਰਿਹਾ ਅਤੇ 'ਆਪ' ਦੇ ਖਾਸ ਵਰਕਰ ਉੱਥੇ ਪ੍ਰਚਾਰ ਕਰਦੇ ਵੇਖੇ ਗਏ। 2022 'ਚ 'ਆਪ' ਨੇ ਪੰਜਾਬ 'ਚ ਪ੍ਰਚੰਡ ਬਹੁਮਤ ਨਾਲ ਸਰਕਾਰ ਬਣਾਈ ਸੀ। ਮੁਫ਼ਤ ਦੀਆਂ ਯੋਜਨਾਵਾਂ ਦਾ ਲਾਭ ਪੰਜਾਬ ਵਿਚ ਆਮ ਲੋਕਾਂ ਨੂੰ ਦਿੱਤਾ ਗਿਆ, ਉਸਦਾ ਪ੍ਰਚਾਰ ਕਰਕੇ ਦਿੱਲੀ ਵਿਚ 'ਆਪ' 43.5 ਫੀਸਦੀ ਵੋਟ ਬਚਾਉਣ 'ਚ ਕਾਮਯਾਬ ਵੀ ਹੋਈ। ਹਾਲਾਂਕਿ ਭਾਜਪਾ ਉਸ ਤੋਂ ਸਿਰਫ਼ 2.25 ਫੀਸਦੀ ਵੱਧ ਵੋਟਾਂ ਲੈ ਕੇ ਵੱਧ ਸੀਟਾਂ ਪ੍ਰਾਪਤ ਕਰ ਗਈ।

ਪੰਜਾਬ ਵਿਚ ਆਉਣ ਵਾਲੇ ਦਿਨ 'ਆਪ' ਲਈ ਖ਼ਤਰਨਾਕ ਹੋ ਸਕਦੇ ਹਨ। ਕਿਉਂਕਿ ਪੰਜਾਬ 'ਚ ਸਰਕਾਰੀ ਸੱਤਾ ਅਤੇ ਸੰਗਠਨ ਦੋਨਾਂ ਵਿਚਕਾਰ ਵੱਡਾ ਗੈਪ ਹੈ। 93 ਵਿਧਾਇਕਾਂ ਦੀ ਸਰਕਾਰ ਵਿਚ ਸੁਣਵਾਈ ਨਹੀਂ। ਲੋਕਸਭਾ ਚੋਣਾਂ 'ਚ ਕਮਜ਼ੋਰ ਪ੍ਰਦਰਸ਼ਨ ਦੇ ਬਾਅਦ ਭਾਵੇਂ ਵਿਧਾਨ ਸਭਾ ਦੀਆਂ 4 ਸੀਟਾਂ 'ਤੇ ਉਸਦੀ ਕਾਰਗੁਜਾਰੀ ਚੰਗੀ ਰਹੀ। ਸੂਬੇ 'ਚ ਪਰ ਸਰਕਾਰੀ ਪ੍ਰਬੰਧਨ ਠੀਕ ਢੰਗ ਨਾਲ ਕੰਮ ਨਹੀਂ ਕਰ ਰਿਹਾ ਅਤੇ ਪੁਲਿਸ ਪ੍ਰਸ਼ਾਸ਼ਨ 'ਤੇ ਵੀ ਸਵਾਲ ਉੱਠ ਰਹੇ ਹਨ।

'ਆਪ' ਪਾਰਟੀ ਉਤੇ ਪਿਛਲੇ ਸਮੇਂ ਤੋਂ ਵੱਡੇ ਸਵਾਲ ਉੱਠ ਰਹੇ ਹਨ। ਪਾਰਟੀ ਭ੍ਰਿਸ਼ਟਾਚਾਰ ਨਾਲ ਲੜਨ ਦਾ ਦਾਅਵਾ ਕਰ ਰਹੀ ਸੀ, ਪਰ ਉਸ ਉਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ। 'ਆਪ' ਉੱਤੇ ਇਹ ਇਲਜ਼ਾਮ ਵੀ ਲੱਗਾ ਅਤੇ ਇਹ ਤੱਥ ਵੀ ਸਹੀ ਹੈ ਕਿ ਰਿਓੜੀਆਂ ਵੰਡਣ ਦੀ ਸਿਆਸਤ ਵਿਚ ਉਸਨੇ ਵੱਡਾ ਯੋਗਦਾਨ ਪਾਇਆ ਅਤੇ ਉਸੇ ਦੀ ਇਸ ਸਿਆਸਤ ਨੂੰ ਹੋਰਨਾਂ ਪਾਰਟੀਆਂ ਨੇ ਅਪਣਾਇਆ ਅਤੇ ਇਸੇ ਆਧਾਰ 'ਤੇ ਭਾਜਪਾ ਨੇ ਖਾਸ ਕਰਕੇ ਉਸਨੂੰ ਮਾਤ ਦਿੱਤੀ।

ਬਿਨਾਂ ਸ਼ੱਕ ਕੇਜਰੀਵਾਲ ਨੇ ਆਪਣਾ ਅਕਸ ਇੱਕ ਜੁਝਾਰੂ ਵਾਲਾ ਬਣਾਇਆ। ਪਰ ਉਨ੍ਹਾਂ ਦੇ ਇਸ ਅਕਸ ਨੇ ਉਨ੍ਹਾਂ ਨੂੰ ਨੁਕਸਾਨ ਵੀ ਪਹੁੰਚਾਇਆ ਅਤੇ ਇਹ ਧਾਰਨਾ ਬਣੀ ਕਿ ਉਹ ਕੇਂਦਰ ਸਰਕਾਰ ਨਾਲ ਸਦਾ ਉਲਝਦੇ ਹੀ ਰਹਿੰਦੇ ਹਨ। ਹਾਲਾਂਕਿ ਭਾਜਪਾ ਦੀ ਕੇਂਦਰ ਸਰਕਾਰ ਆਪਣੇ ਵਿਰੋਧੀਆਂ ਨੂੰ ਠਿੱਠ ਕਰਨ ਲਈ ਪ੍ਰੇਸ਼ਾਨ ਕਰਦੀ ਹੈ ਅਤੇ ਉਨ੍ਹਾਂ ਰਾਜਾਂ ਦੇ ਕੰਮ ਕਾਰ 'ਚ ਜ਼ਿਆਦਾ ਦਖਲ ਆਪਣੇ ਗਵਰਨਰਾਂ ਰਾਹੀਂ ਦਿੰਦੀ ਹੈ, ਜਿਸ ਰਾਜ ਵਿਚ ਉਸਦਾ ਰਾਜ-ਭਾਗ ਨਹੀਂ।

ਇਹ ਵੀ ਠੀਕ ਹੈ ਕਿ ਕੇਜਰੀਵਾਲ ਨੇ ਆਪਣੀ ਪਾਰਟੀ ਨੂੰ ਰਾਸ਼ਟਰੀ ਪਾਰਟੀ ਬਨਾਉਣ ਲਈ ਮਿਹਨਤ ਕੀਤੀ। ਇਸ ਕੰਮ ਲਈ ਉਨ੍ਹਾਂ ਗੁਜਰਾਤ, ਹਰਿਆਣਾ ਅਤੇ ਕਈ ਹੋਰ ਰਾਜਾਂ 'ਚ ਚੋਣਾਂ ਲੜੀਆਂ। ਪੰਜਾਬ ਦੇ ਸਰਕਾਰੀ ਧਨ ਦੀ ਵਰਤੋਂ ਦੇ ਇਨ੍ਹਾਂ ਚੋਣਾਂ 'ਚ 'ਆਪ' 'ਤੇ ਇਲਜ਼ਾਮ ਵੀ ਲੱਗੇ, ਕਿਉਂਕਿ ਪੰਜਾਬ ਦੀ 'ਆਪ' ਸਰਕਾਰ ਦੀਆਂ ਪ੍ਰਾਪਤੀਆਂ ਦੇ ਵੱਡੇ ਇਸ਼ਤਿਹਾਰ ਇਨ੍ਹਾਂ ਚੋਣਾਂ ਸਮੇਂ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਛਾਪੇ ਗਏ। ਪਰ ਇਨ੍ਹਾਂ ਚੋਣਾਂ 'ਚ ਰੁਝਣ, ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਜ਼ੇਲ੍ਹ ਕੱਟਣ ਕਾਰਨ, ਦਿੱਲੀ ਦੀ ਅਣਦੇਖੀ ਹੁੰਦੀ ਗਈ, ਜਿਸ ਕਾਰਨ ਕੇਜਰੀਵਾਲ ਦਾ ਅਧਾਰ ਖੁਰਨ ਲੱਗ ਪਿਆ।

ਭਾਵੇਂ ਕਿ ਸਿੱਖਿਆ 'ਤੇ ਸਿਹਤ ਖੇਤਰ 'ਚ 'ਆਪ' ਸਰਕਾਰ ਨੇ ਉਲੇਖ ਯੋਗ ਕੰਮ ਵੀ ਕੀਤੇ। ਕੇਜਰੀਵਾਲ ਅਤੇ ਉਨ੍ਹਾਂ ਦੇ ਕਈ ਨੇਤਾਵਾਂ ਦਾ ਇਹ ਵਿਸ਼ਵਾਸ ਬਣ ਗਿਆ ਕਿ ਉਨ੍ਹਾਂ ਨੂੰ ਕੋਈ ਹਰਾ ਨਹੀਂ ਸਕਦਾ। ਉਨ੍ਹਾਂ ਦਾ ਇਹ ਵਹਿਮ ਹੀ ਪਾਰਟੀ ਨੂੰ ਡੁਬੋ ਗਿਆ।

ਉਂਜ ਵੀ ਕਿਉਂਕਿ ਦਿੱਲੀ ਸਰਕਾਰ ਨੂੰ ਕੇਂਦਰੀ ਸਰਕਾਰ ਨੇ ਵਿਕਾਸ ਤੇ ਭਲਾਈ ਦੇ ਕੰਮਾਂ 'ਚ ਸਹਿਯੋਗ ਨਹੀਂ ਦਿੱਤਾ, ਇਸ ਨਾਲ ਦਿੱਲੀ ਦੇ ਵਿਕਾਸ 'ਚ ਰੁਕਾਵਟ ਆਈ।

'ਆਪ' ਦੀ ਇੱਕ ਹੋਰ ਸਮੱਸਿਆ ਹੈ ਕਿ 'ਆਪ' ਦੇ ਕੇਂਦਰੀ ਆਗੂਆਂ ਨੇ ਇਸ ਨੂੰ ਕਾਡਰ ਆਧਾਰਿਤ ਪਾਰਟੀ ਨਹੀਂ ਬਣਨ ਦਿੱਤਾ। ਦਿੱਲੀ ਵਿਚ ਵੀ ਅਤੇ ਪੰਜਾਬ ਵਿਚ ਵੀ ਕੇਜਰੀਵਾਲ ਆਪਣੇ ਸ਼ਖ਼ਸੀ ਉਭਾਰ ਲਈ ਜਾਣੇ ਜਾਂਦੇ ਰਹੇ ਹਨ। ਉਨ੍ਹਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਸਪੱਸ਼ਟ ਨਹੀਂ ਕੀਤੀ। ਉਨ੍ਹਾਂ ਪਾਰਟੀ ਵਰਕਰਾਂ ਨੂੰ ਲੋਕਾਂ ਵਿਚ ਪਾਰਟੀ ਦਾ ਮੰਤਵ ਸਮਝਾਉਣ ਲਈ ਕੋਈ ਪ੍ਰੋਗਾਮ ਨਹੀਂ ਦਿੱਤਾ। ਜਿਵੇਂ ਕਿ ਆਮ ਤੌਰ 'ਤੇ ਕਾਡਰ ਆਧਾਰਿਤ ਪਾਰਟੀਆਂ ਦਿੰਦੀਆਂ ਹਨ।

ਕੋਈ ਵੀ ਸਿਆਸੀ ਪਾਰਟੀ ਆਪਣੇ ਨਿਸ਼ਾਨੇ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀ ਹੈ। ਕਮਿਊਨਿਸਟ ਸੋਸ਼ਲਿਸਟ ਵਿਚਾਰਧਾਰਾ ਪੇਸ਼ ਕਰਦੇ ਹਨ। ਕਾਂਗਰਸ ਲੋਕਤੰਤਰ ਦੀ ਹਾਮੀ ਹੈ। ਭਾਜਪਾ ਆਪਣੀ ਵਿਚਾਰਧਾਰਾ ਜੋ ਆਰ.ਐੱਸ.ਐੱਸ ਦੀ ਵਿਚਾਰਧਾਰਾ ਹੈ, ਉਸ 'ਤੇ ਖੜੀ ਦਿੱਸਦੀ ਹੈ। ਸ਼੍ਰੋਮਣੀ ਅਕਾਲੀ ਦਲ ਇਲਾਕਾਈ ਪਾਰਟੀ ਵਜੋਂ ਆਪਣਾ ਦਾਅਵਾ ਪੇਸ਼ ਕਰਦੀ ਹੈ। ਪਰ 'ਆਪ' ਸਿਰਫ਼ ਕੁੱਝ ਮੁੱਦਿਆਂ ਨੂੰ ਲੈ ਕੇ ਜਦੋਂ ਸਿਆਸਤ ਕਰਦੀ ਰਹੀ, ਉਸ ਨਾਲ ਕੁੱਝ ਸਮਾਂ ਤਾਂ ਉਹ ਵੱਡੇ ਨਾਅਰਿਆਂ ਕਾਰਨ ਲੋਕ ਪ੍ਰਵਾਨਤ ਹੋਈ, ਪਰ ਲੰਮੇ ਸਮੇਂ ਤੱਕ ਉਹ ਆਪਣਾ ਲੋਕ ਆਧਾਰ, ਪਾਰਟੀ-ਕਾਡਰ ਬਨਾਉਣ 'ਚ ਅਸਫ਼ਲ ਰਹੀ ਹੈ।

ਇਹੋਂ ਹੀ ਕਾਰਨ ਹੈ ਕਿ ਉਸਦੇ ਵਰਕਰ ਜਾਂ ਨੇਤਾ ਕਿਸੇ ਸੇਧ 'ਚ ਨਹੀਂ ਤੁਰਦੇ। ਉਂਜ ਵੀ ਦਿੱਲੀ 'ਚ ਦਿੱਲੀ ਹਿਤੈਸ਼ੀ, ਪੰਜਾਬ 'ਚ ਪੰਜਾਬ ਹਿਤੈਸ਼ੀ ਪਾਲਿਸੀਆਂ ਜਿਵੇਂ ਉਸਨੂੰ ਲਾਗੂ ਕਰਨੀਆਂ ਚਾਹੀਦੀਆਂ ਸਨ, ਉਨ੍ਹਾਂ ਪ੍ਰਤੀ ਉਸਨੇ ਚੁੱਪੀ ਵੱਟੀ ਰੱਖੀ, ਜਿਸ ਦਾ ਉਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ।


ਬਦਲਾਅ ਦੇ ਆਧਾਰ ਉਤੇ ਬਣੀ 'ਆਪ' ਲੋਕਾਂ 'ਚ ਆਪਣਾ ਉਹ ਅਕਸ ਬਣਾਈ ਰੱਖਣ 'ਚ ਨਾ-ਕਾਮਯਾਬ ਰਹੀਂ, ਜਿਸਦੇ ਅਧਾਰ 'ਤੇ ਪਾਰਟੀ ਸਥਾਪਿਤ ਕੀਤੀ ਗਈ ਸੀ। ਇਹ ਆਧਾਰ ਰਿਵਾਇਤੀ ਪਾਰਟੀ ਤੋਂ ਹਟਵਾਂ ਸੀ। ਪਰ ਪਾਰਟੀ ਰਿਵਾਇਤੀ ਪਾਰਟੀ ਵਰਗੀ ਦਿੱਖ ਬਣਾਕੇ ਅਤੇ ਉਨ੍ਹਾਂ ਜਿਹੀਆਂ ਕਾਰਵਾਈਆਂ ਕਰਕੇ, ਵੱਡਾ ਨੁਕਸਾਨ ਕਰਾ ਬੈਠੀ ਅਤੇ ਦਿੱਲੀ ਦੇ ਲੋਕਾਂ ਨੇ ਉਸਨੂੰ ਸ਼ੀਸ਼ਾ ਵਿਖਾ ਦਿੱਤਾ, ਬਾਵਜੂਦ ਇਸਦੇ ਕਿ ਦਿੱਲੀ ਦੀ ਵੱਡੀ ਆਬਾਦੀ 'ਆਪ' ਸਰਕਾਰ ਤੋਂ ਬਹੁਤੀ ਨਾ-ਖੁਸ਼ ਨਹੀਂ ਸੀ, ਪਰੰਤੂ ਉਨ੍ਹਾਂ ਵਿਚੋਂ ਕਾਫ਼ੀ ਲੋਕ ਇਸ ਵੇਰ ਬਦਲਾਅ ਚਾਹੁੰਦੇ ਸਨ।



-ਦਿਲਜੀਤ ਸਿੰਘ ਬੇਦੀ
ਮੋ: 76579-68570
ਪੰਜਾਬ ਮੇਲUSA



# ਸ਼ਿਵ ਦੱਤ ਸ਼ਰਮਾ ਦੀ ਕਿਤਾਬ "ਸੱਜਣਾ ਵੇ ਸੱਜਣਾ" ਮੁਹੱਬਤੀ ਸੁਰਾਂ ਦੀ ਰਚਨਾ




**ਉਹ ਪੱਛਮੀ ਰੇਲਵੇ ਕਲਾ ਅਤੇ ਸੰਸਕ੍ਰਿਤੀ ਸੰਘ ਦੇ ਸਾਬਕਾ ਸਹਿ-ਸਕੱਤਰ ਰਹਿ ਚੁੱਕੇ ਹਨ। ਗ਼ਜ਼ਲਾਂ, ਗੀਤਾਂ ਦੀਆਂ ਆਡੀਓ ਕੈਸਿਟਾਂ 'ਹਮਨਸ਼ੀ', 'ਅਹਿਸਾਸ' ਅਤੇ 'ਜ਼ਮੀਂ ਸੇ ਆਸਮਾਂ' ਦੇ ਉਹ ਗੀਤਕਾਰ ਹੈ। ਪਹਿਲਾ ਉਰਦੂ, ਹਿੰਦੀ ਗਜ਼ਲ-ਸੰਗ੍ਰਿਹ 'ਅਕਸ-ਏ-ਗਜ਼ਲ' ਰਿਲੀਜ਼ ਹੋਇਆ। ਕਵਿਤਾ, ਗੀਤ, ਗ਼ਜ਼ਲਾਂ ਲਿਖਣਾ ਤੇ ਗਾਉਣਾ, ਸੰਗੀਤ ਤੇ ਖੇਡਾਂ ਉਸ ਦੇ ਸ਼ੌਕ ਹਨ। ਪਦਮਸ਼੍ਰੀ ਅਨੂਪ ਜਲੋਟਾ ਲਿਖਦੇ ਹਨ। ਮੈਨੂੰ ਇਹ ਜਾਣ ਕਿ ਬਹੁਤ ਖ਼ੁਸ਼ੀ ਹੋਈ ਹੈ ਕਿ ਸ਼ਿਵ ਦੱਤ 'ਅਕਸ' ਆਪਣੇ ਪੰਜਾਬੀ ਗੀਤਾਂ ਅਤੇ ਗ਼ਜ਼ਲਾਂ ਦੀ ਪੁਸਤਕ 'ਸੱਜਣਾ ਵੇ ਸੱਜਣਾ' ਲੈ ਕੇ ਪਾਠਕਾਂ ਦੇ ਰੂਬਰੂ ਹੋ ਰਹੇ ਹਨ। ਮੈਂ ਇਹ ਪੁਸਤਕ ਪੜ੍ਹੀ ਹੈ ਅਤੇ ਉਸ ਦੀ ਸ਼ਾਇਰੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਹੈ। ਸ਼ਿਵ ਦੱਤ 'ਅਕਸ' ਪਿਆਰ, ਮੁਹੱਬਤ ਅਤੇ ਰੋਮਾਂਸ ਦਾ ਸ਼ਾਇਰ ਹੈ।**

ਖੇਡ ਜਗਤ ਤੇ ਸਾਹਿਤਕ ਪਿੜ ਵਿਚ ਸ਼ਿਵ ਦੱਤ ਇੱਕ ਨਿਵੇਕਲਾ ਹਸਤਾਖ਼ਰ ਹੈ। ਖੇਡ ਤੇ ਸਾਹਿਤ ਦੇ ਸੁਮੇਲ 'ਚ ਉਸ ਦਾ ਵੱਡਾ ਨਾਮ ਹੈ। ਸ਼ਿਵ ਦੱਤ ਸ਼ਰਮਾ 'ਅਕਸ' (ਆਈ.ਆਰ.ਪੀ.ਐੱਸ. ਰਿਟਾਇਰਡ), ਸਾਬਕਾ ਡਿਪਟੀ ਚੀਫ਼ ਪਰਸੋਨਲ ਆਫ਼ਿਸਰ ਪੱਛਮੀ ਰੇਲਵੇ ਮੁੰਬਈ ਦਾ ਜਨਮ : 05 ਅਕਤੂਬਰ 1948, ਕੁੱਕੜਪਿੰਡ, ਜਲੰਧਰ ਵਿਖੇ ਹੋਇਆ। ਸ਼ਿਵ ਦੱਤ ਪੱਛਮੀ ਰੇਲਵੇ ਮੁੰਬਈ ਦੀ ਹਾਕੀ ਟੀਮ ਲਈ 20 ਸਾਲਾਂ ਤੱਕ ਖੇਡੇ। ਰਾਸ਼ਟਰੀ ਪੱਧਰ ਦੇ ਕਈ ਟੂਰਨਾਮੈਂਟ ਕਈ ਵਾਰ ਜਿੱਤੇ ਅਤੇ ਕਈ ਵਿਦੇਸ਼ੀ ਟੀਮਾਂ ਨੂੰ ਵੀ ਹਰਾਇਆ। ਭਾਰਤੀ ਰੇਲਵੇ ਦੀ ਨੈਸ਼ਨਲ ਲਈ ਕਈ ਵਰ੍ਹਿਆਂ ਤੱਕ ਖੇਡੇ। (1974, 1975, 1976, 1977) ਲਗਾਤਾਰ ਜਿੱਤ ਕੇ ਨਵਾਂ ਰਿਕਾਰਡ ਕਾਇਮ ਕੀਤਾ। ਪੰਜਾਬ ਯੂਨੀਵਰਸਿਟੀ ਅਤੇ ਈਸਟ ਬੰਗਾਲ ਹਾਕੀ ਕਲੱਬ ਕਲਕੱਤਾ ਦੇ ਇਲਾਵਾ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਆਲ ਇੰਡੀਆ ਕੰਬਾਈਂਡ ਯੂਨੀਵਰਸਿਟੀ, ਬੰਗਾਲ ਸਟੇਟ, ਮੁੰਬਈ ਅਤੇ ਚੰਡੀਗੜ੍ਹ ਦੀਆਂ ਟੀਮਾਂ ਵਲੋਂ ਵੀ ਭਾਗ ਲਿਆ। ਹਾਕੀ ਅੰਪਾਇਰਿੰਗ ਵਿਚ ਨੈਸ਼ਨਲ ਅੰਪਾਇਰ ਬਣੇ। ਸੰਨ 1986 ਵਿਚ ਲੰਡਨ ਵੈਟਰਨ ਹਾਕੀ ਖਿਡਾਰੀਆਂ ਦੇ ਪਹਿਲੇ ਵਿਸ਼ਵ ਕੱਪ ਵਿਚ ਭਾਰਤੀ ਹਾਕੀ ਟੀਮ ਦੇ ਮੈਂਬਰ ਬਣੇ। 1985 ਤੋਂ 1995 ਤੱਕ ਭਾਰਤੀ ਰੇਲਵੇ ਦੀ ਹਰ ਸਾਲ ਨੈਸ਼ਨਲ ਚੈਂਪੀਅਨ ਮਹਿਲਾ ਹਾਕੀ ਟੀਮ ਦੇ ਕੋਚ ਰਹੇ। 1990 ਬੀਜਿੰਗ ਚੀਨ ਇੰਟਰਨੈਸ਼ਨਲ ਮਹਿਲਾ ਹਾਕੀ ਟੂਰਨਾਮੈਂਟ (ਬਰੋਂਜ ਮੈਡਲ ਜੇਤੂ) ਭਾਰਤੀ ਮਹਿਲਾ ਹਾਕੀ ਟੀਮ ਦੇ ਕੋਚ ਰਹੇ। 1990 ਵਿਚ ਬੀਜਿੰਗ (ਚੀਨ) ਏਸ਼ੀਆਈ ਖੇਡਾਂ ਵਿਚ ਭਾਰਤੀ ਮਹਿਲਾ ਹਾਕੀ ਟੀਮ ਦੇ ਕੋਚ ਵੱਲੋਂ ਸੇਵਾਵਾਂ ਨਿਭਾਉਂਦੇ ਰਹੇ।

ਉਹ ਪੱਛਮੀ ਰੇਲਵੇ ਕਲਾ ਅਤੇ ਸੰਸਕ੍ਰਿਤੀ ਸੰਘ ਦੇ ਸਾਬਕਾ ਸਹਿ-ਸਕੱਤਰ ਰਹਿ ਚੁੱਕੇ ਹਨ। ਗ਼ਜਲਾਂ, ਗੀਤਾਂ ਦੀਆਂ ਆਡੀਓ ਕੈਸਿਟਾਂ 'ਹਮਨਸ਼ੀ', 'ਅਹਿਸਾਸ' ਅਤੇ 'ਜ਼ਮੀਂ ਸੇ ਆਸਮਾਂ' ਦੇ ਉਹ ਗੀਤਕਾਰ ਹੈ। ਪਹਿਲਾ ਉਰਦੂ, ਹਿੰਦੀ ਗਜ਼ਲ-ਸੰਗ੍ਰਿਹ 'ਅਕਸ-ਏ-ਗਜ਼ਲ' ਰਿਲੀਜ਼ ਹੋਇਆ। ਕਵਿਤਾ, ਗੀਤ, ਗ਼ਜ਼ਲਾਂ ਲਿਖਣਾ ਤੇ ਗਾਉਣਾ, ਸੰਗੀਤ ਤੇ ਖੇਡਾਂ ਉਸ ਦੇ ਸ਼ੌਕ ਹਨ।

ਪਦਮਸ਼੍ਰੀ ਅਨੂਪ ਜਲੋਟਾ ਲਿਖਦੇ ਹਨ। ਮੈਨੂੰ ਇਹ ਜਾਣ ਕਿ ਬਹੁਤ ਖ਼ੁਸ਼ੀ ਹੋਈ ਹੈ ਕਿ ਸ਼ਿਵ ਦੱਤ 'ਅਕਸ' ਆਪਣੇ ਪੰਜਾਬੀ ਗੀਤਾਂ ਅਤੇ ਗ਼ਜ਼ਲਾਂ ਦੀ ਪੁਸਤਕ 'ਸੱਜਣਾ ਵੇ ਸੱਜਣਾ' ਲੈ ਕੇ ਪਾਠਕਾਂ ਦੇ ਰੂਬਰੂ ਹੋ ਰਹੇ ਹਨ। ਮੈਂ ਇਹ ਪੁਸਤਕ ਪੜ੍ਹੀ ਹੈ ਅਤੇ ਉਸ ਦੀ ਸ਼ਾਇਰੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਹੈ। ਸ਼ਿਵ ਦੱਤ 'ਅਕਸ' ਪਿਆਰ, ਮੁਹੱਬਤ ਅਤੇ ਰੋਮਾਂਸ ਦਾ ਸ਼ਾਇਰ ਹੈ। ਇਸ ਦੀ ਵੰਨਗੀ ਵੇਖੋ:

ਰੱਬ ਨੇ ਬਣਾਇਆ ਤੈਨੂੰ, ਕਿੰਨਾ ਸੋਹਣਾ ਨੀ
ਲੁੱਕ ਛੁਪ ਉਹ ਵੀ ਕਦੈ ਵੇਖਦਾ ਤੇ ਹੋਣਾ ਨੀ
ਮੁੱਦਤ ਬਾਦ ਮਿਲੇ ਹਾਂ ਆਪਾਂ
ਚੱਲ ਬਚਪਨ ਦੀਆਂ ਗੱਲਾਂ ਕਰੀਏ
ਕੁਝ ਤੂੰ ਕਹਿ ਕੁਝ ਮੈਂ ਵੀ ਆਖਾਂ
ਚੱਲ ਬਚਪਨ ਦੀਆਂ ਗੱਲਾਂ ਕਰੀਏ
ਤੇਰੇ ਸ਼ਹਿਰ ਵਿਚ ਆ ਕੇ ਮੈਨੂੰ ਕੀ ਹੋ ਗਿਆ
ਰੱਬ ਜਾਣਦਾ ਕਿੱਦਾਂ ਦਾ ਮੇਰਾ ਜੀ ਹੋ ਗਿਆ।

ਸ਼ਿਵ ਦੱਤ 'ਅਕਸ' ਦੀਆਂ ਉਪਰੋਕਤ ਰਚਨਾਵਾਂ ਨੂੰ ਅਨੂਪ ਜਲੋਟਾ ਨੇ ਆਪਣੀ ਆਵਾਜ਼ ਵਿਚ ਰਿਕਾਰਡ ਕਰਨ ਦੀ ਸਹਿਮਤੀ ਸ਼ਿਵ ਦੱਤ ਤੋਂ ਲੈ ਲਈ ਹੈ। ਪੁਸਤਕ 'ਅਕਸ-ਏ-ਗ਼ਜ਼ਲ' ਦੀਆਂ ਕਈ ਰਚਨਾਵਾਂ ਨੂੰ ਵੀ ਅਨੂਪ ਜਲੋਟਾ ਆਪਣੀ ਆਵਾਜ਼ ਦੇ ਚੁੱਕਾ ਹੈ। ਸ਼ਿਵ ਦੱਤ ਨੇ ਹੱਥਲੀ ਪੁਸਤਕ ਵਿਚ 133 ਦੇ ਕਰੀਬ ਗੀਤ, ਗਜਲਾਂ, ਕਵਿਤਾਵਾਂ ਸ਼ਾਮਲ ਕੀਤੀਆਂ ਹਨ।

ਪੰਜਾਬੀ ਦੀ ਮੰਨੀ-ਪ੍ਰਮੰਨੀ ਕਵਿਤਰੀ ਮਨਜੀਤ ਇੰਦਰਾ ਸ਼ਿਵ ਦੱਤ 'ਅਕਸ' ਬਾਰੇ ਲਿਖਦੀ ਹੈ, ਸ਼ਿਵ ਦੱਤ ਪੰਜਾਬੀ ਕਵਿਤਾ ਦਾ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਉਸ ਨੇ ਪੰਜਾਬੀ ਸਟੇਜੀ ਕਾਵਿ ਨੂੰ ਨਵੀਂ ਦਿਸ਼ਾ ਦਿੱਤੀ ਹੈ। ਤਰੰਨਮ ਵਿਚ ਸਟੇਜ 'ਤੇ ਕਵਿਤਾ ਪੇਸ਼ ਕਰਨਾ ਉਸ ਦਾ ਖਾਸਾ ਹੈ। ਜ਼ਿਲ੍ਹਾ ਜਲੰਧਰ ਦੇ ਕੁੱਕੜ ਪਿੰਡ ਵਿਖੇ ਜਨਮੇ ਸ਼ਿਵ ਦੱਤ ਦਾ ਮੁੱਢਲਾ ਜੀਵਨ ਸਾਧਾਰਨ ਜਿਹਾ ਹੀ ਸੀ, ਪਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਉਸਦੀ ਸ਼ਖਸੀਅਤ ਵਿਚ ਅਥਾਹ ਪਰਿਵਰਤਨ ਆਏ। ਪੜ੍ਹਾਈ ਦੇ ਨਾਲ-ਨਾਲ ਖੇਡਾਂ, ਸਾਹਿਤਕ ਅਤੇ ਹੋਰ ਕਲਚਰਲ ਸਮਾਗਮਾਂ ਵਿਚ ਭਾਗ ਲੈਂਦਿਆਂ ਉਹ ਕਾਫੀ ਨਾਮਣਾ ਖਟ ਚੁੱਕਾ ਸੀ। ਖੇਡਾਂ ਵਿਚ ਉਸਨੂੰ ਕਾਫੀ ਦਿਲਚਸਪੀ ਸੀ ਪਰ ਹਾਕੀ ਉਸਦੀ ਜਿੰਦ ਜਾਨ ਸੀ। ਕਾਲਜ ਵਿਚ 1965 ਤੋਂ 1970 ਤੱਕ ਬੀ.ਐੱਸ.ਸੀ. ਕਰਦਿਆਂ ਉਸਨੇ ਹਾਕੀ ਟੀਮ ਵਿਚ ਚੰਗੀ ਥਾਂ ਬਣਾ ਲਈ ਸੀ। ਹਾਕੀ ਦਾ ਜਨੂੰਨ ਉਸਨੂੰ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਦੇ ਰੂਪ ਵਿਚ ਉਭਾਰਦਾ ਹੈ।

ਖੇਡ ਪ੍ਰਤਿਭਾ ਦੇ ਨਾਲ-ਨਾਲ ਉਸਦੀ ਕਾਵਿ ਪ੍ਰਤਿਭਾ ਵੀ ਉੱਗਮਦੀ ਰਹੀ ਤੇ ਉਹ ਇਸ ਖੇਤਰ ਦਾ ਸ਼ਾਹ ਸਵਾਰ ਬਣ ਗਿਆ। ਪੱਛਮੀ ਰੇਲਵੇ ਮੁੰਬਈ 'ਚੋਂ ਸੇਵਾਮੁਕਤ ਹੋਣ ਉਪਰੰਤ ਉਹ ਪੂਰਨ ਰੂਪ ਵਿਚ ਕਾਵਿ ਰਚਨਾ ਤੇ ਕਾਵਿ ਪ੍ਰਸਤੁਤੀਕਰਨ ਨੂੰ ਸਮਰਪਿਤ ਹੋ ਗਿਆ।

ਸ਼ਿਵਦੱਤ ਜਦੋਂ ਵੀ ਫੋਨ 'ਤੇ ਮੁੰਬਈ ਤੋਂ ਗੱਲ ਕਰਦਾ ਹੈ, ਏਵੇਂ ਲੱਗਦਾ, ਜਲੰਧਰ ਦੇ ਕਿਸੇ ਕੋਨੇ 'ਚੋਂ ਗੱਲ ਕਰ ਰਿਹਾ ਹੋਵੇ। ਨਾ ਪੰਜਾਬੀ ਭਾਸ਼ਾ 'ਤੇ, ਨਾ ਬੋਲ ਚਾਲ 'ਤੇ, ਨਾ ਹੀ ਰਹਿਣੀ-ਬਹਿਣੀ 'ਤੇ ਮੁੰਬਈਆ ਦਾ ਪ੍ਰਭਾਵ। ਉਹ ਮੁੰਬਈ ਵਰਗੇ ਮਹਾਂਨਗਰ ਵਿਚ ਉਮਰ ਦਾ ਵੱਡਾ ਹਿੱਸਾ ਗੁਜ਼ਾਰਨ ਤੋਂ ਬਾਅਦ ਵੀ ਆਪਣੀ ਮਾਂ ਬੋਲੀ ਨਾਲ ਇਸ ਕਦਰ ਜੁੜਿਆ ਹੋਇਆ ਹੈ, ਜਿਵੇਂ ਨਹੁੰ ਨਾਲ ਮਾਸ। ਅਜਿਹੇ ਸ਼ਾਇਰਾਂ ਸਦਕਾ ਹੀ ਪੰਜਾਬੀ ਦਾ ਝੰਡਾ ਦੁਨੀਆਂ ਭਰ 'ਚ ਬੁਲੰਦ ਹੈ।

'ਸੱਜਣਾ ਵੇ ਸੱਜਣਾ' ਉਸਦਾ ਦੂਸਰਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਇਕ ਗਜ਼ਲ ਸੰਗ੍ਰਹਿ 'ਅਕਸ-ਏ-ਗਜ਼ਲ' ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਉਹ ਜਦੋਂ ਨਾਮਵਰ ਸ਼ਾਇਰਾਂ ਨਾਲ ਸਟੇਜ 'ਤੇ ਕਵਿਤਾ ਪੇਸ਼ ਕਰਦਾ ਹੈ, ਤਾਂ ਇੱਕ ਖੁਸ਼ਗਵਾਰ ਵਾਤਾਵਰਨ ਪੈਦਾ ਹੋ ਜਾਂਦਾ ਹੈ। ਉਸਦੀ ਕਵਿਤਾ ਵਿਚ ਨਾਦੀ ਤੇ ਵਿਸਮਾਦੀ ਸੁਹਜ ਹੈ, ਜੋ ਉਸਦੀ ਕਵਿਤਾ ਦੇ ਅਸਰ ਨੂੰ ਰੂਹ ਤੱਕ ਪਹੁੰਚਾਉਂਦਾ ਹੈ। ਉਸਦੀ ਆਵਾਜ਼ ਵਿਚ ਅਜਿਹਾ ਸੋਜ ਹੈ, ਜੋ ਉਸਦੀ ਲੇਖਣੀ ਨੂੰ ਦ੍ਰਿਸ਼ ਰੂਪ 'ਚ ਸਾਕਾਰ ਕਰਦਾ ਹੈ। ਉਹ ਸਟੇਜ 'ਤੇ ਕਵਿਤਾ ਪੇਸ਼ ਕਰਦਿਆਂ ਕਵਿਤਾ ਦੇ ਵਿਸ਼ੇ ਨੂੰ ਇੰਨੀ ਨਿਪੁੰਨਤਾ, ਸ਼ਿੱਦਤ ਅਤੇ ਸਾਉ ਢੰਗ ਨਾਲ ਪੇਸ਼ ਕਰਦਾ ਹੈ ਕਿ ਸਰੋਤਾ ਕੀਲਿਆ ਜਾਂਦਾ ਹੈ। 'ਸੱਜਣਾ ਵੇ ਸੱਜਣਾ' ਕਾਵਿ ਸੰਗ੍ਰਹਿ ਵਿਚ ਉਸ ਨੇ ਮਨੁੱਖੀ ਜੀਵਨ ਦੇ ਬਹੁਤ ਸਾਰੇ ਸਰੋਕਾਰਾਂ ਨੂੰ ਪ੍ਰਸਤੁਤ ਕੀਤਾ ਹੈ। ਪਿਆਰ, ਮੁਹੱਬਤ, ਦੁੱਖ, ਵਿਛੋੜਾ, ਸਮਰਪਣ ਆਦਿ ਉਸ ਦੀਆਂ ਕਵਿਤਾਵਾਂ ਦੇ ਕੇਂਦਰ ਬਿੰਦੂ ਹਨ।

ਉਸ ਦੀ ਕਲਮ 'ਚੋਂ ਸਿਰਜਿਆ ਇਹ ਪਹਿਲਾ ਪਿਆਰ ਹੈ। ਪਿੰਡ ਦੀ ਮਿੱਟੀ ਦੀ ਮਹਿਕ, ਬਚਪਨ ਦੇ ਲਾਡ ਪਿਆਰ ਅਤੇ ਵੱਡੇ ਵਡੇਰਿਆਂ ਤੋਂ ਮਿਲੇ ਸੰਸਕਾਰਾਂ ਦੇ ਅਸਰ ਹੇਠ ਉਸ ਨੇ ਛੋਟੀ ਉਮਰੇ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ, ਪਹਿਲਾ ਗੀਤ "ਦੁਨੀਆ 'ਤੇ ਸਦਾ ਰਹਿਣਾ ਤੇਰੀ ਕੀ ਮਜ਼ਾਲ, ਪਲ-ਪਲ ਬੰਦੇ ਤੇਰੀ ਮੌਤ ਦਾ ਸਵਾਲ", ਜਿਹੜਾ ਅੱਠਵੀਂ ਕਲਾਸ ਵਿਚ ਲਿਖਿਆ ਸੀ, ਸਕੂਲ ਤੇ ਕਾਲਜ ਦੇ ਪ੍ਰੋਗਰਾਮਾਂ ਵਿਚ ਬੜਾ ਸਰਾਹਿਆ ਜਾਂਦਾ ਰਿਹਾ। ਲਿਖਣ ਤੇ ਗਾਉਣ ਦਾ ਰੁਝਾਨ ਉਸ ਨੂੰ ਮੁੰਬਈ ਲੈ ਆਇਆ। ਪਿੰਡ ਵਿਚ ਉਸ ਹਾਕੀ ਖੇਡਣੀ ਸਿੱਖੀ, ਸਕੂਲ ਅਤੇ ਕਾਲਜ ਦੀਆਂ ਟੀਮਾਂ ਦੀ ਪ੍ਰਤੀਨਿਧਤਾ ਪਿੱਛੋਂ ਭਾਰਤ ਦਾ ਚਰਚਿਤ ਹਾਕੀ ਖਿਡਾਰੀ ਬਣਿਆ। ਹਾਕੀ ਦੀ ਬਦੌਲਤ ਉਸ ਨੂੰ ਬਹੁਤ ਸਾਰੇ ਅਦਾਰਿਆਂ ਨੇ ਨੌਕਰੀ ਦੀ ਪੇਸ਼ਕਸ਼ ਕੀਤੀ, ਆਖਰ ਉਸ ਪੱਛਮੀ ਰੇਲਵੇ ਮੁੰਬਈ ਵਿਚ ਨੌਕਰੀ ਕਰਨ ਦਾ ਫੈਸਲਾ ਕਰ ਲਿਆ। ਮੁੰਬਈ ਨੂੰ ਗੀਤ ਸੰਗੀਤ ਤੇ ਸੁਪਨਿਆਂ ਦੀ ਨਗਰੀ ਕਿਹਾ ਜਾਂਦਾ ਹੈ। ਉਸ ਨੇ ਆਪਣੀ ਹੱਥਲੀ ਪੁਸਤਕ ਵਿਚ ਉਸ ਦੀ ਸ਼ਾਇਰੀ ਸੰਵੇਦਨਸ਼ੀਲ ਮਹਿਸੂਸ ਹੋਈ ਹੈ, ਭਾਸ਼ਾ ਤੇ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਹੈ। ਵਿਸਰ ਚਲੇ ਪੇਂਡੂ ਬਿੰਬਾਂ ਨਾਲ ਆਪਣੀ ਰਚਨਾ ਨੂੰ ਕਲਮਬੰਦ ਕੀਤਾ ਹੈ। ਮੁਹੱਬਤੀ ਸੁਰ ਵਿਚ ਉਸ ਦੀਆਂ ਰਚਨਾਵਾਂ ਨਵੇਂ ਅਰਥਾਂ ਦਾ ਸੰਚਾਰ ਕਰਦੀਆਂ ਹਨ। ਭਾਵੇਂ ਉਚੀ ਸੁਰ ਵਿਚ ਬੋਲਦਾ ਸਹਿਜ ਸੁਹਜ ਨਾਲ ਇਕ ਪਿਆਰ ਦੀ ਦੁਨੀਆਂ ਦੇ ਦਰ ਦਰਵਾਜ਼ੇ ਤੇ ਦਸਤਕ ਦਿੰਦਾ ਦਿਖਾਈ ਦੇਂਦਾ ਹੈ।

ਮੁੰਬਈ ਵਿਚ ਉਸ ਨੇ ਬੜੇ ਸੁਪਨੇ ਵੇਖੇ। ਵੈਸਟਰਨ ਰੇਲਵੇ ਦੀ ਨੌਕਰੀ ਨੇ ਉਸ ਨੂੰ ਭਾਰਤ ਦਾ ਅੰਤਰ-ਰਾਸ਼ਟਰੀ ਹਾਕੀ ਖਿਡਾਰੀ ਬਣਾ ਦਿੱਤਾ। ਕੁੜੀਆਂ ਦੀ ਭਾਰਤੀ ਹਾਕੀ ਟੀਮ ਦਾ ਕੋਚ ਬਣਨ ਦਾ ਮਾਣ ਪ੍ਰਾਪਤ ਹੋਇਆ। ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦਿਆਂ ਵੈਸਟਰਨ ਰੇਲਵੇ ਦਾ ਡਿਪਟੀ ਚੀਫ਼ ਪ੍ਰਸੋਨਲ ਅਫ਼ਸਰ ਤੱਕ ਦਾ ਸਫ਼ਰ ਤੈਅ ਕਰ ਕੇ ਰਿਟਾਇਰ ਹੋਇਆ। ਰੇਲ ਤੇ ਖੇਲ ਦੇ ਇਸ ਸਫ਼ਰ ਦੌਰਾਨ ਉਸ ਦੀ ਕਲਮ ਦਾ ਸਫ਼ਰ ਵੀ ਸ਼ੁਰੂ ਹੋ ਚੁੱਕਾ ਸੀ। ਉਸ ਨੇ ਉਰਦੂ ਅਤੇ ਪੰਜਾਬੀ ਵਿਚ ਸ਼ਾਇਰੀ ਕਰਨੀ ਸ਼ੁਰੂ ਕਰ ਦਿੱਤੀ। ਉਰਦੂ ਗ਼ਜ਼ਲ ਸੰਗ੍ਰਹਿ 'ਅਕਸ-ਏ-ਗ਼ਜ਼ਲ' ਰਿਲੀਜ਼ ਹੋ ਚੁੱਕਾ ਹੈ, ਤੇ ਹੁਣ ਪੰਜਾਬੀ ਕਾਵਿ-ਸੰਗ੍ਰਹਿ 'ਸੱਜਣਾ ਵੇ ਸੱਜਣਾ' ਪਾਠਕਾਂ ਅੱਗੇ ਪੇਸ਼ ਕਰ ਰਿਹਾ ਹੈ। ਸਾਹਿਤਕ ਖੇਤਰ ਵਿਚ ਉਹ ਸ਼ਰਮਾ ਤੋਂ ਅਕਸ ਬਣ ਗਿਆ ਹੈ।

ਮੁੰਬਈ ਅੰਦਰ ਉਸ ਦੀ ਮੁਲਾਕਾਤ ਅੰਤਰਰਾਸ਼ਟਰੀ ਐਥਲੀਟ ਮਧੂ ਨਾਲ ਹੋਈ। ਫਿਰ ਮੁਲਾਕਾਤਾਂ ਨੇੜਤਾ ਵਿਚ ਬਦਲੀਆਂ ਤੇ ਨੇੜਤਾ ਜ਼ਿੰਦਗੀ ਭਰ ਦੇ ਸਾਥ ਵਿਚ ਤਬਦੀਲ ਹੋ ਗਈ। ਮਧੂ ਇੰਟਰਨੈਸ਼ਨਲ ਖਿਡਾਰੀ ਦੇ ਨਾਲ-ਨਾਲ ਰੇਲਵੇ ਦੀ ਇਕ ਕੁਸ਼ਲ ਅਧਿਕਾਰੀ ਵੀ ਸੀ। 34 ਵਰ੍ਹਿਆਂ ਦੇ ਇਸ ਸਾਥ ਦੌਰਾਨ ਜ਼ਿੰਦਗੀ ਦੇ ਹਰ ਪਲ, ਹਰ ਖੁਸ਼ੀ ਤੇ ਹਰ ਦਰਦ ਨੂੰ ਇਨ੍ਹਾਂ ਇਕੱਠਿਆਂ ਹੰਢਾਇਆ ਤੇ ਮਾਣਿਆ। ਅੱਜ ਮੱਧੂ ਉਸ ਦੇ ਕੋਲ ਨਹੀਂ, ਪਰ ਉਸ ਦੀ ਪ੍ਰੇਰਨਾ, ਉਸ ਦਾ ਉਤਸ਼ਾਹ ਤੇ ਉਸ ਦੀ ਤਾਕਤ ਹਮੇਸ਼ਾ ਹਮੇਸ਼ਾ ਉਸ ਦੇ ਨਾਲ ਹੈ।

ਸ਼ਿਵ ਦੱਤ ਅਕਸ ਨੂੰ ਇਸ ਸਾਹਿਤਕ ਪ੍ਰਾਪਤੀ ਲਈ ਢੇਰ ਸਾਰੀਆਂ ਦਿਲੀ ਮੁਬਾਰਕਾਂ ਦਿੰਦਿਆਂ ਮੈਂ ਅਤਿ ਖੁਸ਼ੀ ਮਹਿਸੂਸ ਕਰਦਾ ਹਾਂ। ਸ਼ਾਲਾ ਪੰਜਾਬੀ ਦਾ ਇਹ ਅਲੰਬਰਦਾਰ ਇਸੇ ਤਰ੍ਹਾਂ ਆਪਣੀ ਮਾਂ ਬੋਲੀ ਦੀ ਸੇਵਾ ਕਰਦਾ ਰਹੇ।

# ਹਰੀ ਸਿੰਘ ਚਮਕ ਦਾ ਕਾਵਿ ਸੰਗ੍ਰਹਿ 'ਖ਼ਾਰੇ ਅਥਰੂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





ਹਰੀ ਸਿੰਘ ਚਮਕ ਸੰਵੇਦਨਸ਼ੀਲ ਸ਼ਾਇਰ ਹੈ। ਬਚਪਨ ਵਿਚ ਸਕੂਲ ਵਿਚ ਪੜ੍ਹਦਿਆਂ ਹੀ ਉਸਨੂੰ ਕਵਿਤਾਵਾਂ ਲਿਖਣ ਦੀ ਚੇਟਕ ਲੱਗ ਗਈ ਸੀ। ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਉਹ ਕਹਾਣੀਆਂ ਲਿਖਣ ਲੱਗ ਗਿਆ ਅਤੇ ਕਾਲਜ ਦੀ ਸਾਹਿਤ ਸਭਾ ਵਿਚ ਸਰਗਰਮੀ ਨਾਲ ਹਿੱਸਾ ਲੈਣ ਲੱਗ ਪਿਆ। ਉਸ ਤੋਂ ਬਾਅਦ ਤਾਂ 'ਚਲ ਸੋ ਚਲ' ਸਾਹਿਤਕ ਮਸ ਹੋਰ ਪਰਪੱਕ ਹੁੰਦਾ ਰਿਹਾ। ਪਟਿਆਲਾ ਨੌਕਰੀ ਕਰਦਿਆਂ ਸਥਾਨਕ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਆਉਣ ਕਰਕੇ ਉਸਦਾ ਸਾਹਿਤਕਾਰਾਂ ਨਾਲ ਮੇਲਜੋਲ ਵੱਧ ਗਿਆ। ਇਸ ਦੇ ਸਿੱਟੇ ਵਜੋਂ ਸਾਹਿਤਕ ਪ੍ਰਵਿਰਤੀ ਪ੍ਰਫੁੱਲਤ ਹੋ ਗਈ। ਇਸ ਸਮੇਂ ਦੌਰਾਨ ਉਸਦੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਪ੍ਰਕਾਸ਼ਤ ਹੁੰਦੇ ਰਹੇ। ਉਸਦੀ ਇਕ ਮਿੰਨੀ ਕਹਾਣੀਆਂ ਦੀ ਪੁਸਤਕ 'ਗਿਰਝਾਂ' 2023 ਵਿਚ ਪ੍ਰਕਾਸ਼ਤ ਹੋਈ ਸੀ। ਹਰੀ ਸਿੰਘ ਚਮਕ ਦੀਆਂ ਕਵਿਤਾਵਾਂ ਪੰਜ ਕਾਵਿ ਸੰਗ੍ਰਹਿਾਂ ਅਤੇ ਇੱਕ ਮਿੰਨੀ ਕਹਾਣੀਆਂ ਦੀ ਪੁਸਤਕ ਦਾ ਸ਼ਿੰਗਾਰ ਬਣ ਚੁੱਕੀਆਂ ਹਨ। 'ਖ਼ਾਰੇ ਹੰਝੂ' ਉਸਦਾ ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸ ਦੀਆਂ 66 ਕਵਿਤਾਵਾਂ ਵੱਖਰੇ-ਵੱਖਰੇ ਰੰਗ ਬਖ਼ੇਰਦੀਆਂ ਹਨ। ਹਰੀ ਸਿੰਘ ਚਮਕ ਭਾਵਨਾਤਮਕ, ਯਥਾਰਥਵਾਦੀ, ਮਾਨਵਵਾਦੀ ਅਤੇ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਕਵੀ ਹੈ। ਸਮਾਜਿਕ ਤਾਣੇ-ਬਾਣੇ ਵਿਚ ਜੋ ਕੁਝ ਵੀ ਵਾਪਰ ਰਿਹਾ ਹੈ, ਉਸਦਾ ਪ੍ਰਭਾਵ ਹਰੀ ਸਿੰਘ ਚਮਕ ਦੀਆਂ ਕਵਿਤਾਵਾਂ ਵਿਚੋਂ ਵੇਖਣ ਨੂੰ ਮਿਲਦਾ ਹੈ। ਉਸਦੇ ਇੱਕ ਦਿਹਾਤੀ ਕਿਸਾਨੀ ਪਰਿਵਾਰ ਨਾਲ ਸੰਬੰਧਤ ਹੋਣ ਕਰਕੇ ਕਿਸਾਨੀ ਅਤੇ ਕਿਰਤੀਆਂ ਦੀਆਂ ਸਮੱਸਿਆਵਾਂ ਨੂੰ ਬੜਾ ਨੇੜਿਓਂ ਵੇਖਣ ਦਾ ਮੌਕਾ ਮਿਲਦਾ ਰਿਹਾ, ਜਿਸ ਕਰਕੇ ਉਹ ਉਨ੍ਹਾਂ ਦੀ ਜ਼ਿੰਦਗੀ ਦੀਆਂ ਉਲਝਣਾਂ ਦੀਆਂ ਪਰਤਾਂ ਨੂੰ ਆਪਣੀ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਉਹ ਸਾਰੀ ਉਮਰ ਸਰਕਾਰੀ ਨੌਕਰੀ ਦੌਰਾਨ ਕਰਮਚਾਰੀਆਂ ਦੇ ਨੇਤਾ ਦੇ ਤੌਰ 'ਤੇ ਅਗਵਾਈ ਕਰਦਾ ਰਿਹਾ ਹੈ। ਇਸ ਕਰਕੇ ਉਸਨੂੰ ਦਫ਼ਤਰਾਂ ਦੀਆਂ ਕੁਰੀਤੀਆਂ ਦੀ ਵੀ ਪੂਰੀ ਜਾਣਕਾਰੀ ਹੈ। ਉਹ ਉਨ੍ਹਾਂ ਦੀਆਂ ਬਾਰੀਕੀਆਂ ਵਾਰੇ ਵੀ ਸੰਜੀਦਗੀ ਨਾਲ ਕਵਿਤਾਵਾਂ ਲਿਖਦਾ ਹੈ। ਨੌਕਰੀ ਦੌਰਾਨ ਕਰਮਚਾਰੀਆਂ ਦੀ ਸਮੱਸਿਆਵਾਂ ਦੇ ਹੱਲ ਲਈ ਉਸਦਾ ਵਾਹ ਸਿਆਸਤਦਾਨਾਂ ਨਾਲ ਵੀ ਪੈਂਦਾ ਰਿਹਾ ਹੈ। ਹਰੀ ਸਿੰਘ ਚਮਕ ਸਿਆਸਤਦਾਨਾਂ ਬਾਰੇ ਲਿਖਦਾ ਹੈ ਕਿ ਉਹ ਲੋਕਾਈ ਦੇ ਮਾਰਗ ਦਰਸ਼ਕ ਹੋਣੇ ਚਾਹੀਦੇ ਹਨ ਪ੍ਰੰਤੂ ਸਿਆਸਤਦਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੇ ਹਨ। ਉਹ ਤਾਂ ਕੁਰਾਹੇ ਪੈ ਗਏ ਹਨ, ਜਿਸ ਦਾ ਅਸਰ ਸਮੁੱਚੀ ਲੋਕਾਈ 'ਤੇ ਪੈ ਰਿਹਾ ਹੈ। ਭਰੂਣ ਹੱਤਿਆ, ਆਧੁਨਿਕ ਪੜ੍ਹੇ-ਲਿਖੇ ਸਮਾਜ ਵਿਚ ਬਾਦਸਤੂਰ ਜ਼ਾਰੀ ਹੈ। ਨਸ਼ਿਆਂ ਦਾ ਪ੍ਰਕੋਪ ਵੀ ਘੱਟਣ ਦਾ ਨਾਮ ਨਹੀਂ ਲੈ ਰਿਹਾ। ਔਰਤਾਂ 'ਤੇ ਅੱਤਿਆਚਾਰ ਕੀਤੇ ਜਾਂਦੇ ਹਨ। ਦਿਨ ਦਿਹਾੜੇ ਔਰਤਾਂ ਅਗਵਾ ਕੀਤੀਆਂ ਜਾਂਦੀਆਂ ਹਨ। ਅਜੇ ਵੀ ਬਲਾਤਕਾਰ ਆਮ ਹੋ ਰਹੇ ਹਨ। ਦਾਜ ਦੇ ਲਾਲਚ ਲੜਕੀਆਂ ਨੂੰ ਸਾੜਿਆ ਜਾ ਰਿਹਾ ਹੈ। ਕੋਈ ਸੁਣਵਾਈ ਨਹੀਂ। ਤਕੜੇ ਦਾ ਸੱਤੀਂ ਵੀਂਹੀਂ ਸੌ ਹੁੰਦੈ। ਇਨ੍ਹਾਂ ਸਾਰੀਆਂ ਅਲਾਮਤਾਂ ਨੂੰ ਉਹ ਆਪਣੀ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਸ਼ਾਇਰ ਔਰਤਾਂ ਨੂੰ ਪੜ੍ਹਾਈ ਦੇ ਗਹਿਣੇ ਨਾਲ ਜ਼ਿੰਦਗੀ ਜਿਊਣ ਲਈ ਕਹਿੰਦਾ ਹੈ, ਜਿਸ ਨਾਲ ਮਾਪਿਆਂ ਦਾ ਸਿਰ ਉੱਚਾ ਹੋ ਸਕੇ। ਪੈਸਾ ਪ੍ਰਧਾਨ ਹੈ ਪ੍ਰੰਤੂ ਇਕ-ਨਾ-ਇੱਕ ਦਿਨ ਪੈਸੇ ਵਾਲਿਆਂ ਨੂੰ ਭੁਗਤਣਾ ਪੈਣਾ ਹੈ। ਸਿਆਸਤਦਾਨ ਤੇ ਅਫ਼ਸਰਸ਼ਾਹੀ ਦੀ ਮਿਲੀਭੁਗਤ ਪਰਜਾ ਦਾ ਸਤਿਆਨਾਸ ਕਰ ਰਹੀ ਹੈ। ਇਸ ਕਰਕੇ ਪਰਜਾ ਦੇ ਦੁੱਖ ਦੂਰ ਹੋਣ ਦੀ ਥਾਂ ਵੱਧਦੇ ਜਾ ਰਹੇ ਹਨ। ਸਮੁੱਚੇ ਸਮਾਜ ਵਿਚ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ। ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ। ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਇਨ੍ਹਾਂ ਸਾਰੇ ਵਿਸ਼ਿਆਂ ਨੂੰ ਉਹ ਆਪਣੀਆਂ ਕਵਿਤਾਵਾਂ ਵਿਚ ਲਿਆ ਕੇ ਲੋਕਾਂ ਦੀ ਕਚਹਿਰੀ ਵਿਚ ਰੱਖ ਰਿਹਾ ਹੈ। ਸ਼ਾਇਰ ਦੇ ਅਤਿ ਸੰਜੀਦਾ ਹੋਣ ਦਾ ਉਸਦੀ ਪਹਿਲੀ ਕਵਿਤਾ ਤੋਂ ਹੀ ਲੱਗਦਾ ਹੈ, ਜਿਸ ਵਿਚ ਉਹ ਪ੍ਰਮਾਤਮਾ ਅੱਗੇ ਅਰਜ਼ੋਈ ਕਰਦਾ ਹੋਇਆ ਲਿਖਦਾ ਹੈ ਕਿ ਉਸਨੂੰ ਇਤਨੀ ਤਾਕਤ ਦੇਹ ਕਿ ਉਹ ਲੋਕਾਈ ਦੇ ਦਰਦ ਤੇ ਹੱਕ ਸੱਚ 'ਤੇ ਖੜ੍ਹਨ, ਕਿਰਤੀਆਂ ਦੀ ਕਦਰ ਕਰਨ ਨੂੰ ਬਿਨਾਂ ਡਰ ਅਤੇ ਭੈ ਤੋਂ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਰਹੇ। ਉਸ ਦੀਆਂ ਕਵਿਤਾਵਾਂ ਬਾਲ ਮਜ਼ਦੂਰੀ, ਬੇਇਨਸਾਫ਼ੀ, ਭਰੂਣ ਹੱਤਿਆ, ਅਨੈਤਿਕਤਾ, ਲੋਭ ਲਾਲਚ ਅਤੇ ਧੋਖ਼ੇ ਫ਼ਰੇਬਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ। ਉਸਨੂੰ ਇਸ ਗੱਲ ਦਾ ਵੀ ਦੁੱਖ ਹੈ ਕਿ ਜਿਸਦਾ ਭਲਾ ਕਰਦੇ ਹਾਂ, ਉਹੀ ਨੁਕਸਾਨ ਕਰਨ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਹੈ। ਜ਼ਮਾਨਾ ਇਤਨਾ ਖ਼ੁਦਗਰਜ਼ ਤੇ ਮਾੜਾ ਹੋ ਗਿਆ ਹੈ, ਕਿਸੇ 'ਤੇ ਵਿਸ਼ਵਾਸ ਕਰਨਾ ਹੀ ਔਖਾ ਹੋ ਗਿਆ ਹੈ। ਵੋਟਾਂ ਮੌਕੇ ਸਿਆਤਦਾਨ ਵੋਟਰਾਂ ਨੂੰ ਰੱਬ ਦਾ ਰੂਪ ਕਹਿੰਦੇ ਹਨ, ਪ੍ਰੰਤੂ ਬਾਅਦ ਵਿਚ ਰੰਗ ਬਦਲ ਜਾਂਦੇ ਹਨ। ਪ੍ਰਸ਼ਾਸਨ ਵਿਚੋਂ ਪਾਰਦਰਸ਼ਤਾ ਖ਼ਤਮ ਹੋ ਗਈ ਹੈ। ਗ਼ਰੀਬਾਂ ਦਾ ਖ਼ੂਨ ਚੂਸਕੇ ਮਹਿਲ ਮਾੜੀਆਂ ਉਸਾਰੀਆਂ ਜਾਂਦੀਆਂ ਹਨ। ਲੋਕ ਹਿੱਤਾਂ ਨੂੰ ਅਣਡਿੱਠ ਕੀਤਾ ਜਾਂਦਾ ਹੈ। ਪਰਜਾ ਧਰਨੇ ਅੰਦੋਲਨ ਕਰਕੇ ਥੱਕ ਜਾਂਦੀਆਂ ਹਨ। ਬਜ਼ੁਰਗਾਂ ਨੂੰ ਅਣਗੌਲਿਆ ਜਾਂਦਾ ਹੈ। ਮਾਵਾਂ ਦੀ ਮਮਤਾ ਦਾ ਮੁੱਲ ਨਹੀਂ ਮੋੜਿਆ ਜਾ ਰਿਹਾ। ਕੁਰਬਾਨੀ ਕਰਨ ਵਾਲੇ ਸ਼ਹੀਦਾਂ ਨੂੰ ਸਲਾਮੀਆਂ ਦੇਣਾ ਕੋਈ ਅਹਿਸਾਨ ਨਹੀਂ ਹੁੰਦਾ। ਅੰਦਰਲੇ ਰਾਵਣ ਨੂੰ ਮਾਰਨਾ ਪੈਣਾ ਹੈ। ਭਰਾ-ਭਰਾ ਦਾ ਲਾਲਚ ਕਰਕੇ ਦੁਸ਼ਮਣ ਬਣਿਆਂ ਫਿਰਦੈ। ਧਾਰਮਿਕ ਸਥਾਨਾਂ ਦੀ ਆੜ ਵਿਚ ਗ਼ਲਤ ਕੰਮ ਹੋ ਰਹੇ ਹਨ। ਲੋਕ ਮਖੌਟੇ ਪਾਈ ਫਿਰਦੇ ਹਨ। ਮਨੀਪੁਰ ਵਿਚਲੀਆਂ ਘਟਨਾਵਾਂ ਵੀ ਕਵੀ ਦੇ ਮਨ ਨੂੰ ਠੇਸ ਪਹੁੰਚਾਉਂਦੀਆਂ ਹਨ।

ਹਰੀ ਸਿੰਘ ਚਮਕ ਨੇ ਸਮਾਜਿਕ ਸਰੋਕਾਰਾਂ ਵਾਲੀਆਂ ਕਵਿਤਾਵਾਂ ਵਿਚ 12 ਕਵਿਤਾਵਾਂ ਸਿੱਖ ਧਰਮ ਨਾਲ ਸੰਬੰਧਤ ਵੀ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਪ੍ਰਮਾਤਮਾ ਦੀ ਰਜਾ ਵਿਚ ਰਹਿਣ ਵਾਲਾ ਸ਼ਾਇਰ ਹੈ। ਉਨ੍ਹਾਂ ਕਵਿਤਾਵਾਂ ਵਿਚ ਉਹ ਸਰਕਾਰਾਂ ਦੀਆਂ ਗ਼ਲਤੀਆਂ ਬਾਰੇ ਜਾਣਕਾਰੀ ਦਿੰਦਾ ਹੋਇਆ ਵਿਅੰਗ ਦੇ ਤੀਰ ਵੀ ਮਾਰਦਾ ਹੈ। ਕਿਸਾਨੀ ਅੰਦੋਲਨ ਨਾਲ ਸੰਬੰਧਤ ਇਸ ਕਾਵਿ ਸੰਗ੍ਰਹਿ ਵਿਚ 11 ਕਵਿਤਾਵਾਂ ਹਨ, ਜਿਹੜੀਆਂ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਅਣਗਹਿਲੀਆਂ ਬਾਰੇ ਕਟਾਕਸ਼ ਕਰਦੀਆਂ ਹਨ। ਕਿਸਾਨਾਂ ਨੂੰ ਮਿਲਾਵਟ ਵਾਲੀਆਂ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਸਰਕਾਰਾਂ ਇਸ ਪਾਸੇ ਅਵੇਸਲੀਆਂ ਹਨ। ਕਿਸਾਨਾਂ ਨੂੰ ਕਰਜ਼ੇ ਹੇਠ ਦੱਬਣ ਕਰਕੇ ਖ਼ੁਦਕਸ਼ੀਆਂ ਕਰਨੀਆਂ ਪੈਂਦੀਆਂ ਹਨ। ਕੋਈ ਵੀ ਸਰਕਾਰ ਕਿਸਾਨਾਂ ਦੀ ਬਾਂਹ ਨਹੀਂ ਫੜ੍ਹਦੀ। ਕੇਂਦਰ ਸਰਕਾਰ ਦੀ ਬੇਰੁੱਖੀ ਕਿਸਾਨਾਂ ਨੂੰ ਕਰਜ਼ੇ ਦੇ ਖ਼ੂਹ ਵਿਚ ਸੁੱਟ ਰਹੀ ਹੈ। 'ਮੌਕਾ ਤੂੰ ਸੰਭਾਲ ਜੱਟਾ...' ਵਿਚ ਕਿਸਾਨੀ ਅੰਦੋਲਨ ਸਮੇਂ ਕਿਸਾਨਾਂ ਨੂੰ ਸਰਕਾਰੀ ਜ਼ਬਰ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਦਿੰਦਾ ਹੋਇਆ ਕਿਸਾਨਾਂ ਦੀ ਜੱਦੋ-ਜਹਿਦ ਦੀਆਂ ਗੱਲਾਂ ਵੀ ਕਰਦਾ ਹੈ ਕਿ ਕਿਵੇਂ ਉਹ ਮਿਹਨਤ ਕਰਕੇ ਫ਼ਸਲ ਪਾਲਦੇ ਹਨ, ਪ੍ਰੰਤੂ ਉਨ੍ਹਾਂ ਵਾਜਬ ਮੁਲ ਵੀ ਨਹੀਂ ਮਿਲਦਾ। ਇਸਦੇ ਨਾਲ ਕਾਵਿ ਸੰਗ੍ਰਹਿ ਦੇ ਨਾਮ ਵਾਲੀ ਕਵਿਤਾ ਵਿਚ ਕਿਸਾਨ ਅੰਦੋਲਨ ਸਾਜ਼ਿਸ਼ ਤਹਿਤ ਲੀਹੋਂ ਲਾਹੁਣ ਮੌਕੇ ਸਰਕਾਰ ਦੀ ਬਦਨੀਤੀ ਅਤੇ ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਭਾਵਪੂਰਤ ਭਾਵਕਤਾ ਦੇ ਵਿਚ ਵਹਿਣ ਸਮੇਂ ਡਿੱਗੇ ਹੰਝੂਆਂ ਨੂੰ ਖ਼ਾਰੇ ਹੰਝੂਆਂ ਦਾ ਨਾਮ ਦਿੱਤਾ ਗਿਆ ਹੈ, ਜਿਸਨੇ ਕਿਸਾਨ ਅੰਦੋਲਨ ਵਿਚ ਦੁਬਾਰਾ ਰੂਹ ਫੂਕ ਦਿੱਤੀ ਸੀ। ਸਾਉਣ ਦੇ ਮਹੀਨੇ ਜਿਥੇ ਹਰਿਆਵਲ ਹੁੰਦੀ ਹੈ, ਉਥੇ ਹੀ ਹੜ੍ਹ ਕਿਸਾਨੀ ਨੂੰ ਬਰਬਾਦ ਕਰ ਦਿੰਦੇ ਹਨ। ਕਰੋਨਾ ਕਾਲ ਦੇ ਮਾੜੇ ਪ੍ਰਭਾਵਾਂ ਅਤੇ ਅਮੀਰ ਲੋਕਾਂ ਵੱਲੋਂ ਗ਼ਰੀਬਾਂ ਦੀ ਲੁੱਟ 'ਤੇ ਕਿੰਤੂ-ਪ੍ਰੰਤੂ ਕੀਤਾ ਹੈ। ਆਟਾ ਦਾਲ ਵਰਗੀਆਂ ਮੁਫ਼ਤਖ਼ੋਰੀ ਦੀਆਂ ਸਕੀਮਾ ਲੋਕਾਂ ਨੂੰ ਮੰਗਤੇ ਬਣਾ ਰਹੀਆਂ ਹਨ। ਆਜ਼ਾਦੀ ਅਤੇ ਦੇਸ਼ ਭਗਤੀ ਨਾਲ ਸੰਬੰਧਤ 8 ਕਵਿਤਾਵਾਂ ਹਨ। ਆਜ਼ਾਦੀ ਦੇ ਲਾਭ ਵੀ ਗਿਣੇ ਚੁਣੇ ਲੋਕਾਂ ਨੂੰ ਹੀ ਮਿਲੇ ਹਨ। ਗ਼ਰੀਬੀ ਤੇ ਬੇਰੋਜ਼ਗਾਰੀ ਬਰਕਰਾਰ ਹੈ। ਜਿਹੜੇ ਸਪਨੇ ਆਜ਼ਾਦੀ ਲਈ ਭਗਤ ਸਿੰਘ ਨੇ ਲਏ ਸੀ, ਉਹ ਸਾਕਾਰ ਨਹੀਂ ਹੋਏ। ਇੱਕ-ਨਾ-ਇੱਕ ਦਿਨ ਲੋਕ ਬਗ਼ਾਵਤ ਕਰਨਗੇ, ਫਿਰ ਅਸਲ ਆਜ਼ਾਦੀ ਆਵੇਗੀ। ਅਮੀਰਾਂ ਦਾ ਹੰਕਾਰ ਗ਼ਰੀਬ ਤੋੜਨਗੇ। ਦੋਹਰੇ ਕਿਰਦਾਰ ਦੇ ਲੋਕ ਸਭ ਤੋਂ ਖ਼ਤਰਨਾਕ ਹੁੰਦੇ ਹਨ। ਦੇਸ਼ ਦੀ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਲੜਕੀਆਂ ਨਾਲ ਹੋ ਰਹੇ ਅੱਤਿਆਚਾਰਾਂ ਬਾਰੇ ਤਾਂ ਕਵਿਤਾ ਲਿਖ ਦਿੱਤੀ ਪ੍ਰੰਤੂ 1984 ਵਿਚ ਸਿੱਖਾਂ ਦੇ ਕਤਲੇਆਮ ਅਤੇ ਔਰਤਾਂ ਨਾਲ ਦੁਰਾਚਾਰ ਬਾਰੇ ਅੰਮ੍ਰਿਤਾ ਪ੍ਰੀਤਮ ਨੇ ਇੱਕ ਸ਼ਬਦ ਨਹੀਂ ਲਿਖਿਆ, ਹਰੀ ਸਿੰਘ ਚਮਕ ਨੇ ਇਸ ਗੱਲ ਦਾ ਦੁੱਖ ਪ੍ਰਗਟ ਕੀਤਾ ਹੈ। 'ਮਈ ਦਿਹਾੜਾ...' ਸਿਰਲੇਖ ਕਵਿਤਾ ਵਿਚ ਲਿਖਿਆ ਹੇ ਕਿ ਕਿਰਤੀਆਂ ਨੂੰ ਉਨ੍ਹਾਂ ਦਾ ਵਾਜਬ ਮਿਹਨਤਾਨਾਂ ਨਹੀਂ ਮਿਲ ਰਿਹਾ ਪ੍ਰੰਤੂ ਜਦੋਂ ਉਹ ਆਪਣੇ ਹੱਕਾਂ ਲਈ ਅੰਦੋਲਨ ਕਰਦੇ ਹਨ, ਤਾਂ ਸਰਕਾਰਾਂ ਦਬਾ ਦਿੰਦੀਆਂ ਹਨ। ਧੀਆਂ ਬਾਰੇ ਲਿਖਿਦਿਆਂ ਦੱਸਿਆ ਹੈ ਕਿ ਅੱਜਕੱਲ੍ਹ ਧੀਆਂ ਹਰ ਖੇਤਰ ਜਿਵੇਂ ਪੜ੍ਹਾਈ, ਪੁਲਿਸ, ਸਿਵਲ, ਮਿਲਟਰੀ, ਪੁਲਾੜ ਵਿਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ। ਗਿਆਨ ਦੇ ਦੀਵੇ ਹੀ ਜ਼ਿੰਦਗੀ ਵਿਚ ਕੰਮ ਆਉਂਦੇ ਹਨ। ਸਾਧਾਂ ਅਤੇ ਉਨ੍ਹਾਂ ਦੇ ਡੇਰਿਆਂ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਭਵਿੱਖ ਵਿਚ ਹਰੀ ਸਿੰਘ ਚਮਕ ਤੋਂ ਹੋਰ ਵਧੀਆ ਕਵਿਤਾਵਾਂ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

128 ਪੰਨਿਆਂ, 250 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਸ਼ਬਦਾਂਜਲੀ ਪਬਲੀਕੇਸ਼ਨਜ਼ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

**ਸੰਪਰਕ ਹਰੀ ਸਿੰਘ ਚਮਕ:**
**93178-31521**







## ਬਰਸੀ 'ਤੇ ਵਿਸ਼ੇਸ਼

# ਗ਼ਾਲਿਬ ਦਾ ਅੰਦਾਜ਼-ਏ-ਬਯਾਂ

ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA





ਗ਼ਾਲਿਬ ਸਾਹਿਬ ਦਾ ਮਜ਼ਾਰ

ਮਿਰਜ਼ਾ ਗ਼ਾਲਿਬ ਅਸਲ ਨਾਮ ਅਸਦ ਉੱਲ੍ਹਾ ਖਾਨ ਬੇਗ਼ (27 ਦਸੰਬਰ 1797-15 ਫਰਵਰੀ 1869) ਆਗਰਾ ਵਿਚ ਜੰਮੇ ਪਲੇ। ਪਿਤਾ ਮਿਰਜ਼ਾ ਅਬਦੁਲਾ ਬੇਗ਼ 1802 'ਚ ਅਲਵਰ ਦੇ ਰਾਜਾ ਬਖਤਾਵਰ ਸਿੰਘ ਦੀ ਫ਼ੌਜ ਵਲੋਂ ਲੜਦੇ ਹੋਏ ਮਾਰੇ ਗਏ। ਗ਼ਾਲਿਬ ਨੇ ਕੇਵਲ 11 ਸਾਲ ਦੀ ਉਮਰ ਵਿਚ ਹੀ ਹਿੱਸਾ ਨਜ਼ਮ ਅਤੇ ਨਸ਼ਰ (ਕਵਿਤਾ-ਵਾਰਤਕ) 'ਚ ਹੱਥ ਅਜ਼ਮਾਈ ਸ਼ੁਰੂ ਕਰ ਦਿੱਤੀ। 1810 ਵਿਚ ਗ਼ਾਲਿਬ ਸਾਹਿਬ ਦਾ ਨਿਕਾਹ ਦਿੱਲੀ ਦੇ ਰਈਸ ਮਿਰਜ਼ਾ ਅੱਲ੍ਹਾ ਬਖ਼ਸ਼ ਬੇਗ਼ ਦੀ ਬੇਟੀ ਉਮਰਾਓ ਬੇਗ਼ਮ ਨਾਲ ਹੋਇਆ। ਸ਼ਾਦੀ ਉਪਰੰਤ ਉਹ ਦਿੱਲੀ ਆ ਗਏ। ਕਹਿੰਦੇ ਹਨ ਕਿ ਤਦੋਂ ਦਿੱਲੀ ਦੇ ਸਭ ਤੋਂ ਸੋਹਣੇ ਅਤੇ ਆਕਰਸ਼ਿਤ ਨੌਜਵਾਨਾਂ 'ਚ ਉਨ੍ਹਾਂ ਦਾ ਜ਼ਿਕਰ ਸੀ। ਗ਼ਾਲਿਬ ਸਾਹਿਬ ਦੇ ਬਜ਼ੁਰਗਾਂ ਦਾ ਪਿਛੋਕੜ ਸਮਰਕੰਦ ਮੱਧ ਏਸ਼ੀਆ ਦੇ ਤੁਰਕ ਕਬੀਲੇ ਨਾਲ ਜੁੜਦੈ। ਜਿਥੋਂ ਉਹ 1740 'ਚ ਭਾਰਤ ਆਏ।

ਉਰਦੂ, ਫ਼ਾਰਸੀ ਵਿਚ ਹੀ ਉਨ੍ਹਾਂ ਗ਼ਜ਼ਲਾਂ ਕਹਿਣ/ਲਿਖਣ ਦੇ ਨਾਲ-ਨਾਲ ਹਿੱਸਾ ਨਸ਼ਰ 'ਚ ਵੀ ਬਾ ਕਮਾਲ ਲਿਖਿਐ। ਉਰਦੂ ਅਦਬ 'ਚ ਉਨ੍ਹਾਂ ਨੂੰ ਹਿੱਸਾ ਨਸ਼ਰ ਦਾ ਬਾਨੀ ਕਿਹਾ ਜਾਂਦੈ। ਇਹ ਸ਼ੁਰੂਆਤ ਉਨ੍ਹਾਂ ਦੇ ਖ਼ਤਾਂ ਤੋਂ ਹੋਈ ਮੰਨੀ ਜਾਂਦੀ ਐ। ਉਨ੍ਹਾਂ ਦੇ ਖ਼ਤ ਲਿਖਣ ਦਾ ਅੰਦਾਜ਼-ਏ-ਬਯਾਂ ਆਮ ਪੱਧਰ ਤੋਂ ਬਹੁਤ ਹਟ ਕੇ ਸੀ। ਆਪਣੇ ਦੋਸਤਾਂ, ਸ਼ਗਿਰਦਾਂ ਨੂੰ ਲਿਖੇ ਖ਼ਤਾਂ 'ਚ ਦੁਸ਼ਵਾਰੀਆਂ, ਫਾਕੇ, ਆਰਥਿਕ ਮੰਦਹਾਲੀ ਅਤੇ ਮੌਕੇ ਦੀ ਹਕੂਮਤ, ਫ਼ਿਰੰਗੀ ਸਰਕਾਰ ਦੇ ਜ਼ੁਲਮੋ-ਸਿਤਮ ਨੂੰ ਬੜੀ ਬੇਬਾਕੀ ਅਤੇ ਵੱਖਰੇ ਅੰਦਾਜ਼ ਵਿਚ ਚਿੱਤਰਿਐ, ਉਨ੍ਹਾਂ। ਇਸੀ ਵਜ੍ਹਾ ਗ਼ਾਲਿਬ ਸਾਹਿਬ ਬਾਰੇ ਕਿਹੈ ਜਾਂਦੈ ਕਿ ਉਨ੍ਹਾਂ 'ਮੁਰਾਸਲਾ ਕੋ ਮੁਕਾਲਮਾ ਬਨਾ ਦੀਯਾ (ਭਾਵ ਚਿੱਠੀਆਂ ਨੂੰ ਲੇਖਾਂ ਦਾ ਰੂਪ ਦੇ ਦਿੱਤਾ)।' ਹਾਜ਼ਰ ਜਵਾਬ ਵੀ ਬੜੇ ਸਨ ਉਹ। ਮੌਕੇ ਦੀ ਨਜ਼ਾਕਤ ਦੇਖ ਕੇ ਗੱਲ ਇਓਂ ਕਰਨੀ ਬਈ ਲਤੀਫ਼ਾ ਈ ਬਣਾ ਦੇਣਾ। ਅੰਦਾਜ਼-ਏ-ਬਯਾਂ ਆਮ ਪੱਧਰ ਤੋਂ ਬਹੁਤ ਹਟ ਕੇ ਹੁੰਦਾ। ਆਪਣੇ ਦੋਸਤਾਂ ਦੀ ਮਹਿਫ਼ਲ ਦੇ ਹੀਰੋ ਹੋ ਨਿਬੜਦੇ।

ਦਿੱਲੀ, ਇਕ ਰਾਤ ਦੇ ਮੁਸ਼ਾਇਰਾ ਤੋਂ ਬਾਅਦ ਜਦ ਸ਼ਾਇਰ ਲੋਕ ਆਪਣੇ ਘਰਾਂ ਵੱਲ ਰਵਾਨਾ ਹੋਏ, ਤਾਂ ਦਿੱਲੀ ਦੇ ਬਾਹਰ ਤੋਂ ਆਇਆ ਇਕ ਸ਼ਾਇਰ, ਸੜਕ ਤੇ ਫਿਰਦੇ ਗਧਿਆਂ 'ਤੇ, ਗ਼ਾਲਿਬ ਸਾਹਿਬ ਕੋਲ ਟਿੱਪਣੀ ਕਰਦਾ ਬੋਲਿਆ, "ਗ਼ਾਲਿਬ ਸਾਹਿਬ ਦਿੱਲੀ ਮੇਂ ਤੋ ਗਧੇ ਬਹੁਤ ਹੈਂ।" ਗ਼ਾਲਿਬ ਸਾਹਿਬ ਉਸ ਨੂੰ ਮੁਖਾਤਿਬ ਹੋਏ ਕੇ ਬੋਲੇ, "ਬਸ ਐਸੇ ਹੀ ਬਾਹਰ ਸੇ ਆ ਜਾਤੇ ਹੈਂ। ਭਾਵ ਜਿਵੇਂ ਤੂੰ ਬਾਹਰੋਂ ਆਇਐਂ ਇਵੇਂ ਹੀ ਗਧੇ ਬਾਹਰੋਂ ਆ ਜਾਂਦੇ ਨੇ।

ਇਕ ਦਫ਼ਾ ਗ਼ਾਲਿਬ ਸਾਹਿਬ ਸ਼ਾਇਰਾਂ ਦੀ ਮਹਿਫ਼ਲ ਵਿਚ ਬੈਠੇ ਸਨ। ਸਾਰੇ ਸ਼ਾਇਰ ਅੰਬ ਚੂਪ ਰਹੇ ਸਨ ਪਰ ਨਵਾਬ ਵਲੀ ਸਾਹਿਬ ਅੰਬ ਚੂਪਣ ਦੀ ਬਜਾਏ ਚਿਲਮ ਦੇ ਕਸ਼ ਲੈਣ। ਕੁਝ ਦੂਰੀ 'ਤੇ ਕਿਸੇ ਕੂੜੇ ਦੇ ਢੇਰ 'ਤੇ ਅੰਬ ਸੁੱਟੇ ਹੋਏ ਸਨ। ਇਕ ਗਧਾ ਅੰਬਾਂ ਨੂੰ ਮੂੰਹ ਲਾ ਕੇ ਹਟ ਗਿਆ, ਤਾਂ ਨਵਾਬ ਨੇ ਗ਼ਾਲਿਬ ਨੂੰ ਛੇੜਦਿਆਂ ਸੰਬੋਧਨ ਹੋ ਕੇ ਕਿਹਾ, "ਆਮ, ਇਤਨੀ ਭੀ ਕਯਾ ਚੀਜ਼ ਆ ਵੱਲਾ? ਦੇਖ ਲੋ ਗਧੇ ਭੀ ਨਹੀਂ ਖਾਤੇ।" ਤਾਂ ਗ਼ਾਲਿਬ ਨੇ ਆਪਣੇ ਅੰਦਾਜ਼ ਵਿਚ ਜਵਾਬ ਦਿੱਤਾ, "ਜੋ ਗਧੇ ਹੈਂ ਵਹੀ ਨਹੀਂ ਖਾਤੇ।" ਇਸ 'ਤੇ ਸਾਰੇ ਹੱਸ ਪਏ। ਕਿਉਂ ਜੋ ਨਵਾਬ ਨੂੰ ਛੱਡ ਕੇ ਬਾਕੀ ਸਾਰੇ ਅੰਬਾਂ ਦਾ ਲੁਤਫ ਲੈ ਰਹੇ ਸਨ। ਗ਼ਾਲਿਬ ਨੇ ਅੰਬਾਂ ਦੇ ਵਾਰੇ ਵਿਚ ਇਕ ਖ਼ੂਬ ਸ਼ੇਅਰ ਕਿਹਾ,

"ਮੁਝ ਸੇ ਪੂਛੀਏ ਕਿ ਤੁਝੇ ਖ਼ਬਰ ਕਯਾ ਹੈ,
ਆਮ ਕੇ ਆਗੇ ਨੈਅ ਸ਼ੱਕਰ ਕਯਾ ਹੈ।"

ਉਨ੍ਹਾਂ ਅੱਗੇ ਵਿਆਖਿਆ ਕਰਦਿਆਂ ਕਿਹਾ, "ਨੈਅ ਸ਼ੱਕਰ ਮੇ ਤੋਂ ਕੇਵਲ ਮਿਠਾਸ ਹੋਤੀ ਐ। ਪਰ ਆਮ ਮੇ ਹਲਕੀ ਸੀ ਤੋਸ਼ੀ (ਖਟਾਸ) ਭੀ। ਜੈਸੇ ਕਿਸੀ ਮੁਟਿਆਰ ਮੇਂ ਹੁਸਨ ਭੀ ਹੋ ਔਰ ਸਾਥ ਮੇਂ ਹਲਕਾ ਸਾ ਨਮਕ (ਨਖ਼ਰਾ) ਭੀ।"

ਇਬਰਾਹੀਮ ਜ਼ੌਕ ਆਖ਼ਰੀ ਮੁਗ਼ਲ ਤਾਜਦਾਰ ਬਹਾਦੁਰ ਸ਼ਾਹ ਜ਼ਫ਼ਰ ਦੇ ਉਸਤਾਦ ਸਨ। ਗ਼ਦਰ ਤੋਂ ਪਹਿਲਾਂ 1857 'ਚ ਜ਼ੌਕ ਸਾਹਿਬ ਦੀ ਮੌਤ ਉਪਰੰਤ ਜ਼ਫ਼ਰ ਸਾਹਿਬ ਜੀ ਦੇ ਉਸਤਾਦ ਹੋਣ ਦਾ ਮਾਣ ਗ਼ਾਲਿਬ ਸਾਹਿਬ ਦੇ ਹਿੱਸੇ ਆਇਆ। ਇਕ ਦਫ਼ਾ ਗ਼ਾਲਿਬ, ਜ਼ਫ਼ਰ ਸਾਹਿਬ ਦੇ ਨਾਲ ਬਾਗ਼ ਦੀ ਸੈਰ 'ਤੇ ਸਨ। ਅੰਬਾਂ ਦੀ ਫ਼ਸਲ ਪੁਰ ਬਹਾਰ ਸੀ। ਗ਼ਾਲਿਬ ਅੰਬਾਂ ਨੂੰ ਨਿਹਾਰਨ ਲੱਗ ਪਏ। ਜ਼ਫ਼ਰ ਸਾਹਿਬ ਪੁਛਿਆ, "ਕਯਾ ਵੇਖਤੇ ਹੋ"। ਤਾਂ ਗ਼ਾਲਿਬ ਸਾਹਿਬ ਨੇ ਕਿਹਾ, "ਵੇਖਤਾ ਹੂੰ ਕਿ ਕਿਸੀ ਆਮ ਪਰ ਮੇਰਾ ਨਾਮ ਭੀ ਲਿਖਾ ਹੂਯਾ ਯਾ ਨਹੀਂ।" ਅਗਲੇ ਦਿਨ ਹੀ ਜ਼ਫ਼ਰ ਸਾਹਿਬ ਨੇ ਗ਼ਾਲਿਬ ਦੇ ਘਰ ਅੰਬਾਂ ਦੀ ਟੋਕਰੀ ਭਿਜਵਾ ਦਿੱਤੀ।

ਇਕ ਦਫ਼ਾ ਰਾਤ ਦੇ ਵਕਤ ਗ਼ਾਲਿਬ ਦੇ ਸ਼ਗਿਰਦ ਜਨਾਬ ਅਲਤਾਫ ਹੁਸੈਨ ਹਾਲੀ, ਗ਼ਾਲਿਬ ਸਾਬ ਦੀਆਂ ਲੱਤਾਂ ਘੁੱਟ ਰਹੇ ਸਨ। ਲੱਤਾਂ ਘੁੱਟਣ ਉਪਰੰਤ ਹਾਲੀ ਬੋਲੇ, "ਲੋ ਜੀ ਮੈਨੇ ਆਪ ਕੇ ਪਾਓਂ ਦਬਾਅ ਦੀਏ।" ਤਾਂ ਗ਼ਾਲਿਬ ਸਾਹਿਬ ਨੇ ਕਿਹਾ, "ਤੋ ਮੈਨੇ ਆਪ ਕੇ ਪੈਸੇ ਦਬਾਅ ਲੀਏ। ਹਿਸਾਬ ਬਰਾਬਰ ਹੂਯਾ।"

ਗ਼ਾਲਿਬ ਸਾਹਿਬ ਨੇ ਉਰਦੂ ਫ਼ਾਰਸੀ ਵਿਚ ਕਿਤਾਬਾਂ ਤਾਂ ਬਹੁਤ ਲਿਖੀਆਂ ਪਰ ਉਸ ਦੀ ਸ਼ਾਹਕਾਰ ਰਚਨਾ ਉਸ ਦੀ ਗ਼ਜ਼ਲਾਂ ਦੀ ਕਿਤਾਬ 'ਦੀਵਾਨ-ਏ-ਗ਼ਾਲਿਬ' ਈ ਕਹੀ ਜਾਂਦੀ ਐ। ਉਸ ਦੀਆਂ ਮਕਬੂਲ ਤਰੀਨ ਗ਼ਜ਼ਲਾਂ ਚੋਂ ਉਪਰੋਕਤ ਟਾਈਟਲ ਵਾਲੀ ਗ਼ਜ਼ਲ ਪ੍ਰਮੁੱਖ ਹੈ।

"ਹੈ ਬਸ ਕਿ ਹਰ ਏਕ ਇਨ ਕੇ ਇਸ਼ਾਰੇ ਮੇਂ ਨਿਸ਼ਾਂ ਔਰ
ਕਰਤੇ ਹੈਂ ਮੁਹੱਬਤ ਤੋਂ ਗੁਜਰਤਾ ਹੈ ਗ਼ੁਮਾਂ ਔਰ
ਹੈਂ ਔਰ ਭੀ ਦੁਨੀਆਂ ਮੇਂ ਸੁਖ਼ਨਵਰ ਬਹੁਤ ਅੱਛੇ
ਕਹਿਤੇ ਹੈਂ ਕਿ ਗ਼ਾਲਿਬ ਕਾ ਹੈ ਅੰਦਾਜ਼-ਏ-ਬਯਾਂ ਔਰ"

ਗ਼ਾਲਿਬ ਦੀ ਸ਼ਾਇਰੀ 'ਚ ਅਰਬੀ ਫ਼ਾਰਸੀ ਦੇ ਸ਼ਬਦਾਂ ਦੀ ਬਹੁਤਾਤ ਹੈ। ਜਿਸ ਵਜਾਹਤ ਉਨ੍ਹਾਂ ਦੀਆਂ ਲਿਖਤਾਂ ਆਮ ਪਾਠਕਾਂ ਨੂੰ ਸਮਝਣ ਵਿਚ ਮੁਸ਼ਕਿਲ ਹੈ। ਇਹ ਵੀ ਮੰਨਿਆਂ ਜਾਂਦੈ ਕਿ ਉਨ੍ਹਾਂ ਦਾ ਸੁਭਾਅ ਈ ਇਸੇ ਤਰ੍ਹਾਂ ਆਮ ਸ਼ਾਇਰਾਂ ਤੋਂ ਥੋੜਾ ਵੱਖਰਾ ਸੀ। ਜਿਸ ਕਰਕੇ ਬਹੁਤੇ ਸ਼ਾਇਰਾਂ ਨੂੰ ਉਹ ਅੰਦਰੋਂ ਮਾਫਕ ਨਹੀਂ ਸਨ। ਭਲੇ ਉਨ੍ਹਾਂ ਸੂਫ਼ੀ ਕਾਵਿ ਵੀ ਲਿਖਿਐ ਪਰ ਨਾਲ ਹੀ ਉਨ੍ਹਾਂ ਵਿਚ ਕਰੀਬ ਆਮ ਸਾਧਾਰਨ ਬੰਦਿਆਂ ਵਾਲੇ ਸਭ ਐਬ ਸਨ। ਜੇ ਨਾ ਹੁੰਦੇ ਤਾਂ ਸ਼ੈਦ ਲੋਕ ਗ਼ਾਲਿਬ ਨੂੰ ਮੁਹੰਮਦ ਸਾਹਿਬ ਦਾ ਵਲੀ ਸਮਝ ਲੈਂਦੇ।

# ਨਿੱਕੀਆਂ ਨਿੱਕੀਆਂ ਗੱਲਾਂ ਵਿਚੋਂ ਲੱਭੋ ਖੁਸ਼ੀ

-ਹਰਕੀਰਤ ਕੌਰ
97791-18066
ਪੰਜਾਬ ਮੇਲ USA



ਜ਼ਿੰਦਗੀ ਇੱਕ ਸਫ਼ਰ ਹੈ, ਇੱਕ ਅਜਿਹਾ ਸਫ਼ਰ ਜਿਸ ਵਿਚ ਖੁਸ਼ੀ ਅਤੇ ਗ਼ਮੀ, ਦੋਵੇਂ ਨਾਲ-ਨਾਲ ਚੱਲਦੇ ਹਨ। ਪਰ ਅਕਸਰ ਅਸੀਂ ਖੁਸ਼ੀ ਨੂੰ ਵੱਡੀਆਂ ਚੀਜ਼ਾਂ ਵਿਚ ਲੱਭਣ ਦੀ ਕੋਸ਼ਿਸ਼ ਕਰਦੇ ਹਾਂ, ਜਦੋਂਕਿ ਅਸਲ ਖੁਸ਼ੀ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਛੁਪੀ ਹੁੰਦੀ ਹੈ। ਇੱਕ ਮੁਸਕਾਨ, ਇੱਕ ਪਿਆਰ ਭਰੀ ਨਜ਼ਰ, ਇੱਕ ਮਿੱਠਾ ਬੋਲ, ਇਹ ਸਭ ਖੁਸ਼ੀ ਦੇ ਉਹ ਰੰਗ ਹਨ, ਜੋ ਸਾਡੀ ਜ਼ਿੰਦਗੀ ਨੂੰ ਸੁੰਦਰ ਬਣਾਉਂਦੇ ਹਨ।

ਪੈਸੇ ਨਾਲ ਵਸਤਾਂ ਖਰੀਦੀਆਂ ਜਾ ਸਕਦੀਆਂ ਹਨ, ਪਰ ਖੁਸ਼ੀ ਨਹੀਂ। ਖੁਸ਼ੀ ਤਾਂ ਇੱਕ ਅਨਮੋਲ ਖ਼ਜ਼ਾਨਾ ਹੈ, ਜੋ ਸਾਡੇ ਅੰਦਰ ਵੱਸਦਾ ਹੈ। ਇਹ ਇੱਕ ਅਜਿਹੀ ਭਾਵਨਾ ਹੈ, ਜੋ ਸਾਨੂੰ ਤਣਾਅ ਅਤੇ ਚਿੰਤਾ ਤੋਂ ਦੂਰ ਰੱਖਦੀ ਹੈ। ਖੁਸ਼ ਰਹਿਣ ਵਾਲੇ ਲੋਕ ਜ਼ਿਆਦਾ ਸਿਹਤਮੰਦ ਅਤੇ ਖੁਸ਼ਹਾਲ ਹੁੰਦੇ ਹਨ। ਉਹ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਜ਼ਿਆਦਾ ਤਿਆਰ ਹੁੰਦੇ ਹਨ। ਉਸਾਰੂ ਸੋਚ ਅਤੇ ਪ੍ਰਸੰਨਚਿੱਤ ਲੋਕਾਂ ਨੂੰ ਹਰ ਕੋਈ ਪਿਆਰ ਕਰਦਾ ਹੈ, ਹਰ ਜਗ੍ਹਾ ਉਨ੍ਹਾਂ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ, ਜਦਕਿ ਨਿਰਾਸ਼, ਅਤੇ ਨਕਾਰਾਤਮਕ ਸੋਚ ਵਾਲੇ ਵਿਅਕਤੀ ਹਮੇਸ਼ਾ ਇਕੱਲੇ ਰਹਿ ਜਾਂਦੇ ਹਨ।

ਅੱਜਕੱਲ੍ਹ ਬਹੁਤਾਤ ਲੋਕਾਂ ਨੇ ਆਪਣੀ ਜ਼ਿੰਦਗੀ ਨੂੰ ਜਿਊਣ ਦਾ ਢੰਗ ਹੀ ਬਦਲ ਦਿੱਤਾ ਹੈ। ਅਸੀਂ ਭੌਤਿਕਵਾਦੀ ਚੀਜ਼ਾਂ ਦੇ ਪਿੱਛੇ ਭੱਜ ਰਹੇ ਹਾਂ, ਜਿਸ ਨਾਲ ਸਾਡੇ ਅੰਦਰ ਇੱਕ ਖਲਾਅ ਪੈਦਾ ਹੋ ਗਿਆ ਹੈ। ਅਸੀਂ ਖੁਸ਼ੀ ਨੂੰ ਬਾਹਰ ਦੀਆਂ ਚੀਜ਼ਾਂ ਵਿਚ ਲੱਭਣ ਦੀ ਕੋਸ਼ਿਸ਼ ਕਰਦੇ ਹਾਂ, ਜਦੋਂਕਿ ਅਸਲ ਖੁਸ਼ੀ ਤਾਂ ਸਾਡੇ ਅੰਦਰ ਹੀ ਛੁਪੀ ਹੁੰਦੀ ਹੈ। ਮਨੁੱਖ ਦੀਆਂ ਇੱਛਾਵਾਂ ਵੱਧ ਗਈਆਂ ਹਨ, ਜਦੋਂ ਉਹ ਇੱਛਾਵਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਨਿਰਾਸ਼ਤਾ ਉਸ ਉੱਪਰ ਹਾਵੀ ਹੁੰਦੀ ਹੈ। ਕਦੇ ਨਾ ਰੁਕਣ ਵਾਲੀ ਇਸ ਦੌੜ ਵਿਚ ਦੌੜਦਾ-ਦੌੜਦਾ ਮਨੁੱਖ ਹਲਟ 'ਤੇ ਜੋਏ ਉਸ ਬਲਦ ਵਾਂਗ ਬਣ ਗਿਆ ਹੈ, ਜੋ ਸਵੇਰ ਤੋਂ ਸ਼ਾਮ ਚੱਲਦਾ ਹੈ ਪਰ ਰਹਿੰਦਾ ਉਥੇ ਦਾ ਉਥੇ ਹੀ ਹੈ, ਜਿਵੇਂ ਉਸਦੀਆਂ ਅੱਖਾਂ 'ਤੇ ਬੱਝੀ ਪੱਟੀ ਉਸਨੂੰ ਕੁਝ ਦੇਖਣ ਨਹੀਂ ਦਿੰਦੀ, ਇਸੇ ਤਰ੍ਹਾਂ ਮਨੁੱਖ ਵੀ ਲਾਲਸਾ ਦੀ ਪੱਟੀ ਬੰਨ੍ਹ ਦੌੜ ਰਿਹਾ ਹੈ ਤੇ ਆਪਣੇ ਆਲੇ-ਦੁਆਲੇ ਵਾਪਰਦੀਆਂ ਖੁਸ਼ੀਆਂ ਉਸਨੂੰ ਦਿਖਾਈ ਨਹੀਂ ਦਿੰਦੀਆਂ।

ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਖੁਸ਼ੀ ਲੱਭਣ ਦੇ ਬਹੁਤ ਸਾਰੇ ਤਰੀਕੇ ਹਨ, ਜਿਵੇਂ ਕਿ ਅਸੀਂ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਧਿਆਨ ਨਾਲ ਦੇਖੀਏ। ਇੱਕ ਸੁੰਦਰ ਫੁੱਲ, ਇੱਕ ਪੰਛੀ ਦਾ ਗੀਤ, ਇੱਕ ਬੱਚੇ ਦੀ ਮੁਸਕਾਨ, ਇਹ ਸਭ ਖੁਸ਼ੀ ਦੇ ਉਹ ਰੰਗ ਹਨ, ਜੋ ਸਾਡੀ ਜ਼ਿੰਦਗੀ ਨੂੰ ਰੌਸ਼ਨ ਕਰ ਸਕਦੇ ਹਨ। ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਓ। ਉਨ੍ਹਾਂ ਨਾਲ ਗੱਲਾਂ ਕਰੋ, ਉਨ੍ਹਾਂ ਨਾਲ ਹੱਸੋ, ਉਨ੍ਹਾਂ ਨਾਲ ਖੇਡੋ। ਇਹ ਉਹ ਪਲ ਹਨ, ਜੋ ਤੁਹਾਡੀ ਜ਼ਿੰਦਗੀ ਨੂੰ ਸੱਚਮੁੱਚ ਖੁਸ਼ਹਾਲ ਬਣਾਉਂਦੇ ਹਨ।

ਕੁਦਰਤ ਨਾਲ ਜੁੜੋ। ਬਾਹਰ ਜਾਓ, ਤਾਜ਼ੀ ਹਵਾ ਵਿਚ ਸਾਹ ਲਓ, ਰੁੱਖਾਂ ਅਤੇ ਪੌਦਿਆਂ ਨੂੰ ਦੇਖੋ। ਕੁਦਰਤ ਵਿਚ ਸਮਾਂ ਬਿਤਾਉਣ ਨਾਲ ਤੁਹਾਡਾ ਮਨ ਸ਼ਾਂਤ ਹੁੰਦਾ ਹੈ ਅਤੇ ਤੁਹਾਡੇ ਅੰਦਰ ਇੱਕ ਨਵੀਂ ਊਰਜਾ ਪੈਦਾ ਹੁੰਦੀ ਹੈ। ਕੁਝ ਨਵਾਂ ਸਿੱਖੋ। ਇੱਕ ਨਵੀਂ ਭਾਸ਼ਾ ਸਿੱਖੋ, ਇੱਕ ਨਵਾਂ ਹੁਨਰ ਸਿੱਖੋ, ਇੱਕ ਨਵੀਂ ਕਿਤਾਬ ਪੜ੍ਹੋ। ਨਵਾਂ ਸਿੱਖਣ ਨਾਲ ਤੁਹਾਡਾ ਦਿਮਾਗ ਤੇਜ਼ ਹੁੰਦਾ ਹੈ ਅਤੇ ਤੁਹਾਡੇ ਅੰਦਰ ਇੱਕ ਨਵੀਂ ਜਗਿਆਸਾ ਪੈਦਾ ਹੁੰਦੀ ਹੈ। ਦੂਜਿਆਂ ਦੀ ਮਦਦ ਕਰੋ। ਕਿਸੇ ਗਰੀਬ ਦੀ ਮਦਦ ਕਰੋ, ਕਿਸੇ ਬਿਮਾਰ ਦੀ ਸੇਵਾ ਕਰੋ, ਕਿਸੇ ਲੋੜਵੰਦ ਨੂੰ ਸਹਾਰਾ ਦਿਓ। ਦੂਜਿਆਂ ਦੀ ਮਦਦ ਕਰਨ ਨਾਲ ਤੁਹਾਨੂੰ ਇੱਕ ਅਜੀਬ ਜਿਹੀ ਖੁਸ਼ੀ ਮਿਲਦੀ ਹੈ, ਜੋ ਕਿਸੇ ਹੋਰ ਚੀਜ਼ ਵਿਚ ਨਹੀਂ ਮਿਲਦੀ। ਆਪਣੇ ਆਪ ਨੂੰ ਪਿਆਰ ਕਰੋ। ਆਪਣੇ ਆਪ 'ਤੇ ਵਿਸ਼ਵਾਸ ਕਰੋ, ਆਪਣੇ ਆਪ ਨੂੰ ਸਵੀਕਾਰ ਕਰੋ, ਆਪਣੇ ਆਪ ਨੂੰ ਮਾਫ਼ ਕਰੋ। ਆਪਣੇ ਆਪ ਨੂੰ ਪਿਆਰ ਕਰਨ ਨਾਲ ਤੁਹਾਡੇ ਅੰਦਰ ਇੱਕ ਸ਼ਾਂਤੀ ਅਤੇ ਸੰਤੁਸ਼ਟੀ ਪੈਦਾ ਹੁੰਦੀ ਹੈ। ਇਹ ਸਭ ਬਹੁਤ ਬਹੁਤ ਨਿੱਕੀਆਂ-ਨਿੱਕੀਆਂ ਗੱਲਾਂ ਹਨ, ਜਿਨ੍ਹਾਂ ਨੂੰ ਅਸੀਂ ਅਕਸਰ ਹੀ ਅਣਗੌਲਿਆਂ ਕਰ ਜਾਂਦੇ ਹਾਂ। ਜ਼ਿੰਦਗੀ ਵਿਚ ਮੁਸ਼ਕਲਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਹਨ, ਪਰ ਉਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਇੱਕ ਮੁਸਕਾਨ ਨਾਲ ਕਰੋ। ਜੇਕਰ ਅਸੀਂ ਖਿੜੇ ਮੱਥੇ ਜੀਵਨ ਦੀ ਹਰ ਚੁਣੌਤੀ ਨੂੰ ਸਵੀਕਾਰ ਕਰਾਂਗੇ, ਤਾਂ ਮੁਸ਼ਕਿਲਾਂ ਵੀ ਬਹੁਤੀ ਦੇਰ ਸਾਡੇ ਮੂਹਰੇ ਅੜ ਨਹੀਂ ਸਕਦੀਆਂ।

ਇਸ ਲਈ, ਨਿੱਕੀਆਂ-ਨਿੱਕੀਆਂ ਗੱਲਾਂ ਵਿਚੋਂ ਖੁਸ਼ੀ ਲੱਭੋ ਅਤੇ ਆਪਣੀ ਜ਼ਿੰਦਗੀ ਨੂੰ ਇੱਕ ਮੁਸਕਾਨ ਨਾਲ ਭਰ ਦਿਓ। ਯਾਦ ਰੱਖੋ, ਖੁਸ਼ੀ ਤੁਹਾਡੇ ਅੰਦਰ ਹੀ ਛੁਪੀ ਹੈ, ਤੁਹਾਨੂੰ ਸਿਰਫ਼ ਉਸਨੂੰ ਲੱਭਣ ਦੀ ਲੋੜ ਹੈ।

# ਸੋਨੇ ਨਾਲੋਂ ਵੀ ਮਹਿੰਗੀ ਹੈ ਸਪਰਮ ਵ੍ਹੇਲ ਦੀ ਉਲਟੀ (ਐਂਬਰਗਰਿਸ)

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



ਐਂਬਰਗਰਿਸ ਮੋਮ ਵਰਗਾ ਇੱਕ ਠੋਸ, ਗੂੜ੍ਹੇ ਭੂਰੇ ਰੰਗ ਦਾ ਪਦਾਰਥ ਹੁੰਦਾ ਹੈ, ਜੋ ਸਪਰਮ ਵਹੇਲ ਪ੍ਰਜਾਤੀ ਦੀਆਂ ਕੁਝ ਕੁ ਵਹੇਲਾਂ (ਕਰੀਬ 2%) ਦੀ ਪਾਚਨ ਪ੍ਰਣਾਲੀ ਵਿਚ ਬਣਦਾ ਹੈ। ਇਸ ਦਾ ਭਾਰ ਕੁਝ ਕਿੱਲੋ ਤੋਂ ਲੈ ਕੇ ਦੋ ਕਵਿੰਟਲ ਤੱਕ ਵੀ ਹੋ ਸਕਦਾ ਹੈ ਕਿਉਂਕਿ ਸਪਰਮ ਵਹੇਲ ਬਹੁਤ ਹੀ ਵੱਡਾ ਜਾਨਵਰ (ਲੰਬਾਈ ਕਰੀਬ 55 ਫੁੱਟ) ਹੈ। ਬਹੁਤ ਹੀ ਕਿਸਮਤ ਵਾਲੇ ਲੋਕਾਂ ਨੂੰ ਇਹ ਸਮੁੰਦਰ ਵਿਚ ਤੈਰਦਾ ਜਾਂ ਸਮੁੰਦਰੀ ਤੱਟਾਂ ’ਤੇ ਪਿਆ ਮਿਲਦਾ ਹੈ। ਸ਼ੁਰੂ ਵਿਚ ਇਹ ਬਦਬੂਦਾਰ ਹੁੰਦਾ ਹੈ ਪਰ ਮਹੀਨਿਆਂ ਜਾਂ ਸਾਲਾਂਬੱਧੀ ਸਮੁੰਦਰ ਵਿਚ ਤੈਰਦੇ ਰਹਿਣ ਤੋਂ ਬਾਅਦ ਲੂਣੇ ਪਾਣੀ ਨਾਲ ਰਿਐਕਸ਼ਨ ਹੋਣ ’ਤੇ ਇਸ ਦੀ ਬਦਬੂ ਖਤਮ ਹੋ ਜਾਂਦੀ ਹੈ। ਇਸ ਵਿਚ ਐਂਬਰੋਕਸਾਈਡ ਅਤੇ ਐਂਬਰੀਨੋਲ ਨਾਮਕ ਕੈਮੀਕਲ ਬਣ ਜਾਂਦੇ ਹਨ ਤੇ ਇਹ ਇੱਕ ਅਲੌਕਿਕ ਕਿਸਮ ਦੀ ਖੁਸ਼ਬੂ ਦੇਣ ਲੱਗ ਪੈਂਦਾ ਹੈ। ਜਿੰਨੀ ਦੇਰ ਜ਼ਿਆਦਾ ਇਹ ਸਮੁੰਦਰ ਵਿਚ ਰਹਿੰਦਾ ਹੈ, ਉਨੀ ਹੀ ਇਸ ਦੀ ਖੁਸ਼ਬੂ ਵਧੀਆ ਹੋ ਜਾਂਦੀ ਹੈ। ਸੰਸਾਰ ਦੀਆਂ ਚੋਟੀ ਦੀਆਂ ਕਾਸਮੈਟਿਕ ਕੰਪਨੀਆਂ ਇਸ ਨੂੰ ਅਤਿ ਮਹਿੰਗੇ ਪ੍ਰਫਿਊਮ ਬਣਾਉਣ ਲਈ ਬੇਸ ਵਜੋਂ ਵਰਤਦੀਆਂ ਹਨ ਕਿਉਂਕਿ ਇਸ ਨਾਲ ਤਿਆਰ ਕੀਤਾ ਗਿਆ ਪ੍ਰਫਿਊਮ ਬਹੁਤ ਸਮੇਂ ਤੱਕ ਟਿਕਿਆ ਰਹਿੰਦਾ ਹੈ। ਭਾਰਤ ਵਿਚ ਇਸ ਦੇ ਵਪਾਰ ’ਤੇ ਪਾਬੰਦੀ ਹੈ ਤੇ ਕਾਲੇ ਬਜ਼ਾਰ ਵਿਚ ਇੱਕ ਕਿੱਲੋ ਐਂਬਰਗਰਿਸ ਦੀ ਕੀਮਤ ਇੱਕ ਕਰੋੜ ਨਾਲੋਂ ਵੀ ਵੱਧ ਹੈ।

ਐਂਬਰਗਰਿਸ ਸ਼ਿਕਾਰ ਦਾ ਮਾਸ ਹਜ਼ਮ ਕਰਨ ਲਈ ਸਪਰਮ ਵਹੇਲ ਦੇ ਪਿੱਤੇ ਦੁਆਰਾ ਅੰਤੜੀਆਂ ਵਿਚ ਛੱਡੇ ਗਏ ਰਸਾਂ ਤੋਂ ਬਣਦਾ ਹੈ। ਸਪਰਮ ਵਹੇਲ ਬਹੁਤ ਹੀ ਮਾਹਰ ਸ਼ਿਕਾਰੀ ਜਾਨਵਰ ਹੈ ਤੇ ਆਪਣੇ ਵੱਡੇ ਅਕਾਰ ਕਾਰਨ ਇਹ ਵੱਡੀ ਮਾਤਰਾ ਵਿਚ ਸਮੁੰਦਰੀ ਜੀਵਾਂ ਦਾ ਸ਼ਿਕਾਰ ਕਰਦੀ ਹੈ। ਵਿਸ਼ਾਲਕਾਈ ਆਕਟੋਪਸ ਇਸ ਦਾ ਮਨਭਾਉਂਦਾ ਸ਼ਿਕਾਰ ਹੈ। ਵਿਗਿਆਨੀਆਂ ਦਾ ਮੰਨਣਾਂ ਹੈ ਕਿ ਸ਼ਿਕਾਰ ਦੀਆਂ ਹੱਡੀਆਂ ਅਤੇ ਹੋਰ ਤਿੱਖੇ ਅੰਗਾਂ ਤੋਂ ਵਹੇਲ ਦੀਆਂ ਅੰਤੜੀਆਂ ਨੂੰ ਬਚਾਉਣ ਖਾਤਰ ਪਿੱਤੇ ਵਾਲੋਂ ਛੱਡੇ ਗਏ ਰਸ ਇਨ੍ਹਾਂ ਦੁਆਲੇ ਜੰਮ ਜਾਂਦੇ ਹਨ, ਤਾਂ ਜੋ ਇਹ ਅਸਾਨੀ ਨਾਲ ਸਰੀਰ ਤੋਂ ਬਾਹਰ ਨਿਕਲ ਜਾਣ। ਆਮ ਤੌਰ ’ਤੇ ਐਂਬਰਗਰਿਸ ਮਲ ਮੂਤਰ ਦੇ ਨਾਲ ਹੀ ਪਾਚਨ ਪ੍ਰਣਾਲੀ ਵਿਚੋਂ ਬਾਹਰ ਨਿਕਲ ਜਾਂਦਾ ਹੈ, ਪਰ ਕਈ ਵਾਰ ਇਹ ਗੋਲਾ ਜ਼ਿਆਦਾ ਵੱਡਾ ਹੋ ਜਾਵੇ, ਤਾਂ ਵਹੇਲ ਇਸ ਨੂੰ ਮੂੰਹ ਰਾਹੀਂ ਬਾਹਰ ਸੁੱਟ ਦਿੰਦੀ ਹੈ। ਸਪਰਮ ਵਹੇਲ ਦੇ ਪੇਟ ਵਿਚ ਐਂਬਰਗਰਿਸ ਬਣਨ ਲਈ 5 ਤੋਂ 10 ਸਾਲ ਲੱਗਦੇ ਹਨ, ਜਿਸ ਕਾਰਨ ਕਈ ਵਾਰ ਸਾਲਾਂ ਬਾਅਦ ਇੱਕ ਦੋ ਹੀ ਐਂਬਰਗਰਿਸ ਮਿਲਦੇ ਹਨ।



ਇਸ ਨੂੰ ਮਰਦਾਨਾ ਸ਼ਕਤੀ ਵਧਾਉਣ ਵਾਲਾ ਸਮਝਿਆ ਜਾਂਦਾ ਹੈ, ਜਿਸ ਕਾਰਨ ਪ੍ਰਚੀਨ ਕਾਲ ਤੋਂ ਰਾਜਿਆਂ, ਮਹਾਰਾਜਿਆਂ ਅਤੇ ਧਨਾਡਾਂ ਵੱਲੋਂ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤੋਂ ਵਿਚ ਲਿਆਂਦਾ ਜਾਂਦਾ ਰਿਹਾ ਹੈ। ਇੰਗਲੈਂਡ ਦੇ ਸ਼ਾਹੀ ਮਹਿਲਾਂ ਵਿਚ ਇਸ ਨੂੰ ਅੰਡਿਆਂ ਨਾਲ ਪਕਾ ਕੇ ਇੱਕ ਖਾਸ ਡਿੱਸ਼ ਤਿਆਰ ਕੀਤੀ ਜਾਂਦੀ ਸੀ, ਜੋ ਰਾਜੇ ਚਾਰਲਸ ਦੂਸਰੇ (ਰਾਜ ਕਾਲ 1649 ਤੋਂ 1685 ਈਸਵੀ) ਨੂੰ ਬਹੁਤ ਪਸੰਦ ਸੀ ਪਰ ਜ਼ਿਆਦਾਤਰ ਯੂਰਪੀਨ ਰਾਜੇ ਇਸ ਨੂੰ ਸ਼ਰਾਬ ਨਾਲ ਮਿਲਾ ਕੇ ਪੀਂਦੇ ਸਨ। ਮਿਸਰ ਵਿਚ ਇਸ ਦੀ ਵਰਤੋਂ ਅਗਰਬੱਤੀ, ਕੌਫੀ, ਚੌਕਲੇਟ ਅਤੇ ਸਿਗਰਟਾਂ ਨੂੰ ਖੁਸ਼ਬੂਦਾਰ ਬਣਾਉਣ ਲਈ ਕੀਤੀ ਜਾਂਦੀ ਸੀ। ਜਦੋਂ ਯੂਰਪ ਵਿਚ ਬਲੈਕ ਡੈੱਥ ਨਾਮਕ ਪਲੇਗ (1346 ਤੋਂ 1353 ਈਸਵੀ, ਜਿਸ ਕਾਰਨ ਯੂਰਪ ਦੀ ਕਰੀਬ ਅੱਧੀ ਅਬਾਦੀ ਖਤਮ ਹੋ ਗਈ ਸੀ) ਫੈਲਿਆ ਸੀ, ਤਾਂ ਇਹ ਮੰਨਿਆਂ ਜਾਂਦਾ ਸੀ ਕਿ ਜੇ ਐਂਬਰਗਰਿਸ ਨੂੰ ਜੇਬ ਵਿਚ ਰੱਖਿਆ ਜਾਵੇ, ਤਾਂ ਇਸ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਨੂੰ ਚੇਚਕ, ਕੋਹੜ, ਟੀ.ਬੀ. ਅਤੇ ਦਮਾਂ ਆਦਿ ਗੰਭੀਰ ਬਿਮਾਰੀਆਂ ਦੀਆਂ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਸੀ।

ਇਸ ਵੇਲੇ ਐਂਬਰਗਰਿਸ ਦੇ ਵਪਾਰ ’ਤੇ ਆਸਟਰੇਲੀਆ, ਅਮਰੀਕਾ ਅਤੇ ਭਾਰਤ ਆਦਿ ਦੇਸ਼ਾਂ ਵਿਚ ਪਾਬੰਦੀ ਹੈ ਪਰ ਇੰਗਲੈਂਡ, ਫਰਾਂਸ, ਸਵਿਟਜ਼ਰਲੈਂਡ ਅਤੇ ਮਾਲਦੀਵਸ ਆਦਿ ਦੇਸ਼ਾਂ ਵਿਚ ਖੁੱਲ੍ਹ ਹੈ। ਇਸ ’ਤੇ ਪਾਬੰਦੀ ਲਗਾਉਣ ਦਾ ਮੁੱਖ ਕਾਰਨ ਇਹ ਹੈ ਕਿ 18ਵੀਂ ਅਤੇ 19ਵੀਂ ਸਦੀ ਵਿਚ ਚਰਬੀ, ਹੱਡੀਆਂ, ਮਾਸ ਅਤੇ ਐਂਬਰਗਰਿਸ ਪ੍ਰਾਪਤ ਕਰਨ ਲਈ ਸਪਰਮ ਵਹੇਲ ਸਮੇਤ ਵਹੇਲ ਮੱਛੀਆਂ ਦਾ ਸ਼ਿਕਾਰ ਐਨਾ ਵਧ ਗਿਆ ਸੀ ਕਿ ਇੱਕ ਸਾਲ ਵਿਚ 50000 ਤੱਕ ਵਹੇਲਾਂ ਮਾਰ ਦਿੱਤੀਆਂ ਜਾਂਦੀਆਂ ਸਨ। ਇਸ ਕਾਰਨ ਵਹੇਲਾਂ ਦੀ ਪ੍ਰਜਾਤੀ ਦੇ ਲੁਪਤ ਹੋਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਖਤਰੇ ਨੂੰ ਭਾਂਪ ਕੇ ਫਿਕਰਮੰਦ ਦੇਸ਼ਾਂ ਨੇ 1982 ਵਿਚ ਇੰਟਰਨੈਸ਼ਨਲ ਵਹੇਲਿੰਗ ਕਮਿਸ਼ਨ ਦੀ ਸਥਾਪਨਾ ਕੀਤੀ ਤੇ ਇੱਕ ਨਿਸ਼ਚਿਤ ਮਾਤਰਾ ਤੋਂ ਵੱਧ ਵਹੇਲਾਂ ਦੇ ਸ਼ਿਕਾਰ ’ਤੇ ਪਾਬੰਦੀ ਲਗਾ ਦਿੱਤੀ ਗਈ। ਪਰ ਆਧੁਨਿਕ ਕਾਸਮੈਟਿਕ ਇੰਡਸਟਰੀ ਨੇ ਇਸ ਦਾ ਹੱਲ ਲੱਭ ਲਿਆ ਹੈ ਤੇ ਹੁਣ ਐਂਬਰਗਰਿਸ ਦੀ ਜਗ੍ਹਾ ਪ੍ਰੋਫਿਊਮ ਵਿਚ ਸਿੰਥੈਟਿਕ ਐਂਬਰੋਕਸਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ। ਐਂਬਰਗਰਿਸ ਸਭ ਤੋਂ ਜ਼ਿਆਦਾ ਦੱਖਣੀ ਅਫਰੀਕਾ, ਬ੍ਰਾਜ਼ੀਲ, ਮੈਡਗਾਸਕਰ, ਵੈਸਟ ਇੰਡੀਜ਼, ਮਾਲਦੀਵਜ਼, ਚੀਨ, ਜਪਾਨ, ਭਾਰਤ, ਆਸਟਰੇਲੀਆ, ਨਿਊਜ਼ੀਲੈਂਡ, ਬਹਾਮਾਸ ਅਤੇ ਮੱਲਾਕਾ ਟਾਪੂਆਂ ਦੇ ਸਮੁੰਦਰੀ ਤੱਟਾਂ ’ਤੇ ਮਿਲਦਾ ਹੈ। 2021 ਵਿਚ ਬਹਾਮਾਸ ਦੇ ਇੱਕ ਮਛੇਰੇ ਨੂੰ 127 ਕਿੱਲੋ ਦਾ ਐਂਬਰਗਰਿਸ ਮਿਲਿਆ ਸੀ, ਜਿਸ ਦੀ ਕੀਮਤ 15 ਲੱਖ ਅਮਰੀਕਨ ਡਾਲਰ (ਤਕਰੀਬਨ 13 ਕਰੋੜ ਰੁਪਏ) ਮਿੱਥੀ ਗਈ ਸੀ।

# ਡੀਪਸੀਕ: ਅਮਰੀਕਾ-ਚੀਨ ਵਿਚਾਲੇ ਡਿਜ਼ੀਟਲ ਜੰਗ ਤੇਜ਼

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਟਰੰਪ ਦੇ ਆਉਣ ਨਾਲ ਅਮਰੀਕਾ ਅਤੇ ਚੀਨ ਦਰਮਿਆਨ ਡਿਜ਼ੀਟਲ ਖਿੱਚੋਤਾਣ ਤੇਜ਼ ਹੋ ਗਈ ਹੈ। ਤਾਜ਼ਾ ਮਾਮਲਾ ਡੀਪਸੀਕ ਅਤੇ ਟਿਕਟਾਕ ਦਾ ਹੈ। ਮਸਕ ਅਤੇ ਜ਼ੁਕਰਬਰਗ ਨੂੰ ਉਸਨੇ ਪਹਿਲਾਂ ਹੀ ਆਪਣੇ ਪਾਸੇ ਵਿਚ ਖੜ੍ਹਾ ਕਰ ਲਿਆ ਹੈ।

ਮਸਨੂਈ ਬੌਧਿਕਤਾ ਦੇ ਖੇਤਰ ਵਿਚ ਹੁਣ ਤੱਕ ਅਮਰੀਕੀ ਕੰਪਨੀਆਂ ਦੀ ਸਰਦਾਰੀ ਰਹੀ ਹੈ ਪਰੰਤੂ ਡੀਪਸੀਕ ਨੇ ਨਵਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਚੈਟਬਾਟ ਪੇਸ਼ ਕਰਕੇ ਤਸਵੀਰ ਬਦਲ ਦਿੱਤੀ ਹੈ। ਡੀਪਸੀਕ ਚੀਨ ਦਾ ਨਵਾਂ ਟੈੱਕ ਸਟਾਰਅੱਪ ਹੈ। ਇਸਦਾ ਸਿੱਧਾ ਪ੍ਰਭਾਵ ਅਮਰੀਕਾ ਦੀਆਂ ਇਸ ਖੇਤਰ ਦੀਆਂ ਚੋਟੀ ਦੀਆਂ ਕੰਪਨੀਆਂ ’ਤੇ ਪਿਆ ਹੈ। ਅਲਫਾਬੈਟ, ਮਾਈਕਰੋਸਾਫਟ, ਐਨਵਿਡੀਆ, ਮੇਟਾ ਆਦਿ ਕੰਪਨੀਆਂ ਨੂੰ ਥੋੜ੍ਹੇ ਜਿਹੇ ਸਮੇਂ ਵਿਚ ਵੱਡੇ ਨੁਕਸਾਨ ਝੱਲਣੇ ਪਏ ਹਨ।

ਡੀਪਸੀਕ ਦੀ ਅੱਜ ਚਾਰੇ ਪਾਸੇ ਇਸ ਲਈ ਚਰਚਾ ਤੇ ਪ੍ਰਸ਼ੰਸਾ ਹੋ ਰਹੀ ਹੈ ਕਿਉਂਕਿ ਇਸਦੀ ਲਾਗਤ ਤੇ ਵਰਤੋਂ ਕਾਫ਼ੀ ਸਸਤੀ ਤੇ ਸੁਖਾਲੀ ਹੈ। ਇਸਦੀ ਆਮਦ ਨਾਲ ਓਪਨਏਆਈ ਅਤੇ ਐਨਵੀਡੀਆ ਕੰਪਨੀਆਂ ਵਿਚ ਜਿਵੇਂ ਭੂਚਾਲ ਆ ਗਿਆ ਹੈ।

ਵੱਖ-ਵੱਖ ਹਤਾਇਸ਼ੀ ਤੇ ਵਿਰੋਧੀ ਕੰਪਨੀਆਂ ਦੇ ਅਧਿਕਾਰੀਆਂ ਸਮੇਤ ਡੋਨਾਲਡ ਟਰੰਪ ਨੇ ਡੀਪਸੀਕ ਦੀ ਹੈਰਾਨੀਜਨਕ ਸਫ਼ਲਤਾ ’ਤੇ ਆਪਣੇ-ਆਪਣੇ ਢੰਗ ਨਾਲ ਪ੍ਰਤੀਕਰਮ ਵਿਅਕਤ ਕੀਤੇ ਹਨ।

ਦਰਅਸਲ ਚਰਚਾ ਉਦੋਂ ਆਰੰਭ ਹੋਈ, ਜਦੋਂ ਚੀਨ ਦੀ ਛੋਟੀ ਜਿਹੀ ਕੰਪਨੀ ਡੀਪਸੀਕ ਨੇ ਐਪਲ ਦੇ ਐਪ ਸਟੋਰ ਵਿਚ ਵੇਖਦੇ ਹੀ ਵੇਖਦੇ ਪਹਿਲਾ ਸਥਾਨ ਲੈ ਲਿਆ। ਇਸ ਕੰਪਨੀ ਦਾ ਨਿਰਮਾਣ 2023 ਵਿਚ ਹੋਇਆ। ਜਦੋਂ ਇਸਨੇ ਓਪਨ ਸੋਰ ਏ.ਆਈ. ਮਾਡਲ ਡੀਪਸੀਕ ਆਰ 1 ਦੀ ਸ਼ੁਰੂਆਤ ਕੀਤੀ, ਤਾਂ ਉਹ ਵਿਸ਼ਵ ਪੱਧਰ ’ਤੇ ਓਪਨ ਏ.ਆਈ. ਦੇ ਚੈਟ ਜੀ.ਪੀ.ਟੀ., ਜੈਮਿਨੀ ਅਤੇ ਕਲਾਊਡ ਏ.ਆਈ. ਤੋਂ ਅੱਗੇ ਨਿਕਲ ਗਿਆ।

ਚਰਚਾ ਇਸ ਲਈ ਵੀ ਹੋ ਰਹੀ ਹੈ ਕਿ ਮੁਕਾਬਲਤਨ ਇਸਨੂੰ ਬਹੁਤ ਘੱਟ ਲਾਗਤ ਵਿਚ ਤਿਆਰ ਕੀਤਾ ਗਿਆ ਹੈ। ਕੇਵਲ 55-56 ਲੱਖ ਡਾਲਰ ਵਿਚ। ਜਦਕਿ ਅਮਰੀਕੀ ਕੰਪਨੀਆਂ ਇਸਨੂੰ ਵਿਕਸਿਤ ਕਰਨ ’ਤੇ ਕਰੋੜਾਂ ਡਾਲਰ ਲਗਾ ਚੁੱਕੀਆਂ ਹਨ।

ਡੀਪਸੀਕ ਏ.ਆਈ. ਦੇ ਕਰਤਾ-ਧਰਤਾ ਚੀਨ ਦੇ 40 ਸਾਲਾ ਲਿਆਂਗ ਵੇਨਫੇਂਗ ਹਨ। ਉਸ ਵਿਚ ਅੰਤਾਂ ਦੀ ਦੂਰ-ਦ੍ਰਿਸ਼ਟੀ ਅਤੇ ਸਪੱਸ਼ਟਤਾ ਹੈ। ਉਹ ਬਜ਼ਾਰ ਨੂੰ ਬਾਰੀਕੀ ਵਿਚ ਸਮਝਣ ਦੀ ਸਮਰੱਥਾ ਰੱਖਦਾ ਹੈ। ਇਸੇ ਲਈ ਉਸਨੇ ਜੁਲਾਈ 2024 ’ਚ ਚੀਨੀ ਮੀਡੀਆ ਸਾਹਮਣੇ ਕਿਹਾ ਸੀ, “ਓਪਨ ਏ.ਆਈ. ਕੋਈ ਭਗਵਾਨ ਨਹੀਂ ਹੈ ਅਤੇ ਹਮੇਸ਼ਾ ਸਭ ਤੋਂ ਅੱਗੇ ਨਹੀਂ ਰਹਿ ਸਕਦਾ।” ਇਸਦੇ ਕੁਝ ਮਹੀਨੇ ਬਾਅਦ ਲਿਆਂਗ ਨੇ ਡੀਪਸੀਕ ਏ.ਆਈ. ਦੁਆਰਾ ਦੁਨੀਆਂ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਲਿਆਂਗ ਦੇ ਪਿਤਾ ਸਕੂਲ ਅਧਿਆਪਕ ਸਨ। ਉਨ੍ਹਾਂ ਨੇ ਲਿਆਂਗ ਨੰ ਬਿਹਤਰੀਨ ਸਿੱਖਿਆ ਸੰਸਥਾਵਾਂ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

ਲਿਆਂਗ ਵੇਨਫੇਂਗ ਦਾ ਵਿਸ਼ਲੇਸ਼ਣ ਕਰਨ ਦਾ ਆਪਣਾ ਤਰੀਕਾ ਹੈ। ਉਸਦਾ ਕਹਿਣਾ ਹੈ, “ਅਮਰੀਕਾ ਅਤੇ ਚੀਨ ਵਿਚਾਲੇ ਇਕ ਜਾਂ ਦੋ ਸਾਲ ਦਾ ਅੰਤਰ ਹੈ। ਪਰੰਤੂ ਅਸਲੀ ਅੰਤਰ ਮੌਲਿਕਤਾ ਅਤੇ ਨਕਲ ਦਰਮਿਆਨ ਹੈ। ਜੇਕਰ ਇਸਨੂੰ ਨਹੀਂ ਬਦਲਿਆ ਗਿਆ, ਤਾਂ ਚੀਨ ਹਮੇਸ਼ਾ ਪਿੱਛੇ ਹੀ ਰਹੇਗਾ। ਇਸ ਲਈ ਕੁਝ ਖੋਜ ਜ਼ਰੂਰੀ ਹੈ।”

ਇਸ ਧਾਰਨਾ ਵਾਲੇ ਲਿਆਂਗ ਨੇ ਬੜੇ ਸੀਮਤ ਜਿਹੇ ਸਮੇਂ ਵਿਚ, ਬੜੇ ਸੀਮਤ ਬਜਟ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਚੀਨ ਨੂੰ ਅਮਰੀਕਾ ਦੇ ਬਰਾਬਰ ਲਿਅ ਖੜ੍ਹਾ ਕੀਤਾ ਅਤੇ ਡੋਨਾਲਡ ਟਰੰਪ ਨੂੰ ਇਹ ਕਹਿਣਾ ਪਿਆ, “ਡੀਪਸੀਕ ਅਮਰੀਕੀ ਕੰਪਨੀਆਂ ਲਈ ‘ਵੇਕਅਪ ਕਾਲ’ ਹੈ।”

ਹੁਣ ਜਦ ਡੀਪਸੀਕ ਨੇ ਅਲਫ਼ਾਬੈਟ, ਐਮਾਜ਼ੋਨ, ਐਪਲ, ਮੇਟਾ, ਮਾਈਕਰੋਸਾਫ਼ਟ, ਨਵੀਡੀਆ, ਟੈਸਲਾ, ਗੂਗਲ ਜਿਹੀਆਂ ਕੰਪਨੀਆਂ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਇਆ ਹੈ, ਤਾਂ ਅਮਰੀਕਾ ਅਤੇ ਚੀਨ ਦਰਮਿਆਨ ਇਕ ਨਵੀਂ ਤਰ੍ਹਾਂ ਦੀ ਡਿਜ਼ੀਟਲ ਜੰਗ ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ।



ਚੀਨ ਨੇ ਡੀਪਸੀਕ ਨੂੰ, ਚੀਨ ਦੁਆਰਾ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਵਿਸ਼ਵ-ਕ੍ਰਾਂਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਜਿਸ ਤੋਂ ਅਮਰੀਕਾ ਅਤੇ ਅਮਰੀਕੀ ਕੰਪਨੀਆਂ ਹੈਰਾਨ ਪ੍ਰੇਸ਼ਾਨ ਰਹਿ ਗਈਆਂ ਹਨ। ਚੀਨ ਨੇ ਇਸਨੂੰ ਤਕਨੀਕ ਦੇ ਖੇਤਰ ਵਿਚ ਅਤਿ-ਆਧੁਨਿਕ ਖੋਜ ਅਤੇ ਪ੍ਰਾਪਤੀ ਦੇ ਤੌਰ ’ਤੇ ਉਭਾਰਿਆ ਹੈ। ਚੀਨ ਨੇ ਡੀਪਸੀਕ ਰਾਹੀਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵਿਚ ਅਜਿਹੀ ਸਮਝ ਤੇ ਸਮਰੱਥਾ ਹੈ ਅਤੇ ਉਹ ਅਮਰੀਕਾ ਦੀਆਂ ਦਿਓ-ਕੱਦ ਕੰਪਨੀਆਂ ਦਾ ਮੁਕਾਬਲਾ ਕਰ ਸਕਦਾ ਹੈ।

ਸਰਕਾਰ ਦਾ ਡੀਪਸੀਕ ਨੂੰ ਹਰ ਤਰ੍ਹਾਂ ਦੀ ਮਦਦ ਲਈ ਸਮਰਥਨ ਹੈ। ਚੀਨ ਦਾ ਪੂਰਾ ਧਿਆਨ ਇਸ ਗੱਲ ’ਤੇ ਕੇਂਦਰਿਤ ਹੈ ਕਿ ਦੁਨੀਆਂ ਵਿਚ ਇਸਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਨੂੰ ਵਧਾਇਆ ਜਾਵੇ ਅਤੇ ਇਸਦੀ ਵਰਤੋਂ ਨੂੰ ਸੁਖਾਲਾ ਬਣਾਇਆ ਜਾਵੇ। ਇਸਦੀ ਵਰਤੋਂ ਨਾਲ ਜੁੜੇ ਸੁਰੱਖਿਆ ਦੇ ਮਾਮਲੇ ਸੰਬੰਧੀ ਉੱਚ-ਪੱਧਰੀ ਚਰਚਾ ਵੀ ਲਗਾਤਾਰ ਜਾਰੀ ਹੈ।

ਦੁਨੀਆਂ ਭਰ ਦਾ ਤਕਨੀਕੀ ਉਦਯੋਗ ਚੀਨ ਦੇ ਸਸਤੇ ਤੇ ਤੇਜ਼ ਏ.ਆਈ. ਡੀਪਸੀਕ ਤੋਂ ਹੈਰਾਨ ਹੈ। ਮਾਹਿਰ ਇਸਨੂੰ ਪ੍ਰਮਾਣੂ ਬੰਬ ਵਾਂਗ ਮੰਨ ਰਹੇ ਹਨ ਕਿਉਂਕਿ ਇਸਨੇ ਇਕੋ ਝਟਕੇ ਨਾਲ ਬਜ਼ਾਰ ਵਿਚ ਵੱਡੀ ਉੱਥਲ-ਪੁਥਲ ਮਚਾ ਦਿੱਤੀ ਹੈ। ਡੀਪਸੀਕ ਦੇ ਪ੍ਰਸੰਗ ਵਿਚ ਇਸ ਖੇਤਰ ਦਾ ਭਵਿੱਖ ਕੀ ਹੋਵੇਗਾ, ਹਾਲ ਦੀ ਘੜੀ ਅਨੁਮਾਨ ਲਗਾਉਣਾ ਮੁਸ਼ਕਲ ਹੈ।

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA



## ਜਨਮ ਦਿਵਸ ’ਤੇ ਵਿਸ਼ੇਸ਼

# ਸਾਹਿਬਜ਼ਾਦਾ ਅਜੀਤ ਸਿੰਘ ਜੀ



ਵਿਸ਼ਵ ਕੋਸ਼ ਅਨੁਸਾਰ ਸਾਹਿਬਜ਼ਾਦਾ ਅਜੀਤ ਸਿੰਘ ਜੀ (1687-1705), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਵੱਡੇ ਸੁਪੁੱਤਰ, ਜੋ 26 ਜਨਵਰੀ 1687 ਨੂੰ ਪਾਉਂਟਾ ਵਿਖੇ ਮਾਤਾ ਸੁੰਦਰੀ ਜੀ ਦੇ ਉਦਰ ਤੋਂ ਜਨਮੇ ਸਨ। ਇਸ ਤੋਂ ਅਗਲੇ ਸਾਲ 1688 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਸਮੇਤ ਅਨੰਦਪੁਰ ਵਾਪਸ ਆ ਗਏ, ਜਿੱਥੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਸਿੱਖੀ ਭਰਪੂਰ ਵਾਤਾਵਰਣ ਵਿਚ ਪਾਲਣ-ਪੋਸ਼ਣ ਹੋਇਆ। ਇਨ੍ਹਾਂ ਨੂੰ ਧਾਰਮਿਕ ਗ੍ਰੰਥ, ਫ਼ਲਸਫੇ ਅਤੇ ਇਤਿਹਾਸ ਦੀ ਪੜ੍ਹਾਈ ਕਰਵਾਈ ਗਈ ਅਤੇ ਘੋੜ ਸਵਾਰੀ, ਤਲਵਾਰ ਚਲਾਉਣੀ ਅਤੇ ਤੀਰ ਅੰਦਾਜ਼ੀ ਦੀ ਸਿੱਖਿਆ ਵੀ ਦਿੱਤੀ ਗਈ। ਗੱਭਰੂ ਹੋ ਕੇ ਇਹ ਇੱਕ ਸੁੰਦਰ ਤਕੜੇ, ਬੁੱਧੀਮਾਨ ਨੌਜਵਾਨ ਬਣੇ ਅਤੇ ਸੁਭਾਵਿਕ ਹੀ ਸਾਰਿਆਂ ਦੇ ਲਾਡਲੇ ਆਗੂ ਬਣ ਗਏ। 30 ਮਾਰਚ 1699 ਨੂੰ ਖ਼ਾਲਸਾ ਸਾਜਣ ਦੀ ਘਟਨਾ ਤੋਂ ਛੇਤੀ ਹੀ ਪਿੱਛੋਂ ਆਪ ਜੀ ਨੂੰ ਆਪਣੀ ਲਿਆਕਤ ਦਾ ਪਹਿਲਾ ਇਮਤਿਹਾਨ ਪਾਸ ਕਰਨਾ ਪਿਆ। ਪੰਜਾਬ ਦੇ ਉੱਤਰ-ਪੱਛਮ ਵਿਚ ਪੋਠੋਹਾਰ ਇਲਾਕੇ ਤੋਂ ਆਉਂਦੀ ਸਿੱਖ ਸੰਗਤ ਨੂੰ ਸਤਲੁਜ ਦਰਿਆ ਦੇ ਪਾਰ ਅਨੰਦਪੁਰ ਤੋਂ ਥੋੜ੍ਹੀ ਹੀ ਦੂਰ ਨੂਹ ਦੇ ਰੰਘੜਾਂ ਨੇ ਹਮਲਾ ਕਰਕੇ ਲੁੱਟ ਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਕੇਵਲ 12 ਸਾਲ ਦੀ ਅਵਸਥਾ ਵਾਲੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇੱਕ ਸੌ ਸਿੱਖਾਂ ਨਾਲ 23 ਮਈ 1699 ਨੂੰ ਉਸ ਪਿੰਡ ਭੇਜਿਆ, ਜਿੱਥੇ ਜਾ ਕੇ ਉਨ੍ਹਾਂ ਨੇ ਰੰਘੜਾਂ ਨੂੰ ਮਾਰ ਭਜਾਇਆ ਅਤੇ ਨਾਲ ਹੀ ਰੰਘੜਾਂ ਦੁਆਰਾ ਲੁੱਟਿਆ ਹੋਇਆ ਮਾਲ ਵਾਪਸ ਪ੍ਰਾਪਤ ਕੀਤਾ।

ਇਸ ਤੋਂ ਅਗਲੇ ਸਾਲ ਇਸ ਤੋਂ ਔਖਾ ਕਾਰਜ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਉਸ ਵੇਲੇ ਸੌਂਪਿਆ ਗਿਆ, ਜਦੋਂ ਪਹਾੜੀ ਰਾਜਿਆਂ ਨੇ ਸ਼ਾਹੀ ਫ਼ੌਜਾਂ ਦੀ ਸਹਾਇਤਾ ਨਾਲ ਅਨੰਦਪੁਰ ਉਪਰ ਹਮਲਾ ਕਰ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਤਾਰਾਗੜ੍ਹ ਕਿਲ੍ਹੇ ਦੀ ਰੱਖਿਆ ਦਾ ਕੰਮ ਸੌਂਪਿਆ ਗਿਆ, ਜਿਸ ਉਪਰ ਪਹਿਲਾਂ ਹਮਲਾ ਹੋਇਆ ਸੀ। ਭੱਟ ਵਹੀਆਂ ਅਨੁਸਾਰ ਇਹ ਹਮਲਾ 29 ਅਗਸਤ 1700 ਨੂੰ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇੱਕ ਤਜ਼ਰਬੇਕਾਰ ਸਿਪਾਹੀ, ਭਾਈ ਉਦੈ ਸਿੰਘ ਦੀ ਸਹਾਇਤਾ ਨਾਲ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਅਕਤੂਬਰ 1700 ਵਿਚ ਨਿਰਮੋਹਗੜ੍ਹ ਦੀਆਂ ਲੜਾਈਆਂ ਵਿਚ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਬਹਾਦਰੀ ਨਾਲ ਜੰਗਾਂ ਲੜੀਆਂ। 15 ਮਾਰਚ 1701 ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲ੍ਹੇ ਸਿਆਲਕੋਟ ਦੇ ਦੜਪ ਖੇਤਰ ਦੀ ਅਨੰਦਪੁਰ ਵੱਲ ਆਉਂਦੀ ਸੰਗਤ ਨੂੰ ਬਜਰੂੜ ਦੇ ਗੁੱਜਰਾਂ ਅਤੇ ਰੰਘੜਾਂ ਨੇ ਲੁੱਟ ਲਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਇਨ੍ਹਾਂ ਰੰਘੜਾਂ ਅਤੇ ਗੁੱਜਰਾਂ ਵਿਰੁੱਧ ਮੁਹਿੰਮ ਦੀ ਅਗਵਾਈ ਕੀਤੀ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਇਹ 7 ਮਾਰਚ 1703 ਨੂੰ 100 ਘੋੜਸਵਾਰਾਂ ਨਾਲ ਹੁਸ਼ਿਆਪੁਰ ਦੇ ਨੇੜੇ ਬੱਸੀ ਪਹੁੰਚੇ ਅਤੇ ਇੱਕ ਨੌਜਵਾਨ ਬ੍ਰਾਹਮਣ ਦੀ ਸੱਜ ਵਿਆਹੀ ਵਹੁੱਟੀ ਨੂੰ ਸਥਾਨਕ ਪਠਾਣ ਮੁੱਖੀ ਤੋਂ ਰਿਹਾ ਕਰਵਾਇਆ।

1705 ਵਿਚ ਅਨੰਦਪੁਰ ਦੇ ਲੰਮੇ ਘੇਰੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਫਿਰ ਆਪਣੇ ਸਾਹਸ ਅਤੇ ਦਲੇਰੀ ਦਾ ਸਬੂਤ ਦਿੱਤਾ। 5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਜੀ ਨੇ ਅਨੰਦਪੁਰ ਖਾਲੀ ਕਰਨ ਦਾ ਫੈਸਲਾ ਕੀਤਾ, ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪਿਛਲੀ ਫ਼ੌਜ ਦੀ ਕਮਾਨ ਸੌਂਪੀ ਗਈ। ਜਦੋਂ ਘੇਰਾ ਪਾਉਣ ਵਾਲੇ ਫ਼ੌਜੀਆਂ ਨੇ ਕਿਲ੍ਹਾ ਖ਼ਾਲੀ ਕਰਨ ਸਮੇਂ ਸੁਰੱਖਿਅਤ ਰਸਤਾ ਦੇਣ ਦੇ ਆਪਣੇ ਦਿੱਤੇ ਭਰੋਸਿਆਂ ਨੂੰ ਛਿੱਕੇ ਟੰਗ ਕੇ ਸਾਹਿਬਜ਼ਾਦੇ ਦੀ ਫ਼ੌਜੀ ਟੁਕੜੀ ਉਪਰ ਧਾਵਾ ਬੋਲ ਦਿੱਤਾ, ਤਾਂ ਇਨ੍ਹਾਂ ਨੇ ਦਲੇਰੀ ਨਾਲ ਵੈਰੀ ਫ਼ੌਜ ਨੂੰ ਉਤਨੀ ਦੇਰ ਸ਼ਾਹੀ ਟਿੱਬੀ ਕੋਲ ਰੋਕੀ ਰੱਖਿਆ, ਜਦੋਂ ਤੱਕ ਭਾਈ ਉਦੈ ਸਿੰਘ ਉਨ੍ਹਾਂ ਦੀ ਸਹਾਇਤਾ ਲਈ ਆ ਨਾ ਪੁੱਜੇ। ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਪਿਤਾ, ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਪੰਝਾਹ ਕੁ ਸਿੱਖਾਂ ਨਾਲ ਚੜ੍ਹੀ ਹੋਈ ਸਰਸਾ ਨਦੀ ਨੂੰ ਪਾਰ ਕਰ ਗਏ। ਇਸ ਤੋਂ ਅੱਗੇ ਰੋਪੜ ਨੇੜੇ ਪਿੱਛਾ ਕਰਦੇ ਦਲਾਂ ਨਾਲ ਮੁੱਠ-ਭੇੜ ਹੋਣ ਕਾਰਨ ਗਿਣਤੀ ਹੋਰ ਵੀ ਘੱਟ ਗਈ ਪਰੰਤੂ ਸਾਹਿਬਜ਼ਾਦਾ ਅਜੀਤ ਸਿੰਘ ਦਾ ਇਹ ਦਸਤਾ 6 ਦਸੰਬਰ 1705 ਦੀ ਸ਼ਾਮ ਨੂੰ ਚਮਕੌਰ ਪੁੱਜ ਗਿਆ, ਜਿੱਥੇ ਇਸ ਨੇ ਇੱਕ ਕੱਚੀ ਗੜ੍ਹੀ (ਉੱਚੀਆਂ ਕੰਧਾਂ ਵਾਲੀ ਹਵੇਲੀ) ਵਿਚ ਆਪਣੇ ਮੋਰਚੇ ਸੰਭਾਲ ਲਏ।




**ਪੰਜਾਬ ਦੇ ਉੱਤਰ-ਪੱਛਮ ਵਿਚ ਪੋਠੋਹਾਰ ਇਲਾਕੇ ਤੋਂ ਆਉਂਦੀ ਸਿੱਖ ਸੰਗਤ ਨੂੰ ਸਤਲੁਜ ਦਰਿਆ ਦੇ ਪਾਰ ਅਨੰਦਪੁਰ ਤੋਂ ਥੋੜ੍ਹੀ ਹੀ ਦੂਰ ਨੂਹ ਦੇ ਰੰਘੜਾਂ ਨੇ ਹਮਲਾ ਕਰਕੇ ਲੁੱਟ ਲਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਕੇਵਲ 12 ਸਾਲ ਦੀ ਅਵਸਥਾ ਵਾਲੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇੱਕ ਸੌ ਸਿੱਖਾਂ ਨਾਲ 23 ਮਈ 1699 ਨੂੰ ਉਸ ਪਿੰਡ ਭੇਜਿਆ, ਜਿੱਥੇ ਜਾ ਕੇ ਉਨ੍ਹਾਂ ਨੇ ਰੰਘੜਾਂ ਨੂੰ ਮਾਰ ਭਜਾਇਆ ਅਤੇ ਨਾਲ ਹੀ ਰੰਘੜਾਂ ਦੁਆਰਾ ਲੁੱਟਿਆ ਹੋਇਆ ਮਾਲ ਵਾਪਸ ਪ੍ਰਾਪਤ ਕੀਤਾ।**

ਉੱਧਰ ਵੈਰੀ ਫ਼ੌਜਾਂ ਦੀ ਗਿਣਤੀ ਮਾਲੇਰਕੋਟਲਾ, ਸਰਹਿੰਦ ਦੇ ਸ਼ਾਸਕਾਂ ਅਤੇ ਸਥਾਨਕ ਰੰਘੜਾਂ ਅਤੇ ਗੁੱਜਰਾਂ ਦੀਆਂ ਵਹੀਰਾਂ ਵੱਲ ਵੱਧ ਰਹੀ ਸੀ ਅਤੇ ਇਨ੍ਹਾਂ ਸਾਰਿਆਂ ਨੇ ਚਮਕੌਰ ਦੀ ਗੜ੍ਹੀ ਨੂੰ ਸਖ਼ਤ ਘੇਰਾ ਪਾ ਲਿਆ। ਇਹ ਬੇਮੇਲ ਅਤੇ ਭਿਆਨਕ ਲੜਾਈ 7 ਦਸੰਬਰ 1705 ਨੂੰ ਸੂਰਜ ਚੜ੍ਹਦੇ ਸਾਰ ਸ਼ੁਰੂ ਹੋ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਫ਼ਰਨਾਮਾ ਅਨੁਸਾਰ ਕੇਵਲ ਚਾਲੀ ਸਿੱਖਾਂ ਨੇ ਦੁਸ਼ਮਣਾਂ ਦਾ ਡੱਟਵਾਂ ਮੁਕਾਬਲਾ ਕੀਤਾ। ਜਦੋਂ ਘਿਰੇ ਹੋਇਆਂ ਕੋਲ ਜੋ ਥੋੜ੍ਹਾ ਬਹੁਤਾ ਅਸਲਾ ਅਤੇ ਤੀਰ ਸਨ, ਉਹ ਵੀ ਖ਼ਤਮ ਹੋ ਗਏ, ਤਾਂ ਉਨ੍ਹਾਂ ਨੇ ਪੰਜ-ਪੰਜ ਦੇ ਦਸਤੇ ਬਣ ਕੇ ਤਲਵਾਰ ਅਤੇ ਭਾਲਿਆਂ ਨਾਲ ਘੇਰਾ ਪਾਈ ਬੈਠੇ ਫ਼ੌਜੀਆਂ ਨਾਲ ਝਪਟਾਂ ਲੈਣ ਦੀ ਯੁੱਧ-ਨੀਤੀ ਅਪਣਾਈ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਇਸ ਕਿਸਮ ਦੇ ਇੱਕ ਧਾਵੇ ਦੀ ਅਗਵਾਈ ਕੀਤੀ ਅਤੇ ਘਮਸਾਣ ਦੀ ਲੜਾਈ ਵਿਚ ਲੜਦੇ ਹੋਇਆਂ ਆਪਣੇ ਪਿਤਾ ਜੀ ਦੀਆਂ ਅੱਖਾਂ ਦੇ ਸਾਹਮਣੇ ਹੀ ਸ਼ਹਾਦਤ ਪ੍ਰਾਪਤ ਕੀਤੀ।

ਸਾਹਿਬਜ਼ਾਦਾ ਅਜੀਤ ਸਿੰਘ ਜਿੱਥੇ ਸ਼ਹੀਦ ਹੋਏ ਸਨ, ਅੱਜਕੱਲ੍ਹ ਇਸ ਥਾਂ ਉੱਤੇ ਗੁਰਦੁਆਰਾ ਕਤਲਗੜ੍ਹ ਬਣਿਆ ਹੋਇਆ ਹੈ। ਪਿੱਛੋਂ ਸਾਹਿਬਜ਼ਾਦਾ ਜੁਝਾਰ ਸਿੰਘ ਵੀ ਇਸੇ ਪ੍ਰਕਾਰ ਜੰਗ ਦੇ ਮੈਦਾਨ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਬਿਕਰਮੀ ਮਹੀਨੇ ਦੇ 8 ਪੋਹ (ਦਸੰਬਰ-ਜਨਵਰੀ) ਨੂੰ ਹਰ ਸਾਲ ਉਨ੍ਹਾਂ ਦੀ ਸ਼ਹੀਦੀ ਮਨਾਉਣ ਲਈ ਇਸ ਥਾਂ ’ਤੇ ਭਾਰੀ ਦੀਵਾਨ ਸਜਾਏ ਜਾਂਦੇ ਹਨ। ਚਮਕੌਰ ਦੀ ਜੰਗ ਵਿਚ ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਪੱਕੀ ਗਵਾਹੀ ਇੱਕ ਸਮਕਾਲੀ ਲਿਖਤ ਤੋਂ ਵੀ ਮਿਲਦੀ ਹੈ। ਬਾਦਸ਼ਾਹ ਔਰੰਗਜ਼ੇਬ ਦੇ ਸਰਕਾਰੀ ਪੱਤਰ ਲੇਖਕ ਮਿਰਜ਼ਾ ਇਨਾਯਤ ਉੱਲਾ ਖ਼ਾਨ ਇਸਮੀ (1653-1725) ਦੇ ਅਹਿਕਾਮ-ਇ-ਆਲਮਗੀਰੀ (ਮੂਲ ਫ਼ਾਰਸੀ) ਖਰੜੇ ਵਿਚ ਇਹ ਲਿਖਤ ਇਸ ਪ੍ਰਕਾਰ ਹੈ, “ਫੁਟਕਲ ਮਾਮਲਿਆਂ ਸੰਬੰਧੀ ਇੱਕ ਪੱਤਰ ਪ੍ਰਾਪਤ ਹੋਇਆ, ਜਿਸ ਵਿਚ ਨਾਨਕ ਦੇ ਪੁਜਾਰੀ ਗੋਬਿੰਦ ਦੇ ਸਰਹਿੰਦ ਤੋਂ 12 ਕੋਹ (ਲਗਭਗ 29 ਕਿਲੋਮੀਟਰ) ਇੱਕ ਜਗ੍ਹਾ ਆਉਣ ਦਾ 700 ਸਿਪਾਹੀਆਂ ਦੇ ਤੋਪਖਾਨੇ ਸਮੇਤ ਇੱਕ ਦਸਤੇ ਅਤੇ ਹੋਰ ਸਾਜ਼ ਸਾਮਾਨ ਦੇ ਭੇਜੇ ਜਾਣ ਦਾ, ਉਸ ਦੇ ਪਿੰਡ ਚਮਕੌਰ ਵਿਚ ਇੱਕ ਜ਼ਿੰਮੀਦਾਰ ਦੀ ਹਵੇਲੀ ਵਿਚ ਘੇਰੇ ਜਾਣ ਦੇ ਹਾਰ ਜਾਣ, ਅਤੇ ਉਸ ਦੇ ਦੋ ਪੁੱਤਰਾਂ ਅਤੇ ਹੋਰ ਸਾਥੀਆਂ ਦੇ ਮਾਰੇ ਜਾਣ ਦਾ ਅਤੇ ਉਸ ਦੀ ਮਾਤਾ ਅਤੇ ਇੱਕ ਹੋਰ ਪੁੱਤਰ ਦੇ ਪਕੜੇ ਜਾਣ ਦਾ ਵਰਣਨ ਮਿਲਦਾ ਹੈ”।

# ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣਾ ਭਾਰਤ ਦਾ ਅਪਮਾਨ ਅਮਰੀਕਾ ਦਾ ਗੁਮਾਨ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA








ਅਮਰੀਕਾ ਨੇ 104 ਗ਼ੈਰ ਕਾਨੂੰਨੀ ਤੌਰ 'ਤੇ ਗਏ ਭਾਰਤੀਆਂ ਨੂੰ ਬੇਇੱਜ਼ਤ ਢੰਗ ਨਾਲ ਵਾਪਸ ਭੇਜ ਦਿੱਤਾ ਹੈ, 487 ਹੋਰ ਭਾਰਤੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 12 ਫਰਵਰੀ ਨੂੰ ਅਮਰੀਕਾ ਜਾ ਰਹੇ ਹਨ, ਉਨ੍ਹਾਂ ਨੂੰ ਆਪਣੇ ਦੋਸਤ ਡੋਨਾਲਡ ਟਰੰਪ ਨਾਲ ਹੱਥਕੜੀਆਂ ਅਤੇ ਬੇੜੀਆਂ ਪਹਿਨਾ ਕੇ ਵਾਪਸ ਭੇਜਣ ਤੋਂ ਰੋਕਣ ਲਈ ਗੱਲਬਾਤ ਕਰਨੀ ਚਾਹੀਦੀ ਹੈ। ਗ਼ੈਰ ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਦਾ ਭਾਰਤ ਵਿਚ ਫ਼ੌਜ ਦੇ ਜ਼ਹਾਜ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿਚ ਬੇੜੀਆਂ ਬੰਨ੍ਹਕੇ ਵਾਪਸ ਭੇਜਣਾ, ਅੱਜਕੱਲ੍ਹ ਸਮੁੱਚੇ ਦੇਸ਼ ਵਿਚ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਇਉਂ ਲੱਗ ਰਿਹਾ ਸੀ, ਜਿਵੇਂ ਇਨ੍ਹਾਂ ਨੇ ਕੋਈ ਘੋਰ ਅਪਰਾਧ ਕੀਤਾ ਹੋਵੇ। ਪ੍ਰੰਤੂ ਅਸਲੀਅਤ ਇਹ ਨਹੀਂ ਸੀ। ਦੇਸ਼ ਦੀ ਜਨਤਾ ਭਾਰਤ ਦਾ ਅਪਮਾਨ ਹੋਇਆ ਮਹਿਸੂਸ ਕਰ ਰਹੀ ਹੈ। ਫ਼ੌਜ ਦੇ ਜਹਾਜ਼ ਦੇਸ਼ ਦੀ ਸੁਰੱਖਿਆ ਲਈ ਫ਼ੌਜ ਵੱਲੋਂ ਵਰਤੇ ਜਾਂਦੇ ਹਨ। ਕਿਸੇ ਖਾਸ ਹਾਲਾਤ ਵਿਚ ਸੁਰੱਖਿਆ ਕਾਰਨਾਂ ਕਰਕੇ ਦੇਸ਼ ਦੇ ਸਰਵਉੱਚ ਵਿਅਕਤੀਆਂ ਲਈ ਵੀ ਵਰਤਿਆ ਜਾਂਦੇ ਹਨ। ਵੈਸੇ ਇਤਨੇ ਵੱਡੇ ਜ਼ਹਾਜਾਂ ਦੀ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਅ ਢੁਆਈ ਲਈ ਵਰਤੋਂ ਕੀਤੀ ਜਾਂਦੀ ਹੈ।

ਇਹ ਵੀ ਪਤਾ ਲੱਗਾ ਹੈ ਕਿ ਇਸ ਜ਼ਹਾਜ ਵਿਚ ਸੀਟਾਂ ਨਹੀਂ ਸਨ, ਭਾਰਤੀਆਂ ਨੂੰ ਫਰਸ਼ 'ਤੇ ਬਿਠਾਇਆ ਗਿਆ ਸੀ, ਜੇ ਇਹ ਸੱਚ ਹੈ ਤਾਂ ਬਹੁਤ ਮਾੜੀ ਗੱਲ ਹੈ। ਹੱਥਾਂ ਵਿਚ ਹੱਥਕੜੀਆਂ, ਲੱਕਾਂ ਅਤੇ ਪੈਰਾਂ ਵਿਚ ਬੇੜੀਆਂ ਲੱਗੀਆਂ ਹੋਈਆਂ ਸਨ। ਵਾਸ਼ਰੂਮ ਜਾਣ ਸਮੇਂ ਵੀ ਇਹ ਖੋਲ੍ਹੀਆਂ ਨਹੀਂ ਜਾਂਦੀਆਂ ਸਨ, ਅਜਿਹੇ ਹਾਲਾਤ ਵਿਚ ਵਾਸ਼ਰੂਮ ਜਾਣ ਲਈ ਵੀ ਸਮੱਸਿਆ ਪੈਦਾ ਹੁੰਦੀ ਰਹੀ ਹੈ। 40 ਘੰਟੇ ਦਾ ਸਫਰ ਬਹੁਤ ਹੀ ਬੇਇੰਤਜ਼ਾਮੀ ਵਾਲਾ ਤੇ ਅਣਮਨੁੱਖੀ ਰਿਹਾ, ਇੱਕ ਦੂਜੇ ਨਾਲ ਗੱਲ ਕਰਨ ਅਤੇ ਫਿਰਨ-ਤੁਰਨ ਦੀ ਮਨਾਹੀ ਸੀ। ਭਾਰਤੀਆਂ ਵਿਚ 72 ਮਰਦ, 19 ਇਸਤਰੀਆਂ ਅਤੇ 13 ਬੱਚੇ ਸ਼ਾਮਲ ਸਨ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿਚ ਪਹੁੰਚੇ ਵਿਅਕਤੀ ਨੂੰ ਇਸ ਪ੍ਰਕਾਰ ਵਾਪਸ ਭੇਜਣ ਦੀ ਇਜ਼ਾਜ਼ਤ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਅਮਰੀਕਾ ਵਿਚ ਪਹੁੰਚ ਜਾਂਦਾ, ਉਸਨੂੰ ਉਤਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿਤਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉਥੇ ਗਇਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿਚ ਆਪਣੇ ਕੇਸ ਕਰਨ ਦੀ ਇਜ਼ਾਜ਼ਤ ਹੁੰਦੀ ਹੈ। ਇਹ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ ਪ੍ਰੰਤੂ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਸਾਰਾ ਕੁਝ ਟਰੰਪ ਦੇ ਜ਼ੁਬਾਨੀ ਕਲਾਮੀ ਹੁਕਮਾਂ ਨਾਲ ਚੱਲਦਾ ਹੈ। ਵਾਪਸ ਤਾਂ ਉਹ ਭੇਜ ਸਕਦੇ ਹਨ ਪ੍ਰੰਤੂ ਕਚਹਿਰੀ ਵਿਚ ਕੇਸ ਖ਼ਾਰਜ ਹੋਣ ਤੋਂ ਬਾਅਦ।

ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿਚ ਪਿੱਛੇ ਨਹੀਂ ਹੱਟ ਰਹੀਆਂ, ਸਗੋਂ ਉਨ੍ਹਾਂ ਲਈ ਨਰਿੰਦਰ ਮੋਦੀ ਦੀ ਸਰਕਾਰ ਨੂੰ ਘੇਰਨ ਲਈ ਜਿਵੇਂ ਸੁੰਢ ਦੀ ਗੱਠੀ ਦੀ ਕਹਾਵਤ ਦੀ ਤਰ੍ਹਾਂ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਉਨ੍ਹਾਂ ਦਾ ਵਿਰੋਧ ਕਰਨਾ ਜਾਇਜ਼ ਵੀ ਲੱਗਦਾ ਹੈ ਕਿਉਂਕਿ ਦੇਸ਼ ਦੇ ਨਾਗਰਿਕਾਂ ਦੇ ਮਾਨ-ਸਨਮਾਨ ਦਾ ਮੁੱਦਾ ਹੈ। ਭਾਰਤ ਦੇ ਸਵੈਮਾਨ ਨੂੰ ਆਂਚ ਆਈ ਹੈ। ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਵਹਾਰ ਕਿਉਂ ਹੋਇਆ? ਜਦੋਂਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੋਵੇਂ ਇੱਕ ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ। ਇਥੋਂ ਤੱਕ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਇੱਕ ਕਿਸਮ ਨਾਲ ਭਾਰਤ ਚੋਣ ਪ੍ਰਚਾਰ ਲਈ ਵੀ ਆਏ ਸਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੀ ਅਮਰੀਕਾ ਵਿਚ ਡੋਨਾਲਡ ਟਰੰਪ ਦੀ ਚੋਣ ਸਮੇਂ ਮਦਦ ਕਰਨ ਲਈ ਅਮਰੀਕਾ ਵਿਚ ਭਾਰਤੀਆਂ ਦੇ ਇੱਕ ਜਲਸੇ ਨੂੰ ਸੰਬੋਧਨ ਕਰਕੇ ਆਏ ਸਨ, ਜਿਥੇ ਦੋਹਾਂ ਨੇਤਾਵਾਂ ਨੇ ਦੋਸਤੀ ਦੇ ਦਮਗਜ਼ੇ ਮਾਰੇ ਸੀ।

ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿਚ ਗ਼ੈਰ ਕਾਨੂੰਨੀ ਢੰਗ ਨਾਲ ਉਥੇ ਪਹੁੰਚਣਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ, ਉਸ ਅਨੁਸਾਰ ਉਹ ਗ਼ੈਰ ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ, ਪ੍ਰੰਤੂ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ ਜਿਹੜਾ ਮਨੁੱਖੀ ਅਧਿਕਾਰਾਂ ਦਾ ਆਪਣੇ ਆਪ ਨੂੰ ਰਖਵਾਲਾ ਸਮਝਦਾ ਹੋਇਆ, ਦੁਨੀਆਂ ਦੇ ਹੋਰ ਦੇਸ਼ਾਂ ਵਿਚ ਜੇਕਰ ਮਨੁੱਖੀ ਹੱਕਾਂ ਦੀ ਉਲੰਘਣਾ ਹੁੰਦੀ ਹੈ, ਤਾਂ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣਉਚਿਤ ਵਿਵਹਾਰ ਨਿੰਦਣਯੋਗ ਹੈ। ਅਮਰੀਕਾ ਦੇ ਭਾਰਤੀਆਂ ਨਾਲ ਕੀਤੇ ਗਏ ਵਿਵਹਾਰ ਦੇ ਸਿੱਟੇ ਵਜੋਂ ਸਮੁੱਚੇ ਭਾਰਤ ਵਿਚ ਰੋਸ ਦੀ ਲਹਿਰ ਦੌੜ ਗਈ ਹੈ। ਅਮਰੀਕਾ ਨੇ ਭਾਰਤੀਆਂ ਨੂੰ ਵਾਪਸ ਭੇਜਣ ਤੋਂ ਪਹਿਲਾਂ ਭਾਰਤ ਨਾਲ ਤਾਲਮੇਲ ਕੀਤਾ ਸੀ, ਕਿਉਂਕਿ ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈ ਸ਼ੰਕਰ ਅਮਰੀਕਾ ਦੇ ਦੌਰੇ 'ਤੇ ਗਏ ਸਨ ਤੇ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਉਹ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ। ਉਸ ਮੌਕੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਖ਼ੁਦ ਗ਼ੈਰ ਕਾਨੂੰਨੀ ਭਾਰਤੀਆਂ ਨੂੰ ਆਪਣੇ ਜਹਾਜ਼ ਵਿਚ ਸਤਿਕਾਰ ਸਹਿਤ ਵਾਪਸ ਲੈ ਜਾਣਗੇ। ਹੁਣ ਸ਼੍ਰੀ ਜੈ ਸੰਕਰ ਵਿਦੇਸ਼ ਮੰਤਰੀ ਜੀ ਦਾ ਇਹ ਕਹਿਣਾ ਕਿ ਭਾਰਤੀ ਸਾਡੇ ਸਨਮਾਨਯੋਗ ਨਾਗਰਿਕ ਹਨ, ਇਤਨੇ ਨਿਰਾਦਰ ਤੋਂ ਬਾਅਦ ਇੰਜ ਕਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਅਜੇ ਤਾਂ ਅਮਰੀਕਾ ਦੀ ਸਰਕਾਰ ਵੱਲੋਂ 20407 ਗ਼ੈਰ ਕਾਨੂੰਨੀ ਭਾਰਤੀਆਂ ਦੀ ਕੀਤੀ ਪਛਾਣ ਵਿਚੋਂ 104 ਨੂੰ ਵਾਪਸ ਭੇਜ ਕੇ ਇੱਕ ਪੂਣੀ ਹੀ ਕੱਤੀ ਹੈ। ਬਾਕੀਆਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੂੰ ਆਪਣਾ ਜਹਾਜ਼ ਭੇਜਣਾ ਚਾਹੀਦਾ ਹੈ। ਸ਼੍ਰੀ ਜੈ ਸ਼ੰਕਰ ਬਿਓਰੋਕਰੇਟ ਤੋਂ ਬਣਿਆ ਸਿਆਸਤਦਾਨ ਹੈ, ਇਹੋ ਸ਼ੁਰੂ ਤੋਂ ਸਿਆਸਤ ਵਿਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ, ਬਿਓਰੋਕਰੇਟ ਸਿਰਫ ਉਸ ਦੇਸ਼ ਦੇ ਕਾਨੂੰਨਾਂ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਜੇਕਰ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ, ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2012 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੀਂ ਵੀ ਇਸ ਪ੍ਰਕਾਰ ਜੰਜ਼ੀਰਾਂ ਨਾਲ ਜਕੜਕੇ ਦੁਰਵਿਵਹਾਰ ਨਾਲ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਇੰਨੀ ਜ਼ਬਰਦਸਤੀ, ਬਦਸਲੂਕੀ ਅਤੇ ਬੇਇਜ਼ਤੀ ਕਦੀਂ ਵੀ ਨਹੀਂ ਹੋਈ। ਅਮਰੀਕਾ ਸੰਸਾਰ ਦੇ ਹੋਰ ਦੇਸ਼ਾਂ ਦੇ ਗ਼ੈਰਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਹੀ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਕੋਲੰਬੀਆ ਦੇਸ਼ ਨੇ ਅਮਰੀਕਾ ਦੇ ਜਹਾਜ਼ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਆਪਣੇ ਜਹਾਜ਼ ਵਿਚ ਮਾਨ ਸਨਮਾਨ ਨਾਲ ਲੈ ਕੇ ਆਏ ਹਨ, ਫਿਰ ਭਾਰਤ ਅਜਿਹਾ ਕਿਉਂ ਨਹੀਂ ਕਰ ਸਕਿਆ?

ਭਾਰਤ ਨੂੰ ਪ੍ਰਵਾਸ ਵਿਚ ਗ਼ੈਰ ਕਾਨੂੰਨੀ ਪ੍ਰਵਾਸ ਕਰਨ ਵਾਲੇ ਨੌਜਵਾਨਾਂ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪ੍ਰਵਾਸ ਕਿਉਂ ਹੋ ਰਿਹਾ ਹੈ? ਪ੍ਰਵਾਸ ਵਿਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ ਕਾਨੂੰਨੀ ਪ੍ਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪ੍ਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜਬੂਰੀਆਂ ਹੋਣਗੀਆਂ ਪ੍ਰੰਤੂ ਵਰਤਮਾਨ ਪ੍ਰਵਾਸ ਦੇ ਮੁੱਖ ਕਾਰਨਾਂ ਪਿੱਛੇ ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦਾ ਕਰਜ਼ਈ ਹੋਣਾ, ਭਾਰਤ ਦੀ ਪ੍ਰਸ਼ਾਸਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜੀ ਪ੍ਰਣਾਲੀ ਬਦਲਣੀ ਪਵੇਗੀ ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁੱਖੀ ਹਨ। ਹਰ ਨਿੱਕੀ ਤੋਂ ਨਿੱਕੀ ਗੱਲ ਵਿਚ ਸਿਆਸਤਦਾਨ ਦਖ਼ਲਅੰਦਾਜ਼ੀ ਕਰਦੇ ਹਨ। ਬਿਓਰੋਕਰੇਸੀ ਨੂੰ ਵੀ ਆਪਣੀ ਕਾਰਜਪ੍ਰਣਾਲੀ ਵਿਚ ਸੋਧ ਕਰਨੀ ਚਾਹੀਦੀ ਹੈ। ਬਿਊਰੋਕਰੇਸੀ ਤੇ ਸਿਆਸਤਦਾਨਾਂ ਦੀ ਮਿਲਭੁਗਤ ਕਰਕੇ ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿਚ ਅਸੰਤੁਸ਼ਟੀ ਵੱਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖਕੇ ਯੋਜਨਾਵਾਂ ਬਣਾਉਂਦੀਆਂ, ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ। ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਆਊਟ ਸੋਰਸਿੰਗ ਰਾਹੀਂ ਭਰਤੀ ਕੀਤੀ ਜਾ ਰਹੀ ਹੈ, ਬੰਨ੍ਹਵੀ ਤਨਖ਼ਾਹ ਬਹੁਤ ਘੱਟ ਦਿੱਤੀ ਜਾ ਰਹੀ ਹੈ, ਜਿਸ ਨਾਲ ਗੁਜ਼ਾਰਾ ਨਹੀਂ ਹੋ ਰਿਹਾ।

ਪੰਜਾਬ ਦੀ ਨੌਜਵਾਨੀ ਆਪਣੇ ਪਿਤਾ ਪੁਰਖੀ ਕੰਮ ਛੱਡਕੇ ਵ੍ਹਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿਚ ਰੋਜ਼ਗਾਰ ਦੀ ਘਾਟ ਨਹੀਂ, ਹੋਰਾਂ ਸੂਬਿਆਂ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਭੱਜੇ ਜਾ ਰਹੇ ਹਨ। ਸਾਡੀ ਵਿਦਿਅਕ ਪ੍ਰਣਾਲੀ ਵੀ ਰੋਜ਼ਗਾਰ ਮੁਖੀ ਨਹੀਂ ਹੈ, ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਂ ਯੋਜਨਾ ਬਣਾਉਂਦੇ ਹਨ, ਉਹ ਵੋਟਾਂ ਨੂੰ ਮੁੱਖ ਰੱਖਕੇ ਬਣਾਉਂਦੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਸ਼੍ਰੀ ਜੈ ਸ਼ੰਕਰ ਨੇ ਲੋਕ ਸਭਾ ਵਿਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਹ ਬਹੁਤ ਚੰਗੀ ਗੱਲ ਹੈ, ਏਜੰਟਾਂ 'ਤੇ ਸਰਕਾਰ ਨੂੰ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਰਾਜਾਂ ਵਿਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ, ਉਸ ਸਮੇਂ ਰਾਜ ਸਰਕਾਰਾਂ ਨੇ ਜੇਕਰ ਏਜੰਟਾਂ ਨੂੰ ਪਕੜਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ, ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ। ਗੱਲ ਸਰਕਾਰਾਂ ਦੀ ਪ੍ਰਸ਼ਾਸਨਿਕ ਪ੍ਰਣਾਲੀ ਦੀ ਹੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ ਪ੍ਰੰਤੂ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਚੋਣ ਫ਼ੰਡ ਦੇ ਦਿੰਦੇ ਸਨ ਤੇ ਸਰਕਾਰਾਂ ਨੂੰ ਸਿਆਸਤਦਾਨ ਚਲਾਉਂਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ, ਤਾਂ ਜੋ ਗ਼ੈਰਕਾਨੂੰਨੀ ਪ੍ਰਵਾਸ ਨੂੰ ਰੋਕਿਆ ਜਾ ਸਕੇ। ਇੱਕ ਗੱਲ ਚੰਗੀ ਹੋਣ ਦੀ ਉਮੀਦ ਹੈ ਕਿ ਇਸ ਘਟਨਾ ਤੋਂ ਬਾਅਦ ਸ਼ਾਇਦ ਭਾਰਤੀ ਪਰਿਵਾਰ ਵਿਚ ਗ਼ੈਰਕਾਨੂੰਨੀ ਜਾਣਾ ਬੰਦ ਕਰ ਦੇਣ। ਇਹ ਵੀ ਸਮਝ ਨਹੀਂ ਆਉਂਦੀ ਕਿ ਡੋਨਾਲਡ ਟਰੰਪ ਭਾਰਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

ਬਾਲ ਕਹਾਣੀ

# ਛੁੱਟੀਆਂ ਦੀ ਉਡੀਕ



ਡਾਕਟਰ ਅਜੀਤ ਸਿੰਘ ਕੋਟਕਪੂਰਾ
+1-585-305-0443
ਪੰਜਾਬ ਮੇਲ USA



ਛੁੱਟੀਆਂ ਦੀ ਉਡੀਕ ਤਾਂ ਹਰ ਵੱਡੇ ਛੋਟੇ ਨੂੰ ਹੀ ਰਹਿੰਦੀ ਹੈ। ਇਸ ਸਾਲ ਸੁਖਦੇਵ ਛੁਟੀਆਂ ਨੂੰ ਬੜੀ ਬੇਸਬਰੀ ਨਾਲ ਉਡੀਕ ਰਿਹਾ ਸੀ। ਪਿਛਲੇ ਦੋ ਸਾਲ ਤੋਂ ਉਹ ਛੁੱਟੀਆਂ ਵਿਚ ਨਾਨਕੇ ਨਹੀਂ ਜਾ ਸਕਿਆ ਸੀ। ਇਕ ਵਾਰ ਤਾਂ ਉਸ ਦੀ ਮਾਂ ਦੀ ਨਹਾਉਣ ਲੱਗਿਆਂ ਗੁਸਲਖਾਨੇ ਵਿਚ ਡਿੱਗਣ ਕਾਰਨ ਬਾਂਹ ਟੁੱਟ ਗਈ ਸੀ। ਭਾਵੇਂ ਉਸ ਦੀ ਨਾਨੀ ਮਦਦ ਲਈ ਆ ਗਈ ਸੀ ਪ੍ਰੰਤੂ ਉਸ ਦਾ ਨਾਨਕੇ ਜਾ ਕੇ ਆਪਣੇ ਦੋਸਤਾਂ ਨਾਲ ਮਿਲ ਕੇ ਖੇਡਣ ਦਾ ਚਾਅ ਅਧੂਰਾ ਰਹਿ ਗਿਆ ਸੀ। ਅਗਲੇ ਸਾਲ ਉਸ ਦੇ ਪਿਤਾ ਜੀ ਦੀ ਕਾਰ ਦੁਰਘਟਨਾਗ੍ਰਸਤ ਹੋਣ ਕਾਰਨ ਖੱਬੀ ਲੱਤ ਟੁੱਟ ਗਈ ਸੀ। ਦੋ ਮਹੀਨੇ ਦਾ ਪਲਸਤਰ ਲੱਗਾ ਰਿਹਾ ਸੀ। ਉਸ ਦੀ ਦੇਖਭਾਲ ਅਤੇ ਇਧਰ-ਉਧਰ ਜਾਣ ਵਿਚ ਮਦਦ ਲਈ ਸੁੱਖਾ ਆਪਣੇ ਬਾਪ ਦੀ ਸਹਾਇਤਾ ਕਰਦਾ ਰਿਹਾ ਸੀ। ਇਸ ਲਈ ਛੁੱਟੀਆਂ ਵਿਚ ਨਾਨਕੇ ਨਹੀਂ ਜਾ ਸਕਿਆ ਸੀ। ਇਸ ਵਾਰ ਉਹ ਮਨ ਹੀ ਮਨ ਅਰਦਾਸ ਕਰਦਾ ਰਿਹਾ ਸੀ ਕਿ ਸਭ ਕੁਝ ਠੀਕ ਰਹੇ ਤੇ ਉਹ ਆਪਣੇ ਨਾਨਕੇ ਜਾ ਕੇ ਆਪਣੇ ਦੋਸਤਾਂ ਨੂੰ ਮਿਲ ਸਕੇ ਅਤੇ ਉਨ੍ਹਾਂ ਨਾਲ ਖੂਬ ਖੇਡ ਸਕੇ ਅਤੇ ਆਪਣੇ ਅੰਦਰ ਦੋ ਸਾਲਾਂ ਤੋਂ ਇਕੱਠੀਆਂ ਹੋਈਆਂ ਗੱਲਾਂ ਉਨ੍ਹਾਂ ਨਾਲ ਕਰ ਕੇ ਅਤੇ ਉਨ੍ਹਾਂ ਦੀਆਂ ਸੁਣ ਕੇ ਅਨੰਦ ਮਾਣ ਸਕੇ। ਕਦੇ-ਕਦੇ ਉਸ ਨੂੰ ਇਹ ਵੀ ਲੱਗਦਾ ਸੀ ਕਿ ਉਸ ਦੇ ਦੋਸਤ ਉਸ ਨੂੰ ਭੁੱਲ ਹੀ ਨਾ ਗਏ ਹੋਣ। ਜਿਵੇਂ-ਜਿਵੇਂ ਛੁੱਟੀਆਂ ਹੋਣ ਦੇ ਦਿਨ ਨੇੜੇ ਆ ਰਹੇ ਸਨ, ਉਸ ਦੇ ਮਨ ਵਿਚ ਖੁਸ਼ੀਆਂ ਦੇ ਲੱਡੂ ਭੁਰ ਰਹੇ ਸਨ। ਉਸਨੇ ਇਹ ਵੀ ਸੋਚ ਲਿਆ ਸੀ ਕਿ ਜੇ ਮੇਰੇ ਮਾਪੇ ਮੇਰੇ ਨਾਲ ਨਾ ਵੀ ਜਾ ਸਕੇ, ਤਾਂ ਮੈਂ ਇਕੱਲਾ ਵੀ ਜਾ ਸਕਦਾ ਹਾਂ। ਉਹ ਹੁਣ ਛੇਵੀਂ ਜਮਾਤ ਵਿਚ ਹੋ ਗਿਆ ਸੀ ਤੇ ਆਪਣੀਆਂ ਵਸਤਾਂ ਦੀ ਆਪ ਹੀ ਸੰਭਾਲ ਕਰ ਸਕਦਾ ਸੀ। ਉਸ ਨੂੰ ਪਤਾ ਸੀ ਕਿ ਮੇਰੀ ਨਾਨੀ ਬੜੇ ਪਿਆਰ ਨਾਲ ਮੇਰੇ ਕੇਸਾਂ ਨੂੰ ਵੀ ਸੰਵਾਰ ਸਕਦੀ ਹੈ। ਸੁੱਖੇ ਦੀ ਮਾਂ ਨੂੰ ਵੀ ਇਸ ਸਬੰਧੀ ਕੋਈ ਚਿੰਤਾ ਨਹੀਂ ਸੀ।

ਅਖੀਰ ਸਕੂਲ ਅਧਿਆਪਕਾ ਵਲੋਂ ਛੁੱਟੀਆਂ ਦਾ ਕੰਮ ਮਿਲ ਗਿਆ ਅਤੇ ਛੁੱਟੀਆਂ ਹੋ ਗਈਆਂ। ਉਸ ਨੇ ਵੀ ਆਪਣਾ ਸਮਾਨ ਤਿਆਰ ਕਰ ਲਿਆ। ਮੰਮੀ ਨਾਲ ਵਾਅਦਾ ਕੀਤਾ ਕਿ ਉਹ ਨਾਨਕੇ ਜਾ ਕੇ ਸਕੂਲ ਦਾ ਕੰਮ ਕਰਿਆ ਕਰੇਗਾ। ਉਸ ਦੇ ਮਾਮੇ ਦਾ ਮੁੰਡਾ ਮਨਜੀਤ ਵੀ ਛੇਵੀਂ ਵਿਚ ਹੀ ਸੀ। ਉਸ ਨੇ ਕਿਹਾ ਕਿ ਮੈਂ ਮਨਜੀਤ ਨਾਲ ਬੈਠ ਕੇ ਪੜ੍ਹਿਆ ਕਰਾਂਗਾ ਅਤੇ ਸਾਨੂੰ ਜੇ ਕੋਈ ਪੜ੍ਹਾਈ ਵਿਚ ਸਮੱਸਿਆ ਹੋਵੇਗੀ ਤਾਂ ਕੁਲਦੀਪ ਮਾਮੇ ਤੋਂ ਪੁੱਛ ਲਿਆ ਕਰਾਂਗੇ। ਤੁਸੀਂ ਭਾਵੇਂ ਮਾਮੇ ਨੂੰ ਫੋਨ 'ਤੇ ਪੁੱਛ ਲੈਣਾ ਕਿ ਮੈਂ ਤੇ ਮਨਜੀਤ ਸਕੂਲ ਦਾ ਕੰਮ ਕਰ ਰਹੇ ਹਾਂ ਜਾ ਨਹੀਂ। ਤੁਹਾਨੂੰ ਸਾਡੇ ਬਾਰੇ ਹਰ ਖਬਰ ਮਿਲਦੀ ਰਹੇਗੀ ਕਿ ਅਸੀਂ ਦਿਨ ਵਿਚ ਕੀ ਕਰਦੇ ਹਾਂ, ਕਿਤਨਾ ਸਮਾਂ ਪੜ੍ਹਦੇ ਹਾਂ ਅਤੇ ਕਿਤਨਾ ਸਮਾਂ ਖੇਡਦੇ ਹਾਂ। ਹੁਣ ਮੈਨੂੰ ਜਲਦੀ-ਜਲਦੀ ਨਾਨਕੇ ਛੱਡਣ ਦਾ ਪ੍ਰਬੰਧ ਕਰ ਦਿਓ। ਜੇ ਕਰ ਮੈਨੂੰ ਬਸ ਚੜ੍ਹਾ ਦਿਓ, ਤਾਂ ਵੀ ਮੈਂ ਆਪੇ ਨਾਨਕੇ ਘਰ ਪਹੁੰਚ ਜਾਵਾਂਗੇ ਅਤੇ ਜਾ ਕੇ ਮਾਮੇ ਤੋਂ ਤੁਹਾਨੂੰ ਫੋਨ ਕਰਵਾ ਦਿਆਂਗਾ ਕਿ ਮੈਂ ਠੀਕ-ਠੀਕ ਪਹੁੰਚ ਗਿਆ ਹਾਂ। ਤੁਹਾਨੂੰ ਚਿੰਤਾ ਨਹੀਂ ਰਹੇਗੀ।

ਸੁੱਖੇ ਦੇ ਮਾਂ ਬਾਪ ਦੋਵੇਂ ਹੀ ਕੰਮ ਵਿਚ ਰੁੱਝੇ ਹੋਏ ਸਨ ਕਿਉਂ ਜੋ ਛੁੱਟੀਆਂ ਹੋਣ ਦੇ ਨਾਲ ਹੀ ਉਨ੍ਹਾਂ ਲਈ ਕੈਂਪ ਲੱਗ ਗਿਆ ਸੀ ਅਤੇ ਕੰਮ ਵਿਚੋਂ ਛੁੱਟੀ ਨਹੀਂ ਮਿਲ ਸਕਦੀ ਸੀ। ਇਸ ਲਈ ਉਨ੍ਹਾਂ ਨੇ ਸੁੱਖੇ ਦੇ ਮਾਮੇ ਨੂੰ ਫੋਨ ਕਰ ਦਿੱਤਾ ਕਿ ਅਸੀਂ ਸੁੱਖੇ ਨੂੰ ਸਵੇਰੇ ਪਹਿਲੀ ਬੱਸ ਹੀ ਚੜ੍ਹਾ ਦੇਵਾਂਗੇ ਅਤੇ ਤੁਸੀਂ ਉਸ ਨੂੰ ਅੱਡੇ ਤੋਂ ਘਰ ਲੈ ਜਾਣਾ। ਜਦੋਂ ਉਹ ਬਸ ਵਿਚ ਬੈਠੇਗਾ, ਮੈਂ ਤੁਹਾਨੂੰ ਫੋਨ 'ਤੇ ਦੱਸ ਦੇਵਾਂਗਾ ਅਤੇ ਜਦੋਂ ਉਹ ਤੁਹਾਡੇ ਕੋਲ ਪੁੱਜ ਜਾਵੇ, ਤੁਸੀਂ ਸਾਨੂੰ ਦੱਸ ਦੇਣਾ। ਇਸ ਤਰ੍ਹਾਂ ਮਿੱਥੇ ਪ੍ਰੋਗਰਾਮ ਅਨੁਸਾਰ ਅਗਲੇ ਦਿਨ ਸੁੱਖੇ ਨੂੰ ਬੱਸ ਚੜ੍ਹਾ ਦਿੱਤਾ ਗਿਆ ਅਤੇ ਉਹ ਨਾਨਕੇ ਘਰ ਪੁੱਜ ਗਿਆ। ਨਾਨੀ ਬਹੁਤ ਖੁਸ਼ ਹੋਈ। ਉਸ ਨੂੰ ਜਦੋਂ ਇਹ ਦੱਸਿਆ ਗਿਆ ਕਿ ਇਹ ਇਕੱਲਾ ਹੀ ਆਇਆ ਹੈ, ਤਾਂ ਉਹ ਕਹਿਣ ਲੱਗੀ ਕਿ ਮੇਰਾ ਪੁੱਤ ਤਾਂ ਹੁਣ ਜ਼ਿੰਮੇਵਾਰ ਹੋ ਗਿਆ ਹੈ, ਹੁਣ ਵੱਡੇ-ਵੱਡੇ ਕੰਮ ਕਰ ਸਕਦਾ ਹੈ। ਮਨਜੀਤ ਵੀ ਬਹੁਤ ਖੁਸ਼ ਹੋਇਆ। ਮਨਜੀਤ ਦੀ ਮੰਮੀ ਨੇ ਉਸ ਨੂੰ ਖਾਣ ਲਈ ਦਿੱਤਾ ਅਤੇ ਨਾਲ ਦੁੱਧ ਦਾ ਗਿਲਾਸ ਦਿੱਤਾ, ਜੋ ਉਸ ਨੇ ਗੱਟ-ਗੱਟ ਕਰਕੇ ਪੀ ਲਿਆ। ਦੋਵੇਂ ਰਲ ਕੇ ਖੇਡਣ ਲੱਗੇ। ਸ਼ਾਮ ਨੂੰ ਉਹ ਆਪਣੇ ਪੁਰਾਣੇ ਦੋਸਤਾਂ ਗੇਲੇ, ਗਾਮੇ, ਕੈਲੇ ਅਤੇ ਕਪੂਰੇ ਨੂੰ ਮਿਲਿਆ, ਤਾਂ ਸਾਰੇ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਰਲ ਕੇ ਖੇਡਣਾ ਸ਼ੁਰੂ ਕਰ ਦਿੱਤਾ। ਹਨੇਰਾ ਹੋਣ ਤੇ ਉਹ ਸਾਰੇ ਅਗਲੇ ਦਿਨ ਦਾ ਪ੍ਰੋਗਰਾਮ ਬਣਾ ਕੇ ਆਪੋ ਆਪਣੇ ਘਰ ਚਲੇ ਗਏ।

ਸਵੇਰੇ ਉੱਠ ਕੇ ਸੁੱਖਾ ਅਤੇ ਮਨਜੀਤ ਸਕੂਲ ਤੋਂ ਮਿਲੀਆਂ ਛੁੱਟੀਆਂ ਦਾ ਕੰਮ ਕਰਨ ਲੱਗ ਪਏ। ਜਿਹੜੀ ਮੁਸ਼ਕਿਲ ਹੁੰਦੀ, ਸੁੱਖਾ ਆਪਣੇ ਮਾਮੇ ਤੋਂ ਪੁੱਛ ਲੈਂਦਾ। ਕੁਲਦੀਪ ਮਾਮੇ ਨੂੰ ਖੁਸ਼ੀ ਹੋਈ ਕਿ ਦੋਵੇਂ ਜ਼ਿੰਮੇਵਾਰੀ ਨਾਲ ਸਕੂਲ ਦਾ ਕੰਮ ਕਰ ਰਹੇ ਸੀ। ਕੰਮ ਕਰਕੇ ਉਹ ਆਪਣੇ ਦੋਸਤਾਂ ਨਾਲ ਬਾਹਰ ਖੇਡਣ ਲਈ ਚਲੇ ਗਏ। ਦੁਪਹਿਰ ਸਮੇਂ ਉਹ ਘਰ ਦੇ ਦਰਵਾਜ਼ੇ ਵਿਚ ਹੀ ਖੇਡਣ ਲੱਗੇ। ਸੁੱਖੇ ਦੇ ਮਾਮੇ ਨੇ ਦੱਸਿਆ ਕਿ ਅੱਜ ਗਰਮੀ ਜ਼ਿਆਦਾ ਹੈ, ਅੱਜ ਤੁਸੀਂ ਸਾਰੇ ਅੰਦਰ ਹੀ ਖੇਡ ਲਵੋ।

ਐਤਵਾਰ ਸੁੱਖੇ ਦੇ ਮਾਮੇ ਤੇ ਮਾਮੇ ਨੂੰ ਕੈਂਪ ਤੋਂ ਛੁੱਟੀ ਸੀ। ਅਸਮਾਨ 'ਤੇ ਬਦਲ ਛਾਏ ਹੋਏ ਸਨ। ਸਾਰੇ ਬੇਲੀ ਮਨਜੀਤ ਦੇ ਘਰ ਵਿਚ ਖੇਡਣ ਲਈ ਇਕੱਠੇ ਹੋ ਰਹੇ ਸਨ। ਅਜੇ ਉਹ ਖੇਡਣ ਦੀ ਯੋਜਨਾ ਬਣਾ ਰਹੇ ਸਨ ਕਿ ਮੀਂਹ ਪੈਣ ਲੱਗ ਪਿਆ। ਸਾਰੇ ਮਾਮੇ ਦੇ ਦੁਆਲੇ ਇਕੱਠੇ ਹੋ ਗਏ ਕਿ ਅੱਜ ਤੁਸੀਂ ਸਾਨੂੰ ਦੱਸੋ ਕਿ ਮੀਂਹ ਵਿਚ ਕੀ ਖੇਡੀਏ। ਉਸ ਨੇ ਸਾਰਿਆਂ ਨੂੰ ਕਿਹਾ ਕਿ ਥੋੜੀ ਦੇਰ ਮੀਂਹ ਵਿਚ ਨਹਾ ਕੇ ਮਜ਼ੇ ਕਰ ਲਵੋ। ਇਹ ਸੁਣ ਉਹ ਸਾਰੇ ਖੁਸ਼ ਹੋ ਗਏ। ਮੀਂਹ ਵਿਚ ਨਹਾਉਣ ਲੱਗੇ ਤੇ ਪਾਣੀ ਨਾਲ ਖੇਡਣ ਲੱਗੇ। ਜਦੋਂ ਮਾਮੇ ਨੇ ਦੇਖਿਆ ਕਿ ਬੱਚੇ ਖੇਡ ਕੇ ਥੱਕ ਚੁੱਕੇ ਹਨ। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਆਪਣੇ ਕੱਪੜੇ ਬਦਲ ਲਵੋ ਅਤੇ ਮੇਰੇ ਨੇੜੇ ਬੈਠ ਜਾਓ, ਆਪਾਂ ਰਲ ਮਿਲ ਗੱਲਾਂ ਕਰਾਂਗੇ।

ਕੱਪੜੇ ਬਦਲ ਉਹ ਮਾਮੇ ਦੇ ਨੇੜੇ-ਨੇੜੇ ਹੋ ਕੇ ਬੈਠ ਗਏ ਅਤੇ ਕਹਿਣ ਲੱਗੇ ਸਾਨੂੰ ਅੱਜ ਕੋਈ ਕਹਾਣੀ ਸੁਣਾਓ। ਮਾਮੇ ਨੇ ਕੁਝ ਦੇਰ ਸੋਚਿਆ ਫਿਰ ਕਹਿਣ ਲੱਗਾ ਕਿ ਸੁਣੋ:-

ਇਕ ਵਾਰ ਦੀ ਗੱਲ ਹੈ ਕਿ ਮਿਸਤਰੀ ਇਕ ਮਕਾਨ ਬਣਾ ਰਹੇ ਸਨ ਅਤੇ ਉਸ ਥਾਂ 'ਤੇ ਲੱਕੜੀ ਦਾ ਕੰਮ ਚੱਲ ਰਿਹਾ ਸੀ। ਮਿਸਤਰੀ ਇਕ ਲੱਕੜੀ ਨੂੰ ਚੀਰ ਰਿਹਾ ਸੀ, ਉਸ ਨੇ ਉਸ ਦੇ ਦੋ ਟੋਟੇ ਕਰਨੇ ਸਨ। ਗਰਮੀ ਦਾ ਮੌਸਮ ਸੀ। ਉਹ ਥੋੜੀ ਦੇਰ ਆਰਾਮ ਕਰਨਾ ਚਾਹੁੰਦਾ ਸੀ। ਉਸ ਨੇ ਚੀਰੀ ਹੋਈ ਲਕੜੀ ਦੇ ਅੰਦਰ ਇਕ ਮੋਟਾ ਜਿਹਾ ਕਿੱਲ ਫਸਾ ਦਿੱਤਾ ਅਤੇ ਆਪ ਆਰਾਮ ਕਰਨ ਲੱਗ ਪਿਆ। ਜਦੋਂ ਉਸ ਦੀ ਜਾਗ ਖੁੱਲ੍ਹੀ ਤਾਂ ਉਸ ਨੇ ਦੇਖਿਆ ਕਿ ਦੁਪਹਿਰ ਦੀ ਰੋਟੀ ਦਾ ਸਮਾਂ ਹੋ ਚੁੱਕਾ ਸੀ ਅਤੇ ਉਸ ਨੂੰ ਭੁੱਖ ਵੀ ਮਹਿਸੂਸ ਹੋ ਰਹੀ ਸੀ। ਉਸ ਨੇ ਵਿਚਾਰ ਕੀਤਾ ਕਿ ਪਹਿਲਾਂ ਢਿੱਡ ਦੀ ਅੱਗ ਬੁਝਾ ਲਈ ਜਾਵੇ, ਫਿਰ ਬਾਕੀ ਦਾ ਕੰਮ ਕਰਾਂਗਾ। ਉਹ ਨਾਲ ਦੇ ਕਮਰੇ ਵਿਚ ਬੈਠ ਰੋਟੀ ਖਾਣ ਲੱਗ ਪਿਆ।

ਕੁਝ ਦੇਰ ਬਾਅਦ ਉਥੇ ਬਾਂਦਰਾਂ ਦਾ ਝੁੰਡ ਆ ਕੇ ਖਰੂਦ ਮਚਾਉਣ ਲੱਗ ਪਿਆ। ਉਨ੍ਹਾਂ ਵਿਚ ਨੀਰੂ ਬਾਂਦਰ ਬਹੁਤ ਹੀ ਸ਼ਰਾਰਤੀ ਸੀ। ਉਸ ਦੇ ਮਾਪੇ ਤਾਂ ਕਾਫੀ ਸਮਾਂ ਪਹਿਲਾਂ ਹੀ ਮਰ ਚੁੱਕੇ ਸਨ ਅਤੇ ਉਹ ਆਪਣੀ ਦਾਦੀ ਕੋਲ ਰਹਿੰਦਾ ਸੀ। ਦਾਦੀ ਉਸ ਨੂੰ ਸਮਝਾਉਂਦੀ ਰਹਿੰਦੀ ਕਿ ਸ਼ਰਾਰਤਾਂ ਨਾ ਕਰਿਆ ਕਰ, ਜੇ ਤੈਨੂੰ ਕੁਝ ਹੋ ਗਿਆ, ਤਾਂ ਮੇਰੀ ਦੇਖਭਾਲ ਕੌਣ ਕਰੇਗਾ। ਤੂੰ ਹੀ ਤਾਂ ਮੇਰਾ ਇਕੋ ਇੱਕ ਸਹਾਰਾ ਹੈਂ। ਦਾਦੀ ਦੀ ਸਲਾਹ ਦਾ ਉਸ ਉਪਰ ਕੋਈ ਅਸਰ ਨਹੀਂ ਹੁੰਦਾ ਸੀ ਅਤੇ ਉਹ ਸਭ ਨਾਲੋਂ ਵੱਧ ਸ਼ੈਤਾਨੀਆਂ ਕਰਦਾ ਰਹਿੰਦਾ ਸੀ। ਜਦੋਂ ਉਸ ਨੇ ਲੱਕੜ ਦੇ ਵਿਚ ਕਿੱਲ ਦੇਖਿਆ, ਤਾਂ ਉਹ ਉਸ ਨੂੰ ਕੱਢਣ ਦਾ ਯਤਨ ਕਰਨ ਲੱਗਾ।

ਉਹ ਆਪਣੇ ਹੱਥਾਂ ਨਾਲ ਕਿੱਲ ਨੂੰ ਉਖਾੜਨ ਦਾ ਯਤਨ ਕਰ ਰਿਹਾ ਸੀ ਪਰ ਕਿੱਲ ਉਪਰ ਕੋਈ ਅਸਰ ਨਾ ਹੋਇਆ। ਪਰ ਉਸ ਨੇ ਮਨ ਵਿਚ ਇਹ ਫੈਸਲਾ ਕੀਤਾ ਕਿ ਮੈਂ ਇਹ ਕਿੱਲ ਉਖਾੜ ਕੇ ਹੀ ਹਟਾਂਗਾ। ਉਸ ਨੇ ਆਪਣੀਆਂ ਦੋਵੇਂ ਲੱਤਾਂ ਲੱਕੜ ਦੇ ਦੋਵੇ ਪਾਸੇ ਲਮਕਾ ਕੇ ਦੋਵਾਂ ਹੱਥਾਂ ਨਾਲ ਕਿੱਲ ਉਖਾੜਨ ਦਾ ਯਤਨ ਕਰਨ ਲੱਗਾ। ਇਸ ਤਰ੍ਹਾਂ ਕਰਦਿਆਂ ਉਸ ਦੀ ਪੂਛ ਲੱਕੜੀ ਦੇ ਵਿਚ ਚਲੀ ਗਈ। ਜਦੋਂ ਉਸ ਨੇ ਪੂਰਾ ਜ਼ੋਰ ਲਾਇਆ, ਤਾਂ ਕਿੱਲ ਤਾਂ ਨਿਕਲ ਗਈ ਪ੍ਰੰਤੂ ਉਸ ਦੀ ਪੂਛ ਲੱਕੜ ਵਿਚ ਫਸ ਗਈ ਅਤੇ ਦਰਦ ਕਰਨ ਲੱਗੀ। ਉਹ ਹੜਬੜਾ ਕੇ ਭੱਜਣ ਦਾ ਯਤਨ ਕਰਨ ਲੱਗਾ। ਇਸ ਕਿਰਿਆ ਨਾਲ ਉਸ ਦੀ ਪੂਛ ਟੁੱਟ ਕੇ ਲੱਕੜ ਵਿਚ ਹੀ ਰਹਿ ਗਈ ਅਤੇ ਉਹ ਭੱਜ ਕੇ ਨਾਲ ਦੇ ਰੁੱਖ 'ਤੇ ਬੈਠ ਰੋਣ ਲੱਗ ਪਿਆ। ਬਾਕੀ ਦੇ ਬੰਦਰ ਉਥੋਂ ਭੱਜ ਗਏ। ਜਦੋਂ ਮਿਸਤਰੀ ਨੇ ਬਾਂਦਰ ਦੀ ਚੀਕ ਸੁਣੀ, ਉਹ ਬਾਹਰ ਨਿਕਲਿਆ ਤੇ ਦੇਖਿਆ ਕਿ ਪੂਛ ਲੱਕੜ ਨਾਲ ਹੀ ਲਮਕ ਰਹੀ ਸੀ ਅਤੇ ਕਿੱਲ ਥੱਲੇ ਡਿਗਿਆ ਪਿਆ ਸੀ। ਉਸ ਨੂੰ ਸਾਰਾ ਕਿੱਸਾ ਸਮਝਦਿਆਂ ਦੇਰ ਨਾ ਲੱਗੀ। ਮਿਸਤਰੀ ਨੂੰ ਦੇਖ ਨੀਰੂ ਚੀਕਦਾ ਹੋਇਆ ਭੱਜ ਗਿਆ ਤੇ ਘਰ ਜਾ ਕੇ ਸਾਹ ਲਿਆ। ਘਰ ਜਦੋਂ ਦਾਦੀ ਨੇ ਬਿਨਾ ਪੂਛ ਉਸ ਨੂੰ ਡਿੱਠਾ ਤਾਂ ਉਹ ਵੀ ਹੈਰਾਨ ਹੋਈ ਕਿ ਇਹ ਕੀ ਕਰ ਆਇਆ ਹੈ। ਮਨਜੀਤ ਨੇ ਆਪਣੇ ਡੈੱਡ ਨੂੰ ਦੱਸਿਆ ਕਿ ਜਿਹੜਾ ਸ਼ੈਤਾਨੀਆਂ ਕਰਦਾ ਹੈ, ਉਸ ਦਾ ਤਾਂ ਇਹੋ ਜਿਹਾ ਹੀ ਹਾਲ ਹੁੰਦਾ ਹੈ। ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਵੱਡਿਆਂ ਦਾ ਕਹਿਣਾ ਮੰਨਣਾ ਚਾਹੀਦਾ ਹੈ।

ਉਧਰੋਂ ਕਹਾਣੀ ਖਤਮ ਹੋਈ ਤੇ ਮੀਂਹ ਵੀ ਬੰਦ ਹੋ ਗਿਆ। ਕਈ ਥਾਵਾਂ 'ਤੇ ਪਾਣੀ ਖੜ੍ਹਾ ਹੋ ਜਾਣ ਕਾਰਨ ਉਹ ਬਾਹਰ ਨਹੀਂ ਖੇਡ ਸਕਦੇ ਸਨ। ਇਸ ਲਈ ਸਾਰੇ ਆਪਣੇ-ਆਪਣੇ ਘਰ ਨੂੰ ਚਲੇ ਗਏ। ਮਨਜੀਤ ਤੇ ਸੁੱਖਾ ਮਾਮੀ ਕੋਲ ਬੈਠ ਕੁਝ ਖਾਣ ਲਈ ਮਿਲਣ ਦਾ ਇੰਤਜ਼ਾਰ ਕਰਨ ਲੱਗੇ, ਕਿਉਂ ਜੋ ਮਾਮੀ ਰਸੋਈ ਵਿਚ ਕਾਫੀ ਦੇਰ ਤੋਂ ਕੁਝ ਬਣਾਉਣ ਲਈ ਰੁਝੀ ਹੋਈ ਸੀ।

# ਰੇਡੀਓ, ਇਸ ਦੀ ਜਾਦੂਈ ਦੁਨੀਆਂ ਅਤੇ ਕੌਮਾਂਤਰੀ ਰੇਡੀਓ ਦਿਹਾੜਾ

-ਗਿਆਨੀ ਗੁਰਪ੍ਰੀਤ ਸਿੰਘ ਬਿਲਿੰਗ
ਮੋਬਾਇਲ : 75086-98066
ਪੰਜਾਬ ਮੇਲ USA



ਅੱਜ ਜਿਸ ਤਰ੍ਹਾਂ ਹਰ ਇਕ ਹੱਥ 'ਚ ਮੋਬਾਈਲ ਫ਼ੋਨ ਨਜ਼ਰ ਆ ਰਿਹਾ ਹੈ, ਠੀਕ ਉਸੇ ਤਰ੍ਹਾਂ ਇੱਕ ਸਮੇਂ ਹਰ ਘਰ 'ਚ ਇੱਕ ਰੇਡੀਓ ਸੈਟ ਜ਼ਰੂਰ ਹੁੰਦਾ ਸੀ। ਰੇਡੀਓ ਦੀ ਬਹੁਤੀ ਥਾਂ ਹੁਣ ਡਿਜ਼ੀਟਲ ਆਡੀਓ ਵੀਡੀਓ ਨੇ ਲੈ ਲਈ ਹੈ ਅਤੇ ਪਿਛਲੇ ਕੁੱਝ ਸਾਲਾਂ ਵਿਚ ਪੌਡਕਾਸਟਾਂ ਦੇ ਜ਼ਰੀਏ ਆਡੀਓ ਸਮੱਗਰੀ ਤੱਕ ਲਗਭਗ ਹਰ ਇਕ ਬੰਦੇ ਦੀ ਪਹੁੰਚ ਵਧੀ ਹੈ। ਰੇਡੀਓ ਦਾ ਇਕ ਅਹਿਮ ਕਿਰਦਾਰ ਦੁਨੀਆਂ ਨੂੰ ਆਪਸ 'ਚ ਜੋੜਣ ਦਾ ਹੈ। ਰੇਡੀਓ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਸਿੱਖਿਅਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੱਜ ਦੇ ਦੌਰ ਵਿਚ ਰੇਡੀਓ ਨੇ ਡਿਜ਼ੀਟਲ ਪ੍ਰਸਾਰਣ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ, ਜਿਵੇਂ **DAB+, DRM**, ਪਰ ਹੁਣ ਤਾਂ ਰੇਡੀਓ ਮੋਬਾਇਲ ਦੀਆਂ ਵੱਖੋ-ਵੱਖ ਐਪਾਂ ਰਾਹੀ ਦੇਸ਼-ਵਿਦੇਸ਼ 'ਚ ਬੈਠੇ ਵੀ ਸੁਣਿਆ ਜਾ ਸਕਦਾ ਹੈ। ਭਾਰਤ ਦੇ ਸਰਕਾਰੀ ਅਦਾਰੇ ਪ੍ਰਸਾਰ ਭਾਰਤੀ ਨੇ ਆਕਾਸ਼ਵਾਣੀ ਲਈ ਆਪਣੀ **NewsOnAIR** ਐਪ ਲਾਂਚ ਕੀਤੀ ਹੋਈ ਹੈ। ਬਾਕੀ ਦੁਨੀਆਂ ਭਰ 'ਚ ਰੇਡੀਓ ਚੈਨਲ ਸੁਣਨ ਵਾਲਿਆਂ ਵਿਚ **VRadio** ਐਪ, **GardenRadio** ਵੈੱਬਸਾਇਟ ਮਸ਼ਹੂਰ ਹੈ।

ਕੁੱਝ ਕੁ ਚਿਰ ਪਹਿਲਾਂ ਰੇਡੀਓ ਦੀ ਦੁਨੀਆਂ 'ਚ ਖਬਰਾਂ ਦੀ ਜਗ੍ਹਾ ਜ਼ਿਆਦਾ ਮਨੋਰੰਜਨ ਨੇ ਥਾਂ ਜ਼ਰੂਰ ਲੈ ਲਈ ਸੀ, ਪਰ ਪਿਛਲੇ ਕੁੱਝ ਸਾਲਾਂ ਵਿਚ ਆਡੀਓ ਪੌਡਕਾਸਟਾਂ ਦੇ ਜ਼ਰੀਏ ਕਾਫ਼ੀ ਗੰਭੀਰ ਸਮੱਗਰੀ ਵੀ ਨਜ਼ਰ ਆ ਰਹੀ ਹੈ।

ਜੇ ਗੱਲ ਰੇਡੀਓ ਦੇ ਜਨਮ ਦੀ ਕਰੀਏ, ਤਾਂ ਸਾਇੰਸਦਾਨ ਜੇਮਸ ਕਲਰਕ ਮੈਕਸਵੈੱਲ ਨੇ 1865 'ਚ ਸਿਧਾਂਤਕ ਅਤੇ ਗਣਿਤਿਕ ਰੂਪ ਵਿਚ ਭਵਿੱਖਬਾਣੀ ਕੀਤੀ ਸੀ ਕਿ ਇਲੈਕਟ੍ਰੋ ਮੈਗਨੈਟਿਕ ਰੈਡੀਏਸ਼ਨ (ਤਰੰਗਾਂ) ਬਿਨਾਂ ਤਾਰ ਤੋਂ ਇਕ ਤੋਂ ਦੂਜੇ ਥਾਂ ਤੱਕ ਪਹੁੰਚ ਸਕਦੀ ਹੈ। 1880 ਦੇ ਦੌਰ ਦੌਰਾਨ ਹੀ ਡੇਵਿਡ ਐਡਵਰਡ ਹਿਊਗਸ ਨੇ ਵੀ ਇਸੇ ਵਿਚਾਰ 'ਤੇ ਪ੍ਰਯੋਗ ਕੀਤੇ ਸਨ, ਪਰ 1887 ਵਿਚ ਹੇਨਰੀਕ ਰੂਡੋਲਫ ਹਰਟਜ਼ ਨੇ ਮੈਕਸਵੈੱਲ ਦੀ ਇਲੈਕਟ੍ਰੋ ਮੈਗਨੈਟਿਜ਼ਮ ਰੈਡੀਏਸ਼ਨ ਦੀ ਥਿਊਰੀ ਦੀ ਪੂਰੇ ਪ੍ਰਯੋਗ ਨਾਲ ਪੁਸ਼ਟੀ ਕੀਤੀ। ਕਈ ਸਾਲਾਂ ਤੱਕ ਇਤਾਲਵੀ ਖੋਜੀ ਗੁਗਲਿਲੇਮੋ ਮਾਰਕੋਨੀ ਨੇ ਏਅਰਬੋਰਨ ਹਾਰਟਜ਼ਿਅਨ ਵੇਵਜ਼ (ਰੇਡੀਓ ਪ੍ਰਸਾਰਣ) 'ਤੇ ਕਈ ਪ੍ਰਯੋਗ ਕੀਤੇ ਅਤੇ ਅਖੀਰ 1896 'ਚ ਕਾਮਯਾਬੀ ਨਾਲ ਬੇਤਾਰ ਟੈਲੀਗ੍ਰਾਫੀ ਸਿਸਟਮ ਬਣਾਇਆ। ਇਸ ਤਰ੍ਹਾਂ ਮਾਰਕੋਨੀ ਰੇਡੀਓ ਪ੍ਰਸਾਰਣ ਦਾ ਪਿਤਾਮਾ ਬਣ ਗਿਆ। ਇਥੇ ਇਹ ਵੀ ਦੱਸਣਯੋਗ ਹੈ ਕਿ ਭਾਰਤੀ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ ਨੇ ਵੀ ਰੇਡੀਓ ਤਰੰਗਾਂ 'ਤੇ ਬਹੁਤ ਕੰਮ ਕੀਤਾ ਸੀ।




ਇਸ ਵਕਤ ਦੁਨੀਆਂ 'ਚ ਲਗਭਗ 44000 ਤੋਂ ਵੱਧ ਰੇਡੀਓ ਚੈਨਲ ਹਨ, ਜੋ ਦੁਨੀਆਂ ਦੀ 70% ਆਬਾਦੀ ਨੂੰ ਕਵਰ ਕਰ ਰਹੇ ਹਨ। ਦੁਨੀਆਂ ਦਾ ਸਭ ਪਹਿਲਾ ਰੇਡੀਓ ਸ਼ਟੇਸ਼ਨ **KDKA** (ਪ੍ਰਾਇਵੇਟ) 2 ਨਵੰਬਰ 1920 ਵਿਚ ਅਮਰੀਕਾ ਦੇ ਸ਼ਹਿਰ ਪਿਟਸਬਰਗ ਵਿਚ ਸ਼ੁਰੂ ਹੋਇਆ ਸੀ। ਕਿਸੇ ਵੇਲੇ ਦੁਨੀਆਂ 'ਚ ਕੋਲੰਬਸ, ਓਹਾਇਓ (ਯੂ.ਐੱਸ.) ਸਥਿਤ **WLW 700KHz AM (500 KW Power)** ਪ੍ਰਾਇਵੇਟ ਰੇਡੀਓ ਚੈਨਲ ਐਨਾ ਸ਼ਕਤੀਸ਼ਾਲੀ ਸੀ, ਜੋ ਰਾਤ ਦੇ ਸਮੇਂ ਅੱਧੀ ਦੁਨੀਆਂ ਨੂੰ ਕਵਰ ਕਰਨ ਦੇ ਯੋਗ ਸੀ। ਅੱਜ ਤਾਂ ਹਰ ਰੇਡੀਓ ਚੈਨਲ ਐਪ ਰਾਹੀਂ ਸਾਰੀ ਦੁਨੀਆਂ ਕਵਰ ਕਰ ਰਿਹਾ ਹੈ।

ਜੇ ਭਾਰਤ ਦੀ ਬਾਤ ਪਾਈਏ, ਤਾਂ ਇਥੇ ਸਭ ਤੋਂ ਪਹਿਲਾਂ ਨਵੰਬਰ 1923 'ਚ ਦੋ ਪ੍ਰਾਈਵੇਟ ਕੰਪਨੀਆਂ ਬੰਬਈ ਰੇਡੀਓ ਕਲੱਬ ਅਤੇ ਕਲਕੱਤਾ ਰੇਡੀਓ ਕਲੱਬ ਵੱਲੋਂ ਬੰਬਈ ਅਤੇ ਕਲਕੱਤਾ ਵਿਚ ਰੇਡੀਓ ਪ੍ਰਸਾਰਣ ਕੀਤਾ ਗਿਆ, ਜਦੋਂਕਿ 23 ਜੁਲਾਈ 1927 ਤੋਂ ਇੰਡੀਅਨ ਬ੍ਰੌਡਕਾਸਟਿੰਗ ਕੰਪਨੀ (ਆਈ.ਬੀ.ਸੀ.) ਵਲੋਂ ਮੀਡੀਮਵੇਵ ਪ੍ਰਸਾਰਣ ਸ਼ੁਰੂ ਹੋਇਆ। ਜਿਸ ਨੂੰ 8 ਜੂਨ 1936 ਵਿਚ ਆਲ ਇੰਡੀਆ ਰੇਡੀਓ (ਏ.ਆਈ.ਆਰ.) ਦਾ ਨਾਂ ਦਿੱਤਾ ਗਿਆ। ਆਜ਼ਾਦੀ ਤੋਂ ਬਾਅਦ ਫਿਰ ਇਸ ਨੂੰ ਆਕਾਸ਼ਵਾਣੀ ਦਾ ਨਾਮ ਦਿੱਤਾ ਗਿਆ। 1947 ਦੀ ਭਾਰਤ-ਪਾਕਿ ਵੰਡ ਵੇਲੇ 9 ਰੇਡੀਓ ਸਟੇਸ਼ਨ ਸਨ, ਜਿਨ੍ਹਾਂ ਵਿਚੋਂ 3 ਪਾਕਿਸਤਾਨ ਵਿਚ ਅਤੇ 6 ਭਾਰਤ ਵਿਚ ਰਹਿ ਗਏ ਸਨ। ਭਾਰਤ ਵਿਚ 3 ਅਕਤੂਬਰ 1957 ਨੂੰ ਮਨੋਰੰਜਨ ਚੈਨਲ ਵਿਵਧ ਭਾਰਤੀ ਸੇਵਾ ਅਤੇ 23 ਜੁਲਾਈ 1977 ਨੂੰ ਐੱਫ.ਐੱਮ. ਬੈਂਡ ਰੇਡੀਓ ਚੈਨਲ ਦੀ ਸ਼ੁਰੂਆਤ ਹੋਈ ਸੀ।

ਹੁਣ ਗੱਲ ਕਰਦੇ ਹਾਂ 13 ਫ਼ਰਵਰੀ ਵਾਲੇ ਕੌਮਾਂਤਰੀ ਰੇਡੀਓ ਦਿਹਾੜੇ ਦੇ ਇਤਿਹਾਸ ਦੀ। 20ਵੀਂ ਸਦੀ ਦੌਰਾਨ 13 ਫ਼ਰਵਰੀ ਉਹ ਤਾਰੀਖ਼ ਸੀ, ਜਦੋਂ 1946 ਨੂੰ ਸੰਯੁਕਤ ਰਾਸ਼ਟਰ (ਯੂ.ਐੱਨ.) ਦਾ ਰੇਡੀਓ ਪ੍ਰਸਾਰਣ ਸ਼ੁਰੂ ਹੋਇਆ ਸੀ। ਇਸ ਦਿਨ ਲੋਕਲ ਰੇਡੀਓ (ਐੱਮ.ਡਬਲਯੂ.) ਅਤੇ ਅੰਤਰਰਾਸ਼ਟਰੀ ਪ੍ਰਸਾਰਣ ਸੇਵਾ (ਐੱਸ.ਡਬਲਯੂ.) ਦੀ ਸਥਾਪਨਾ ਕੀਤੀ ਗਈ ਸੀ। 21ਵੀਂ ਸਦੀ 'ਚ ਸਪੇਨ ਰੇਡੀਓ ਅਕੈਡਮੀ ਨੇ ਪਹਿਲੀ ਵਾਰ 2010 'ਚ ਰੇਡੀਓ ਦਿਹਾੜੇ ਦਾ ਪ੍ਰਸਤਾਵ ਪੇਸ਼ ਕੀਤਾ ਸੀ। 2011 'ਚ ਯੂਨੈਸਕੋ ਦੀ ਜਨਰਲ ਅਸੈਂਬਲੀ ਦੇ 36ਵੇਂ ਸੈਸ਼ਨ 'ਚ 13 ਫ਼ਰਵਰੀ ਨੂੰ ਕੌਮਾਂਤਰੀ ਰੇਡੀਓ ਦਿਵਸ ਵਜੋਂ ਘੋਸ਼ਿਤ ਕੀਤਾ ਗਿਆ ਅਤੇ ਪਹਿਲਾ ਰੇਡੀਓ ਦਿਹਾੜਾ ਰਸਮੀ ਤੌਰ 'ਤੇ ਸੰਯੁਕਤ ਰਾਸ਼ਟਰ ਵਲੋਂ 2012 'ਚ ਮਨਾਇਆ ਗਿਆ ਸੀ।

ਇਸ ਸਾਲ 2025 ਵਿਚ ਰੇਡੀਓ ਦਿਹਾੜੇ ਮੌਕੇ ਦਾ ਥੀਮ ਹੈ "ਰੇਡੀਓ ਐਂਡ ਕਲਾਈਮੇਟ ਚੇਂਜ" ਯਾਨੀ ਕਿ ਰੇਡੀਓ ਅਤੇ ਮੌਸਮੀ ਤਬਦੀਲੀਆਂ। ਰੇਡੀਓ ਦੀ ਸ਼ਕਤੀ ਲੋਕਾਂ ਨੂੰ ਮੌਸਮੀ ਤਬਦੀਲੀਆਂ ਪ੍ਰਤੀ ਜਾਗਰੂਕ ਕਰਕੇ ਇਸ ਚੁਣੌਤੀ 'ਤੇ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਰੇਡੀਓ ਮੌਸਮ ਤਬਦੀਲੀ ਉੱਤੇ ਪੱਕੀਆਂ (ਟਿਕਾਊ) ਕੋਸ਼ਿਸ਼ਾਂ ਕਰਨ ਤੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਲਈ ਇੱਕ ਉੱਤਮ ਪਲੇਟਫਾਰਮ ਹੈ। ਇਸ ਮੁੱਦੇ ਸਬੰਧੀ ਵੱਖੋ-ਵੱਖ ਦ੍ਰਿਸ਼ਟੀਕੋਣਾਂ ਅਤੇ ਜ਼ਮੀਨ ਪੱਧਰ 'ਤੇ ਹੋ ਰਹੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਦੇ ਕੇ ਇਸ ਵਿਸ਼ੇ 'ਤੇ ਉਤਸ਼ਾਹਿਤ ਕਰ ਸਕਦਾ ਹੈ।

ਰੇਡੀਓ ਸਰੋਤਾ ਅਸ਼ੋਕ ਕੁਮਾਰ, ਬਿਜੇਂਦਰ ਜੈਜਾਨ, ਰਵੀ ਕੁਮਾਰ ਰਾਹੁਲ, ਗਿਆਨ ਭੂਸ਼ਨ ਸ਼ਰਮਾ, ਸਤੀਸ਼ ਮਿਗਲਾਨੀ, ਗੁਰਪ੍ਰੀਤ ਸਿੰਘ ਬਿਲਿੰਗ, ਮੁਕੇਸ਼ ਬੱਤਾ ਦਾ ਮੰਨਣਾ ਹੈ ਕਿ ਰੇਡੀਓ ਇੱਕ ਅਜਿਹਾ ਦੋਸਤ ਹੈ, ਜੋ ਸਾਨੂੰ ਵਿਭਿਨਤਾਵਾਂ 'ਚ ਰਹਿੰਦਿਆਂ ਸਟੀਕ ਜਾਣਕਾਰੀ, ਮਨੋਰੰਜਨ, ਸਿੱਖਿਆ ਦਿੰਦਾ ਹੈ ਅਤੇ ਅਪਣੱਤ ਦਾ ਅਹਿਸਾਸ ਕਰਵਾਉਂਦਾ ਹੋਇਆ ਹਰ ਰੋਜ਼ ਸਾਡੀ ਸੰਗਤ ਕਰਦਾ ਹੈ ਅਤੇ ਸਭ ਨੂੰ ਆਪਸ 'ਚ ਜੁੜਨ ਦਾ ਮੌਕਾ ਵੀ ਦਿੰਦਾ ਹੈ।

ਹੁਣ ਵੀ ਰੇਡੀਓ ਦੀ ਪ੍ਰਸਿੱਧੀ ਲਗਾਤਾਰ ਵੱਧ ਰਹੀ ਹੈ। ਰੇਡੀਓ ਫਰੀ 'ਚ ਆਮ ਚਰਚਾਵਾਂ, ਗੀਤਾਂ, ਨਾਟਕਾਂ, ਕਹਾਣੀਆਂ, ਮੁਸ਼ਾਇਰੇ, ਕਵੀ ਦਰਬਾਰ ਆਦਿ ਮਨੋਰੰਜਕ ਪ੍ਰੋਗਰਾਮਾਂ ਦੇ ਨਾਲ-ਨਾਲ ਦੁਨੀਆਂ ਭਰ ਦੀਆਂ ਖ਼ਬਰਾਂ ਜਾਣਨ ਦਾ ਇਕ ਖੁੱਲ੍ਹਾ ਤੇ ਅਨੰਤ ਰਸਤਾ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਚੈਨਲ ਸਰਕਾਰੀ ਭਲਾਈ ਸਕੀਮਾਂ, ਜਨਤਕ ਮੁਹਿੰਮਾਂ, ਪਿੰਡ ਤੇ ਸ਼ਹਿਰ ਦੀ ਸਫਾਈ ਕਰਨ ਸਬੰਧੀ ਜਾਗਰੂਕ ਕਰਨ, ਟ੍ਰੈਫਿਕ ਕਾਨੂੰਨਾਂ ਦੀ ਜਾਣਕਾਰੀ ਦੇਣ ਵਰਗੀਆਂ ਵਿਸ਼ੇਸ਼ ਮੁਹਿੰਮਾਂ ਚਲਾਉਂਦੇ ਰਹਿੰਦੇ ਹਨ, ਜਿਸ ਕਾਰਨ ਦੇਸ਼ ਦੇ ਲੋਕ ਜਾਗਰੂਕ ਹੋ ਰਹੇ ਹਨ। ਕੁੱਲ ਮਿਲਾਕੇ ਰੇਡੀਓ ਦਾ ਮਤਲਬ ਹੈ ਜਾਣਕਾਰੀ, ਸੰਚਾਰ, ਸਿੱਖਿਆ ਅਤੇ ਮਨੋਰੰਜਨ ਦਾ ਭੰਡਾਰ।

# ਪੰਜਾਬੀ ਨੂੰ ਅਣਗੌਲਿਆਂ ਕਰ ਰਹੇ ਨੇ ਪੰਜਾਬੀ

## ਦਸਤਕ

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ
ਜ਼ਿਲ੍ਹਾ : ਹੁਸ਼ਿਆਰਪੁਰ 146105
98150-18947
ਪੰਜਾਬ ਮੇਲ USA





ਜੇਕਰ ਦੁਨੀਆਂ ਦੇ ਵੱਖ-ਵੱਖ ਕੋਨਿਆਂ ਵਿਚ ਸਾਡੀ ਹੋਂਦ ਕਾਇਮ ਹੈ, ਤਾਂ ਉਹ ਸਾਡੀ ਮਾਤ ਭਾਸ਼ਾ ਪੰਜਾਬੀ ਕਰਕੇ ਹੀ ਕਾਇਮ ਹੈ। ਜਦੋਂ ਅਸੀਂ ਆਪਣੇ ਇਤਿਹਾਸ ਦੇ ਝਾਤੀ ਮਾਰਦੇ ਹਾਂ, ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਮਾਂ ਬੋਲੀ ਨੂੰ ਰੁਤਬਾ ਦਿਵਾਉਣ ਵਾਸਤੇ ਗੁਰੂ ਸਾਹਿਬਾਨ, ਪੀਰਾਂ ਫਕੀਰਾਂ ਅਤੇ ਸਿੱਧ ਜੋਗੀਆਂ ਦੁਆਰਾ ਦਿੱਤਾ ਯੋਗਦਾਨ ਕਦੀ ਭੁਲਾਇਆ ਨਹੀਂ ਜਾ ਸਕਦਾ। ਵਿਦਵਾਨਾਂ ਅਨੁਸਾਰ ਇਸ ਭਾਸ਼ਾ ਦਾ ਰਿਸ਼ਤਾ ਸਭ ਤੋਂ ਪੁਰਾਣੇ ਵੇਦ ਰਿਗਵੇਦ ਨਾਲ ਵੀ ਜੁੜਦਾ ਹੈ। ਇਥੋਂ ਸਿੱਧ ਹੁੰਦਾ ਹੈ ਕਿ ਇਹ ਬੋਲੀ ਮਹਾਨ ਅਤੇ ਮਹਾਨ ਕੌਮ ਦੀ ਜਨਮਦਾਤੀ ਹੈ। ਸੱਤ ਅਤੇ ਨੌਂ ਸਾਲ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਸਿਰਫ ਦੀਨ ਇਮਾਨ ਵਾਸਤੇ ਨਹੀਂ ਸੀ, ਸਗੋਂ ਉਹ ਮਾਂ ਬੋਲੀ ਪੰਜਾਬੀ ਅਤੇ ਪੰਜਾਬੀ ਅਸਤਿਤਵ ਨੂੰ ਬਚਾਉਣ ਵਾਸਤੇ ਵੀ ਸੀ। ਕੀ ਅਸੀਂ ਉਨ੍ਹਾਂ ਦੀ ਕੁਰਬਾਨੀ ਨੂੰ ਭੁੱਲ ਸਕਦੇ ਹਾਂ? ਹਰਗਿਜ਼ ਨਹੀਂ। ਦੁਨੀਆਂ ਦੇ ਇਤਿਹਾਸ ਵਿਚ ਇਹੋ ਜਿਹੀਆਂ ਘਟਨਾਵਾਂ ਕਿਤੇ ਵੀ ਪੜ੍ਹਨ ਨੂੰ ਨਹੀਂ ਮਿਲਦੀਆਂ। ਜੇਕਰ ਪੰਜਾਬੀ ਅਜਿਹੀ ਅਮੀਰ ਵਿਰਾਸਤ ਦੇ ਮਾਲਕ ਹਨ, ਫਿਰ ਉਹ ਆਪਣੀ ਮਾਂ ਬੋਲੀ ਨੂੰ ਕਿਉਂ ਤ੍ਰਿਸਕਾਰ ਦਾ ਪਾਤਰ ਬਣਾ ਰਹੇ ਹਨ। ਅਜੋਕੇ ਸਮੇਂ ਵਿਚ ਇਹ ਮਸਲਾ ਗੰਭੀਰ ਤੋਂ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਅਸੀਂ ਆਮ ਤੌਰ 'ਤੇ ਗੱਲਾਂ ਕਰਦੇ ਹਾਂ ਕਿ ਸ਼ਹਿਰਾਂ ਵਿਚੋਂ ਪੰਜਾਬੀ ਗਾਇਬ ਹੋ ਗਈ ਹੈ ਪਰ ਹੁਣ ਤਾਂ ਇਸ ਦੀ ਹਾਲਤ ਪਿੰਡਾਂ ਵਿਚ ਵੀ ਤਰਸਯੋਗ ਬਣ ਰਹੀ ਹੈ।

ਦਿਹਾਤੀ ਭਾਰਤ ਵਿਚ ਸਿੱਖਿਆ ਦੀ ਸਥਿਤੀ ਸਬੰਧੀ ਏ.ਐੱਸ.ਈ.ਆਰ. ਵੱਲੋਂ ਜਾਰੀ ਕੀਤੀ ਰਿਪੋਰਟ ਵਿਚ ਪੰਜਾਬ ਦੇ ਪੇਂਡੂ ਸਕੂਲਾਂ ਵਿਚ ਵੀ ਪੰਜਾਬੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਜੋ ਬੜਾ ਚਿੰਤਾਜਨਕ ਹੈ। ਰਿਪੋਰਟ ਵਿਚ ਸਥਿਤੀ ਇਹ ਦਰਸਾਈ ਗਈ ਹੈ ਕਿ ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 40 ਫੀਸਦੀ ਬੱਚੇ ਪੰਜਾਬੀ ਦਾ ਇੱਕ ਪੈਰਾ ਪੜ੍ਹਨ ਦੇ ਯੋਗ ਨਹੀਂ ਹਨ। ਭਾਵੇਂ ਕਿ ਗਣਿਤ ਵਿਚ ਇਹ ਸਥਿਤੀ ਸਰਕਾਰੀ ਸਕੂਲਾਂ ਦੀ ਬਿਹਤਰ ਦਿਖਾਈ ਦਿੱਤੀ ਹੈ। ਹੈਰਾਨ ਕਰਨ ਵਾਲਾ ਖੁਲਾਸਾ ਇਹ ਵੀ ਹੋਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ 15 ਪ੍ਰਤੀਸ਼ਤ ਤੋਂ ਵੱਧ ਬੱਚੇ ਸਿਰਫ ਅੱਖਰ ਗਿਆਨ ਹੀ ਰੱਖਦੇ ਹਨ, ਜਦਕਿ ਉਨ੍ਹਾਂ ਨੂੰ ਸ਼ਬਦ ਦਾ ਕੋਈ ਗਿਆਨ ਨਹੀਂ ਹੈ। 4.6 ਫੀਸਦੀ ਬੱਚੇ ਤਾਂ ਅੱਖਰਾਂ ਦੀ ਪਛਾਣ ਵੀ ਨਹੀਂ ਕਰ ਸਕਦੇ। ਦਿਹਾਤੀ ਪੰਜਾਬ ਵਿਚ ਸਿੱਖਿਆ ਦੇ ਸਿੱਖਣ ਦੇ ਪੱਧਰ ਦੇ ਹੋਏ ਅਧਿਐਨ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਪੰਜਾਬ ਦੇ ਪੇਂਡੂ ਸਕੂਲਾਂ ਦੇ ਤੀਸਰੀ ਜਮਾਤ ਦੇ 28 ਫੀਸਦੀ ਬੱਚੇ ਸਿਰਫ ਪਹਿਲੀ ਜਮਾਤ ਦੇ ਪੁਸਤਕ ਪੜ੍ਹ ਸਕਦੇ ਹਨ। ਭਾਵੇਂ ਕਿ ਪੜ੍ਹਨ ਦੀ ਸਮਰੱਥਾ ਵਿਚ 3.4 ਫੀਸਦੀ ਦਾ ਸੁਧਾਰ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਵਿਚ ਲਗਭਗ ਇਕ ਫੀਸਦੀ ਦਾ ਨਿਘਾਰ ਦਰਜ ਕੀਤਾ ਗਿਆ ਹੈ। ਕੁੜੀਆਂ ਦੀ ਪੜ੍ਹਨ ਦੀ ਸਮਰੱਥਾ ਮੁੰਡਿਆਂ ਨਾਲੋਂ ਕਿਤੇ ਬਿਹਤਰ ਦਿਖਾਈ ਦਿੱਤੀ ਹੈ। 29.5 ਤੋਂ ਉਨ੍ਹਾਂ ਦੀ ਸਥਿਤੀ 31.9 ਤੱਕ ਬਿਹਤਰ ਹੋਈ ਹੈ। ਜਦਕਿ ਅੱਠਵੀਂ ਜਮਾਤ ਦੇ ਮੁੰਡਿਆਂ ਨੇ ਇਸ ਖੇਤਰ ਵਿਚ 2022 ਦੇ ਮੁਕਾਬਲੇ 81.2 ਫੀਸਦੀ ਤੋਂ 2024 ਵਿਚ ਘੱਟ ਕੇ 71% ਗਿਰਾਵਟ ਦਰਜ ਕਰਵਾਈ ਹੈ।

ਅਜਿਹੀ ਚਿੰਤਾਜਨਕ ਸਥਿਤੀ ਪੈਦਾ ਹੋਣ ਦੇ ਕਾਰਨਾਂ 'ਤੇ ਵੀ ਝਾਤੀ ਮਾਰਨ ਦੀ ਜ਼ਰੂਰਤ ਹੈ। ਪੰਜਾਬ ਦੇ 15 ਸਕੂਲਾਂ ਵਿਚ ਕੋਈ ਵਿਦਿਆਰਥੀ ਨਹੀਂ, ਜਦਕਿ 1992 ਸਕੂਲਾਂ ਵਿਚ ਸਿਰਫ ਇੱਕ-ਇੱਕ ਅਧਿਆਪਕ ਪੜ੍ਹਾਈ ਕਰਵਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿਚ 69,532 ਵਿਦਿਆਰਥੀ ਪੜ੍ਹ ਰਹੇ ਹਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇੱਕ-ਇੱਕ ਅਧਿਆਪਕ ਇਨ੍ਹਾਂ ਵਿਦਿਆਰਥੀਆਂ ਨਾਲ ਕਿਵੇਂ ਨਜਿੱਠਦਾ ਹੋਵੇਗਾ। ਸਕੂਲਾਂ ਵਿਚ ਵਿਦਿਆਰਥੀ ਅਧਿਆਪਕ ਦਾ ਅਨੁਪਾਤ ਤਰਕਸੰਗਤ ਨਾ ਹੋਣ ਕਰਕੇ ਵੀ ਸਾਡੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਇੱਕ ਹੋਰ ਰਿਪੋਰਟ ਅਨੁਸਾਰ 81 ਸਕੂਲ ਅਜਿਹੇ ਹਨ, ਜਿਨ੍ਹਾਂ ਵਿਚ 178 ਅਧਿਆਪਕ ਪੜ੍ਹਾ ਰਹੇ ਹਨ, ਜਦਕਿ ਵਿਦਿਆਰਥੀ ਇੱਕ ਵੀ ਨਹੀਂ ਹੈ। ਜਦੋਂ ਸਕੂਲ ਮੁਖੀਆਂ ਦੀ ਗੱਲ ਕਰਦੇ ਹਾਂ, ਤਾਂ ਪੰਜਾਬ ਦੇ 44 ਫੀਸਦੀ ਸਕੂਲ, ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ। ਇੱਕ ਪ੍ਰਿੰਸੀਪਲ ਕੋਲ ਪੰਜ-ਪੰਜ ਸਕੂਲਾਂ ਦਾ ਕਾਰਜਭਾਰ ਦਿੱਤਾ ਹੋਇਆ ਹੈ। ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਇੱਕ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਨੂੰ ਸਫ਼ਲਤਾ ਨਾਲ ਕਿਵੇਂ ਨਿਭਾ ਸਕਦਾ ਹੈ? ਬਰਨਾਲਾ ਜ਼ਿਲ੍ਹੇ ਦੇ 73 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਿਰਫ 13 ਪ੍ਰਿੰਸੀਪਲ ਮੌਜੂਦ ਹਨ। ਇਹੋ ਜਿਹਾ ਹਾਲ ਹੀ ਬਾਕੀ ਜ਼ਿਲ੍ਹਿਆਂ ਦਾ ਹੈ। ਜਦਕਿ ਮੋਹਾਲੀ ਜ਼ਿਲ੍ਹਾ 47 ਸਕੂਲਾਂ ਵਿਚੋਂ ਉੱਚ ਅਧਿਕਾਰੀਆਂ ਦੀਆਂ ਪ੍ਰਿੰਸੀਪਲ (38) ਪਤਨੀਆਂ ਨਾਲ ਭਰਿਆ ਪਿਆ ਹੈ।

ਇਹ ਵੀ ਦੇਖਣ ਵਿਚ ਆਇਆ ਹੈ ਕਿ ਪੰਜਾਬੀ ਪੜ੍ਹਾਉਣ ਵਾਲਿਆਂ ਦੀ ਖੁਦ ਪੰਜਾਬੀ ਵਿਚ ਰੁਚੀ ਨਹੀਂ ਹੁੰਦੀ। ਉਹ ਸਿਲੇਬਸ ਤੋਂ ਇਲਾਵਾ ਵਾਧੂ ਕਿਤਾਬਾਂ ਨੂੰ ਕਦੀ ਹੱਥ ਨਹੀਂ ਲਾਉਂਦੇ ਅਤੇ ਨਾ ਹੀ ਆਪਣੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿਚ ਜਾਣ ਲਈ ਪ੍ਰੇਰਿਤ ਕਰਦੇ ਹਨ। ਜੇਕਰ ਉਹ ਖੁਦ ਸਾਹਿਤ ਦੇ ਪ੍ਰੇਮੀ ਨਹੀਂ ਹਨ, ਤਾਂ ਉਹ ਆਪਣੇ ਬੱਚਿਆਂ ਨੂੰ ਇਸ ਖੇਤਰ ਵਿਚ ਸਰਗਰਮ ਕਿਵੇਂ ਕਰ ਸਕਦੇ ਹਨ। ਉਨ੍ਹਾਂ ਤਾਂ ਇੱਕੋ ਇੱਕ ਟੀਚਾ ਮਿਥਿਆ ਹੈ ਕਿ ਆਪਣੇ ਵਿਦਿਆਰਥੀਆਂ ਨੂੰ ਸਿਲੇਬਸ ਪੜ੍ਹ ਕੇ ਪਾਸ ਕਰਵਾਇਆ ਜਾਵੇ। ਪੰਜਾਬੀ ਭਾਸ਼ਾ ਨਾਲ ਉਨ੍ਹਾਂ ਦਾ ਪਿਆਰ, ਸਤਿਕਾਰ ਅਤੇ ਮੁਹੱਬਤ ਅਜੇ ਪੈਦਾ ਨਹੀਂ ਹੋਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਪੰਜਾਬੀ ਅਧਿਆਪਕਾਂ ਦਾ ਯੋਗਦਾਨ ਸਭ ਤੋਂ ਉੱਤਮ ਹੋ ਸਕਦਾ ਹੈ। ਜੇਕਰ ਉਹ ਇਸ ਦੀ ਅਣਦੇਖੀ ਕਰਦੇ ਹਨ, ਤਾਂ ਮਾਤ ਭਾਸ਼ਾ ਦਾ ਅੱਲਾ ਬੇਲੀ ਹੈ।

ਦਿਹਾਤੀ ਇਲਾਕਿਆਂ ਵਿਚ ਵਸਦੀਆਂ ਨੌਜਵਾਨ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਅੰਗਰੇਜ਼ੀ ਵਿਚ ਗੱਲ ਕਰਨ ਨੂੰ ਤਰਜੀਹ ਦੇ ਰਹੀਆਂ ਹਨ, ਜਦੋਂ ਵਿਦਿਆਰਥੀ ਸਕੂਲਾਂ ਵਿਚੋਂ ਪੜ੍ਹ ਕੇ ਘਰ ਪੁੱਜਦੇ ਹਨ, ਤਾਂ ਉਨ੍ਹਾਂ ਨਾਲ ਉਹ ਆਪਣੀ ਮਾਤ ਭਾਸ਼ਾ ਵਿਚ ਗੱਲ ਕਰਨ ਵਿਚ ਹੇਠੀ ਸਮਝਦੀਆਂ ਹਨ। ਸਾਡੇ ਘਰ ਜਾਂ ਖੇਤਾਂ ਵਿਚ ਆਇਆ ਪ੍ਰਵਾਸੀ ਸਾਨੂੰ ਆਪਣੀ ਭਾਸ਼ਾ ਸਿਖਾ ਦਿੰਦਾ ਹੈ, ਜਦਕਿ ਅਸੀਂ ਘਰ ਦੇ ਪੰਜ ਸੱਤ ਜੀਅ ਉਸ ਇੱਕ ਨੂੰ ਆਪਣੀ ਪੰਜਾਬੀ ਭਾਸ਼ਾ ਸਿਖਾਉਣ ਤੋਂ ਅਸਮਰੱਥ ਹਾਂ। ਇੱਥੋਂ ਇਹ ਸਿੱਧ ਹੋ ਰਿਹਾ ਹੈ ਕਿ ਸਾਡੀ ਮਾਤ ਭਾਸ਼ਾ ਪਿੰਡਾਂ ਵਿਚੋਂ ਵੀ ਗਾਇਬ ਹੋ ਰਹੀ ਹੈ। ਇਨ੍ਹਾਂ ਅਹਿਮ ਮਸਲਿਆਂ ਨੂੰ ਸਾਡੀਆਂ ਸਰਕਾਰਾਂ ਅਤੇ ਸਾਹਿਤਕਾਰਾਂ ਦੁਆਰਾ ਸਿਰ ਜੋੜ ਵਿਚਾਰਨ ਦੀ ਲੋੜ ਹੈ। ਅਸੀਂ ਸਟੇਜਾਂ 'ਤੇ ਖੜ੍ਹ ਕੇ ਸਾਰੇ ਡੀਂਗਾਂ ਮਾਰ ਰਹੇ ਹਾਂ, ਜਦਕਿ ਅਸਲੀਅਤ ਤੋਂ ਕੋਹਾਂ ਦੂਰ ਬੈਠੇ ਹਾਂ। ਅਸੀਂ ਪੰਜਾਬੀ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਗੁਰਮੁਖੀ ਲਿਪੀ ਵਿਚ ਹੋਈ ਹੋਈ ਹੈ। ਇਸ ਕਰਕੇ ਮਾਤ ਭਾਸ਼ਾ ਨੂੰ ਕੋਈ ਖਤਰਾ ਨਹੀਂ, ਜਦਕਿ ਸਥਿਤੀ ਇਹ ਹੈ ਕਿ ਦੁਨੀਆਂ ਵਿਚ ਵੱਸਦੇ 15 ਕਰੋੜ ਪੰਜਾਬੀ ਸਹਿਜੇ-ਸਹਿਜੇ ਆਪਣੀ ਮਾਤ ਭਾਸ਼ਾ ਨਾਲੋਂ ਟੁੱਟ ਰਹੇ ਹਨ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਦਾ ਝੋਰਾ ਖਾ ਰਿਹਾ ਹੈ, ਜਦਕਿ ਪੰਜਾਬ ਵਿਚ ਵਸਦੇ ਪੰਜਾਬੀ ਇਸ ਦੀ ਕੋਈ ਪਰਵਾਹ ਨਹੀਂ ਕਰ ਰਹੇ। ਪਿੰਡਾਂ ਵਿਚ ਲਾਇਬ੍ਰੇਰੀਆਂ ਦਾ ਖੁੱਲ੍ਹਣਾ ਤਾਂ ਦੂਰ ਦੀ ਗੱਲ ਇੱਥੇ ਤਾਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿਚ ਵੀ ਜਾਣ ਦੀ ਕੋਈ ਜਹਿਮਤ ਨਹੀਂ ਲੈ ਰਿਹਾ।

ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲਾਈਬ੍ਰੇਰੀ ਦੀ ਅਸਾਮੀ ਪ੍ਰਵਾਨਿਤ ਹੋਣ ਦੇ ਬਾਵਜੂਦ 772 ਅਸਾਮੀਆਂ ਖਾਲੀ ਪਈਆਂ ਹਨ। ਟਾਈਮ ਟੇਬਲ ਵਿਚ ਲਾਈਬ੍ਰੇਰੀ ਦਾ ਪੀਰੀਅਡ ਨਾ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਦੀ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ। ਜਦਕਿ 16.67 ਕਰੋੜ ਦੀ ਸਾਲਾਨਾ ਗਰਾਂਟ ਪੁਸਤਕਾਂ ਖਰੀਦਣ ਵਾਸਤੇ ਸਕੂਲਾਂ ਨੂੰ ਦਿੱਤੀ ਜਾਂਦੀ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 2023-24 ਦੀ ਜਾਰੀ ਕੀਤੀ ਰਿਪੋਰਟ ਅਨੁਸਾਰ ਗੋਆ ਦੇ 1487 ਸਕੂਲਾਂ ਵਿਚ ਪ੍ਰਤੀ ਸਕੂਲ 3364 ਕਿਤਾਬਾਂ ਮੌਜੂਦ ਹਨ। ਪੰਜਾਬ ਵਿਚ ਕੁੱਲ 27404 ਸਕੂਲ ਮੌਜੂਦ ਹਨ। ਜਿਨ੍ਹਾਂ ਵਿਚੋਂ 19,242 ਸਰਕਾਰੀ ਸਕੂਲ ਹਨ। ਪੰਜਾਬ ਦੇ ਪ੍ਰਤੀ ਸਕੂਲ ਇਸ ਵੇਲੇ 1654 ਕਿਤਾਬਾਂ ਹਨ। ਪੰਜਾਬ ਦੇ ਸਕੂਲਾਂ ਵਿਚ ਇੰਨਾ ਕੁਝ ਮੌਜੂਦ ਹੋਣ ਦੇ ਬਾਵਜੂਦ ਪੰਜਾਬੀ ਨੂੰ ਅਣਗੌਲਿਆਂ ਕਿਉਂ ਕੀਤਾ ਜਾ ਰਿਹਾ ਹੈ? ਇਹ ਗੱਲ ਸਮਝ ਤੋਂ ਬਾਹਰ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਆਪੋ ਆਪਣਾ ਯੋਗਦਾਨ ਪਾਈਏ। ਜੇਕਰ ਸਾਡੀ ਭਾਸ਼ਾ ਨਾ ਰਹੀ ਤਾਂ ਸਾਡੀ ਹੋਂਦ ਵੀ ਕਾਇਮ ਨਹੀਂ ਰਹਿ ਸਕੇਗੀ। ਜਿਸ ਪੰਜਾਬੀ ਕੌਮ 'ਤੇ ਅਸੀਂ ਮਾਣ ਕਰਦੇ ਹਾਂ, ਉਹ ਕੌਮ ਪੰਜਾਬੀ ਭਾਸ਼ਾ ਨਾਲ ਹੀ ਆਪਣੇ ਅਸਤਿਤਵ ਵਿਚ ਹੈ। ਲੋੜ ਹੈ ਮਾਤ ਭਾਸ਼ਾ ਨੂੰ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਬਣਾਉਣ ਦੀ। ਜਦੋਂ ਇਹ ਭਾਸ਼ਾ ਇਨ੍ਹਾਂ ਖੇਤਰਾਂ ਵਿਚ ਪ੍ਰਚਲਿਤ ਹੋ ਗਈ, ਤਾਂ ਹਰ ਪੰਜਾਬੀ ਮਾਣ ਤੇ ਸਤਿਕਾਰ ਨਾਲ ਇਸ ਭਾਸ਼ਾ ਨੂੰ ਪੂਰੀ ਨੀਝ ਨਾਲ ਪੜ੍ਹੇਗਾ ਅਤੇ ਵਰਤੋਂ ਵਿਚ ਵੀ ਲਿਆਵੇਗਾ।

# ਜੁਗਨੀ ਲੋਕ ਗਥਾਵਾਂ ਗਾਉਣ ਵਾਲੀ ਲੋਕ ਗਾਇਕਾ ਗੁਰਮੀਤ ਬਾਵਾ

## 18 ਫ਼ਰਵਰੀ ਜਨਮਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : +91-99141-84794
ਪੰਜਾਬ ਮੇਲ USA





ਜੇਕਰ ਲੰਬੀ ਹੇਕ ਵਾਲੀ ਗਾਇਕਾ ਦੀ ਗੱਲ ਕਰੀਏ, ਤਾਂ ਗੁਰਮੀਤ ਬਾਵਾ ਦਾ ਨਾਮ ਮੂਹਰੇ ਆ ਜਾਂਦਾ ਹੈ, ਜਿਸ ਦਾ ਜਨਮ 18 ਫ਼ਰਵਰੀ 1944 ਨੂੰ ਸ. ਉੱਤਮ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਪੱਕਾ ਪਿੰਡ ਕੋਠਾ (ਅਲੀਵਾਲ), ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਇਹ ਤਿੰਨ ਭੈਣਾਂ ਅਤੇ ਇਕ ਭਰਾ ਸਨ। ਗੁਰਮੀਤ ਬਾਵਾ ਹਜੇ ਛੋਟੀ ਉਮਰ ਵਿਚ ਹੀ ਸੀ, ਜਦ ਇਸ ਦੀ ਮਾਤਾ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ ਸੀ। ਇਸ ਦਾ ਪਾਲਣ-ਪੋਸ਼ਣ ਵੱਡੀਆਂ ਭੈਣਾਂ ਦੇ ਸਹਿਯੋਗ ਨਾਲ ਹੋਇਆ। ਗੁਰਮੀਤ ਬਾਵਾ ਦੱਸਿਆ ਕਰਦੀ ਸੀ ਕਿ ਮੈਂ ਵੱਡੀਆਂ ਭੈਣਾਂ ਦੇ ਸਹਿਯੋਗ ਨਾਲ ਵਿੱਦਿਆ ਹਾਸਲ ਕੀਤੀ। ਉਸ ਟਾਇਮ ਕੁੜੀਆਂ ਨੂੰ ਘਰ ਤੋਂ ਬਾਹਰ ਪੜ੍ਹਨ ਨਹੀਂ ਭੇਜਿਆ ਜਾਂਦਾ ਸੀ। ਮੈਂ ਤਿੰਨਾਂ ਪਿੰਡਾਂ ਵਿਚੋਂ ਪਹਿਲੀ ਕੁੜੀ ਸੀ, ਜੋ ਦਸ ਜਮਾਤਾਂ ਪਾਸ ਕਰਨ ਤੋਂ ਬਾਅਦ ਜੇ.ਬੀ.ਟੀ. ਕਰਕੇ ਅਧਿਆਪਕ ਲੱਗ ਗਈ। ਇਸ ਕੰਮ ਵਿਚ ਮੇਰੇ ਪਿਤਾ ਦਾ ਬਹੁਤ ਵੱਡਾ ਸਹਿਯੋਗ ਸੀ।

5 ਜੂਨ, 1968 ਨੂੰ ਇਸ ਦੀ ਸ਼ਾਦੀ ਕਿਰਪਾਲ ਸਿੰਘ ਬਾਵਾ ਨਾਲ ਹੋਈ, ਜੋ ਡੇਰਾ ਬਾਬਾ ਨਾਨਕ ਦਾ ਰਹਿਣ ਵਾਲੇ ਬੇਦੀ ਪਰਿਵਾਰ ਵਿਚੋਂ ਸੀ। ਇਕ ਵਾਰ ਗੁਰਮੀਤ ਬਾਵਾ ਅਤੇ ਕਿਰਪਾਲ ਬਾਵਾ, ਗੁਰਮੀਤ ਬਾਵਾ ਦੇ ਪਿੰਡ ਉਸ ਦੇ ਪਿਤਾ ਕੋਲ ਬੈਠੇ ਸਨ। ਪਿਤਾ ਨੇ ਕਿਰਪਾਲ ਸਿੰਘ ਨੂੰ ਕਿਹਾ, ਬਾਵਾ ਗਾ ਕੇ ਸੁਣਾਓ, ਬਸ ਉਸ ਦਿਨ ਤੋਂ ਹੀ ਇਸ ਪਰਿਵਾਰ ਦਾ ਨਾਮ ਬਾਵਾ ਪੈ ਗਿਆ ਅਤੇ ਇਸ ਨੇ ਆਪਣੇ ਨਾਮ ਨਾਲੋਂ ਬੇਦੀ ਸ਼ਬਦ ਹਟਾ ਲਿਆ। ਕਿਰਪਾਲ ਬਾਵਾ, ਗੁਰਮੀਤ ਬਾਵਾ ਨਾਲ ਵਿਆਹ ਕਰਵਾਉਣ ਤੋਂ ਬਾਅਦ ਅੰਮ੍ਰਿਤਸਰ ਰਹਿਣ ਲੱਗ ਪਿਆ। ਹੁਣ ਇਸ ਪਰਿਵਾਰ ਦਾ ਘਰ ਫੇਅਰਲੈਂਡ ਕਲੋਨੀ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ। ਕਿਰਪਾਲ ਬਾਵਾ ਐੱਮ.ਏ. ਬੀ.ਐਡ ਅਧਿਆਪਕ ਸੀ। ਉਹ ਵੀ ਗਾਇਕ ਹੋਣ ਕਰਕੇ ਦੋਵੇਂ ਨੌਕਰੀ ਤਿਆਗ ਕੇ ਗਾਇਕੀ ਵੱਲ ਹੋ ਤੁਰੇ। ਗੁਰਮੀਤ ਬਾਵਾ ਦੇ ਗਾਇਕੀ ਖੇਤਰ ਵਿਚ ਉਸਤਾਦ ਕਿਰਪਾਲ ਬਾਵਾ ਸਨ। ਇਨ੍ਹਾਂ ਨੇ ਡਿਊਟ ਗੀਤ ਵੀ ਗਾਏ ਪਰ ਗੁਰਮੀਤ ਬਾਵਾ ਨੇ ਪੰਜਾਬੀ ਸੱਭਿਆਚਾਰ ਦੀ ਰੱਜ ਕੇ ਸੇਵਾ ਕੀਤੀ।

ਇਨ੍ਹਾਂ ਦੇ ਘਰ ਤਿੰਨ ਧੀਆਂ ਲਾਚੀ ਬਾਵਾ, ਗਲੋਰੀ ਬਾਵਾ ਅਤੇ ਸਿਮਰਤ ਬਾਵਾ ਨੇ ਜਨਮ ਲਿਆ। ਇਨ੍ਹਾਂ ਨੇ ਆਪਣੇ ਫਰਜ਼ ਪੂਰੇ ਕਰਦਿਆਂ ਬੱਚਿਆਂ ਨੂੰ ਵਧੀਆ ਸਿੱਖਿਆ ਹਾਸਲ ਕਰਵਾਈ। ਗੁਰਮੀਤ ਬਾਵਾ ਆਪਣੇ ਦਿਲ ਵਿਚ ਆਪਣੀ ਧੀ ਲਾਚੀ ਬਾਵਾ ਦਾ ਦਰਦ ਸਮੋਈ ਬੈਠੀ ਸੀ, ਜਿਸ ਦਾ ਇਕ ਨਾਮੁਰਾਦ ਬਿਮਾਰੀ ਨਾਲ ਦਿਹਾਂਤ ਹੋ ਗਿਆ ਸੀ। ਲਾਚੀ ਬਾਵਾ ਵਧੀਆ ਗਾਇਕਾ ਸੀ।

ਜਦ ਜਲੰਧਰ ਦੂਰਦਰਸ਼ਨ ਸ਼ੁਰੂ ਹੋਇਆ, ਤਾਂ ਉੱਥੇ ਸਭ ਤੋਂ ਪਹਿਲਾਂ ਗੁਰਮੀਤ ਬਾਵਾ ਨੇ ਗੀਤ ਗਾਇਆ। ਦਿੱਲੀ ਦੂਰਦਰਸ਼ਨ 'ਤੇ ਵੀ ਕਲਾਕਾਰ ਵਜੋਂ ਗੁਰਮੀਤ ਬਾਵਾ ਦੀ ਚੋਣ ਹੋਈ। ਗੁਰਮੀਤ ਬਾਵਾ ਜੁਗਨੀ, ਸੁਹਾਗ ਘੋੜੀਆਂ, ਸਿਠਣੀਆ, ਲੋਕ ਗਥਾਵਾਂ ਆਦਿ ਗਾਉਣ ਕਰਕੇ ਦੇਸ਼-ਵਿਦੇਸ਼ ਵਿਚ ਜਾਣੀ ਜਾਂਦੀ ਸੀ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਬਾਅਦ ਫੌਜ ਕੋਲ ਫੌਜੀਆਂ ਦੇ ਮਨੋਰੰਜਨ ਲਈ ਕੋਈ ਕਲਾਕਾਰ ਨਹੀਂ ਸੀ। ਇਸ ਕਰਕੇ ਸਰਕਾਰ ਨੇ ਵੱਖ-ਵੱਖ ਕਲਾਕਾਰਾਂ ਦੀ ਚੋਣ ਕੀਤੀ। ਇਨ੍ਹਾਂ ਵਿਚ ਗੁਰਮੀਤ ਬਾਵਾ ਦਾ ਨਾਮ ਮੁੱਖ ਸੀ। ਗੁਰਮੀਤ ਬਾਵਾ ਨੇ ਪੰਜ-ਛੇ ਫ਼ਿਲਮਾਂ ਵਿਚ ਗੀਤ ਗਾਏ। ਸਭ ਤੋਂ ਪਹਿਲਾਂ ਇਸ ਨੇ ਸਰਪੰਚ ਫ਼ਿਲਮ ਵਿਚ ਗੀਤ ਗਾਇਆ। ਗੁਰਮੀਤ ਬਾਵਾ ਦੀ ਗਾਇਕੀ ਦੇ ਸੰਗੀਤ ਵਿਚ ਹਰਮੋਨੀਅਮ, ਅਲਗੋਜੇ, ਚਿਮਟਾ, ਢੋਲਕੀ, ਘੜਾ ਆਦਿ ਵਰਤੇ ਜਾਂਦੇ ਸਨ।

ਗੁਰਮੀਤ ਬਾਵਾ 45 ਸੈਕਿੰਡ ਦੀ ਹੇਕ ਲਾ ਲੈਂਦੀ, ਜੋ ਇਕ ਰਿਕਾਰਡ ਸੀ। ਇਸ ਦਾ ਸਭ ਤੋਂ ਪਹਿਲਾ ਗੀਤ ਤਵੇ 'ਤੇ ਰਿਕਾਰਡ ਹੋ ਕੇ ਆਇਆ 'ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾ ਕੌਣ ਕਰੇ'। ਇਸ ਤਵੇ ਦੀ ਤੇਰਾਂ ਹਜ਼ਾਰ ਰਿਕਾਰਡਤੋੜ ਵਿੱਕਰੀ ਹੋਈ। ਗੁਰਮੀਤ ਬਾਵਾ ਨੇ ਗਾਇਕੀ ਦੇ ਦਮ 'ਤੇ ਲਗਭਗ 25 ਮੁਲਕਾਂ ਦੇ ਟੂਰ ਲਾਏ। ਸਭ ਤੋਂ ਪਹਿਲਾ ਟੂਰ ਰਸ਼ੀਆ ਦਾ ਸੀ। ਗੁਰਮੀਤ ਬਾਵਾ ਨੇ ਆਪਣੀ ਗਾਇਕੀ ਕਰਕੇ ਬਹੁਤ ਐਵਾਰਡ ਪ੍ਰਾਪਤ ਕੀਤੇ। ਬਾਵਾ ਨੂੰ 1991 ਵਿਚ ਪੰਜਾਬ ਸਰਕਾਰ ਦੁਆਰਾ ਰਾਜ ਪੁਰਸਕਾਰ, ਪੰਜਾਬ ਨਾਟਕ ਅਕਾਦਮੀ ਦੁਆਰਾ ਸੰਗੀਤ ਪੁਰਸਕਾਰ, 2002 ਵਿਚ ਮੱਧ ਪ੍ਰਦੇਸ਼ ਸਰਕਾਰ ਦੁਆਰਾ ਰਾਸ਼ਟਰੀ ਦੇਵੀ ਅਹਿਲਿਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2008 ਵਿਚ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਸਰਕਾਰ ਵਲੋਂ ਇਸ ਨੂੰ ਸ਼੍ਰੋਮਣੀ ਗਾਇਕਾ ਐਵਾਰਡ ਨਾਲ ਸਨਮਾਨਿਆ ਗਿਆ। ਭਾਰਤੀ ਸੰਗੀਤ ਨਾਟਕ ਐਕਦਮੀ ਵਲੋਂ ਰਸ਼ਟਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜਾਬ ਕਲਾ ਪ੍ਰੀਸ਼ਦ ਵਲੋਂ ਪੰਜਾਬ ਗੌਰਵ ਪੁਰਸਕਾਰ ਮਿਲਿਆ। ਗੁਰਮੀਤ ਬਾਵਾ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਪੁਰਸਕਾਰ 'ਪਦਮ ਭੂਸ਼ਣ' ਨਾਲ ਨਿਵਾਜ਼ਿਆ ਗਿਆ।

2019 ਵਿਚ ਗੁਰਮੀਤ ਬਾਵਾ ਨੂੰ ਨਿਊਜ਼ੀਲੈਂਡ ਦੀ ਪਾਰਲੀਮੈਂਟ 'ਚ ਪੰਜਾਬੀ ਸਪੋਟਸ ਐਂਡ ਕਲਚਰ ਕਲੱਬ ਵਲੋਂ ਸਨਮਾਨ ਮਿਲਿਆ।

ਗੁਰਮੀਤ ਬਾਵਾ ਨੇ 55 ਸਾਲ ਗਾਇਕੀ ਦੇ ਖੇਤਰ ਵਿਚ ਸਰੋਤਿਆਂ ਦੀ ਰੱਜ ਕੇ ਸੇਵਾ ਕੀਤੀ। 77 ਸਾਲ ਦੀ ਉਮਰ ਭੋਗ ਕੇ 21 ਨਵੰਬਰ 2021 ਦਿਨ ਐਤਵਾਰ ਨੂੰ ਪਰਿਵਾਰ, ਰਿਸ਼ਤੇਦਾਰ ਅਤੇ ਚਾਹੁੰਣ ਵਾਲੇ ਸਰੋਤਿਆਂ ਨੂੰ ਅਲਵਿਦਾ ਆਖ ਗਈ। ਹਰ ਸਟੇਜ 'ਤੇ ਜੁਗਨੀ ਲੰਬੀ ਹੇਕ ਨਾਲ ਗਾਉਣ ਵਾਲੀ ਗੁਰਮੀਤ ਬਾਵਾ:-

"ਆਈ ਜਵਾਨੀ ਹਰ ਕੋਈ ਵਹਿੰਦਾ ਜਾਂਦੀ ਕਿਸੇ ਨਾ ਡਿੱਠੀ
ਕੀ ਮੁਨਿਆਦ ਹੈ ਬੰਦਿਆ ਤੇਰੀ ਆਖਰ ਹੋਣਾ ਮਿੱਟੀ"

ਇਹ ਤੁਕਾਂ ਸੱਚ ਕਰ ਗਈ। ਉਸ ਦੀ ਗਾਇਕੀ ਦਾ ਸੱਭਿਆਚਾਰਕ ਕੀਮਤੀ ਖ਼ਜ਼ਾਨਾ ਸਾਡੇ ਕੋਲ ਹੈ, ਜਿਸ ਨੂੰ ਸੁਣ ਕੇ ਮਨ ਨੂੰ ਸਕੂਨ ਮਿਲਦਾ ਹੈ।

# "ਡਿਪੋਰਟੇਸ਼ਨ : ਇਹ ਸਾਡੇ ਧੀਆਂ-ਪੁੱਤਰ ਹਨ, ਪ੍ਰਗਰਿਹੀ ਪ੍ਰਾਣੀ ਨਹੀਂ"

ਪ੍ਰੋ. ਜਸਵੰਤ ਸਿੰਘ ਗੰਡਮ
ਫਗਵਾੜਾ
98766-55055
ਪੰਜਾਬ ਮੇਲ USA



ਅਮਰੀਕਾ ਦਾ ਦੂਜੀ ਵਾਰ ਰਾਸ਼ਟਰਪਤੀ ਬਣਿਆ ਡੋਨਾਲਡ ਟਰੰਪ ਭੂਸਰ ਕੇ ਬੁਰਛਾਗਰਦੀ ਕਰ ਰਿਹੈ। 104 ਭਾਰਤੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿਚ ਨੂੜ ਕੇ ਇੱਕ ਸਮਾਨ ਢੋਣ ਵਾਲੇ ਫੌਜੀ ਹਵਾਈ ਜਹਾਜ਼ ਵਿਚ ਤੂੜ ਕੇ 5 ਫਰਵਰੀ ਨੂੰ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ ਉੱਪਰ ਛਡ ਕੇ ਜਾਣਾ ਇਸ ਦੀ ਉਦਾਹਰਨ ਹੈ।

ਗੱਲ ਇਹ ਨਹੀਂ ਕਿ ਭਾਰਤੀ ਡਿਪੋਰਟ ਕਿਉਂ ਕੀਤੇ ਗਏ, ਗੱਲ ਉਸ ਜ਼ਲੀਲ ਕਰਨ ਵਾਲੇ ਨਮੋਸ਼ੀਜਨਕ ਢੰਗ ਦੀ ਹੈ, ਜੋ ਇਹ ਕਾਰਵਾਈ ਕਰਨ ਲਈ ਅਪਣਾਇਆ ਗਿਆ।

ਪਰ ਇਹ ਸਾਡੇ ਧੀਆਂ-ਪੁੱਤਰ ਹਨ, ਕੋਈ ਪ੍ਰਗਰਿਹੀ ਪ੍ਰਾਣੀ ਨਹੀਂ ਤੇ ਨਾ ਹੀ ਅਪਰਾਧੀ। ਪਰ ਬੜਾ ਦੁੱਖ ਹੋਇਆ ਜਦ ਦੇਖਿਆ ਕਿ "ਮਾਂ ਧਰਤੀਏ ਤੇਰੇ ਧੀਆਂ-ਪੁੱਤਰ, 'ਉੱਤਰੇ' ਵਾਂਗ ਬੇਗਾਨਿਆਂ ਦੇ / ਹੱਥਕੜੀਆਂ ਤੇ ਪੈਰੀਂ ਬੇੜੀਆਂ, ਕੰਨੀ ਸ਼ੋਰ ਨੇ ਤਾਨਿਆਂ ਦੇ/ ਗਾਨਿਆਂ ਦੀ ਉਮਰੇ ਹੱਥਕੜੀਆਂ, ਝਾਂਜਰਾਂ ਬਰੇਸੇ ਪੈਰੀਂ ਬੇੜੀਆਂ ਪਰਾਇਆਂ ਹੱਥੋਂ ਖੱਜਲ-ਖੁਆਰੀ/ਆਪਣਿਆਂ ਦੇ ਬੋਲ ਬੇਗਾਨਿਆਂ ਦੇ"!

ਇਹ ਮੰਨਿਆ ਕਿ ਅਮਰੀਕਾ ਨੂੰ ਹੱਕ ਹੈ ਕਿ ਉਹ ਗੈਰ-ਕਾਨੂੰਨੀ ਢੰਗ ਨਾਲ ਉਸ ਦੇਸ਼ ਵਿਚ ਰਹਿ ਰਹੇ ਜਾਂ ਘੁਸ ਰਹੇ ਲੋਕਾਂ ਨੂੰ ਵਾਪਸ ਭੇਜ ਸਕੇ। ਸਗੋਂ ਇਹ ਹੱਕ ਹਰ ਮੁਲਕ ਨੂੰ ਹੈ। ਪਰ ਹਾਲਾਤ ਦੇ ਮਾਰੇ, ਫਰਜ਼ੀ ਏਜੰਟਾਂ ਦੇ ਲੁੱਟੇ, ਡੰਕੀ-ਰੂਟਾਂ 'ਚ ਜੰਗਲੀ ਮਾਫੀਆ ਦੁਆਰਾ ਲੁੱਟੇ-ਕੁੱਟੇ, ਅੱਧ-ਭੁੱਖੇ, ਮੀਲਾਂਬੱਧੀ ਜੰਗਲੀ ਰਾਹਾਂ 'ਤੇ 4-4 ਦਿਨ ਪੈਦਲ ਤੁਰ-ਤੁਰ ਅਮਰੀਕਾ ਅਪੜੇ ਲੋਕ, ਜੋ ਨਾ ਤਾਂ ਮੁਜਰਮ ਹਨ ਤੇ ਨਾ ਹੀ ਮਾੜੇ, ਨੂੰ ਪਹਿਲਾਂ 'ਡਿਟੈਸ਼ਨ ਸੈਂਟਰਾਂ' ਵਿਚ ਕੈਦ ਕਰਕੇ ਅਤੇ ਫਿਰ ਜਾਨਵਰਾਂ ਵਾਂਗ ਨੂੜ ਕੇ, 40 ਘੰਟੇ ਦੀ ਲੰਮੀ ਉਡਾਨ ਦੌਰਾਨ ਸੀਟਾਂ ਤੋਂ ਹਿਲਣ ਵੀ ਨਾ ਦੇ ਕੇ, ਬਾਥਰੂਮ ਜਾਣ ਲੱਗਿਆਂ ਵੀ ਹੱਥਕੜੀਆਂ ਅਤੇ ਬੇੜੀਆਂ ਨਾ ਖੋਲ੍ਹਣ ਦੇਣ ਅਤੇ ਮਾੜਾ-ਮੋਟਾ ਮਿਲਦਾ ਖਾਣਾ ਵੀ ਬੰਨ੍ਹੇ ਹੱਥੀਂ ਹੀ ਖਾਣ ਲਈ ਮਜਬੂਰ ਕਰਨਾ ਇਕ ਅਤਿਅੰਤ ਅਣਮਨੁੱਖੀ ਵਰਤਾਰਾ ਤਾਂ ਹੈ ਹੀ, ਬਲਕਿ ਇਹ ਮਾਨਵੀ ਅਧਿਕਾਰਾਂ ਦੀ ਘੋਰ ਉਲੰਘਣਾ ਵੀ ਹੈ।

ਇਹ ਉਲੰਘਣਾ ਹੋਰ ਵੀ ਵਧੇਰੇ ਦੁਖਦਾਈ ਬਣ ਜਾਂਦੀ ਹੈ ਕਿਉਂਕਿ ਅਮਰੀਕਾ ਆਪਣੇ ਆਪ ਨੂੰ ਮਾਨਵੀ ਅਧਿਕਾਰਾਂ ਦਾ ਰਾਖਾ ਸਮਝਦੈ ਅਤੇ ਆਪਣੇ 'ਸਟੈਚੂ ਆਫ ਲਿਬਰਟੀ' ਉਪਰ ਬੜਾ ਨਾਜ਼ ਕਰਦੈ। ਅਮਰੀਕਾ ਦੇ ਇਸ ਅਣਮਨੁੱਖੀ ਵਰਤਾਰੇ ਕਾਰਨ ਇਸ 'ਸਟੈਚੂ' ਦੀ ਉੱਚੀ ਉੱਠੀ ਬਾਂਹ ਵੀ ਜ਼ਰੂਰ ਸ਼ਰਮਸਾਰ ਹੋਈ ਹੋਵੇਗੀ।

ਮੁਸ਼ਕਾਂ 'ਚ ਬੱਝੇ ਘਿਸਰ ਘਿਸਰ, ਪੈਰ ਘਸੀਟ-ਘਸੀਟ ਅਮਰੀਕੀ ਫੌਜੀ ਜਹਾਜ਼ ਵਲ ਸਿਰਕਦੇ ਮਰਦ-ਔਰਤਾਂ ਦੀਆਂ ਟੀ.ਵੀ. ਚੈਨਲਾਂ ਉੱਪਰ ਵਾਰ-ਵਾਰ ਫਲ਼ੈਸ਼ ਕੀਤੀਆਂ ਜਾ ਰਹੀਆਂ ਤਸਵੀਰਾਂ ਦੇਖ ਕੇ ਦਿਲ ਵਲੂੰਧਰੇ ਜਾਂਦੇ ਹਨ। ਸਾਡੇ ਆਪਣੇ ਹੀ ਧੀਆਂ-ਪੁੱਤਰਾਂ ਨਾਲ 'ਪ੍ਰਗਰਿਹੀ ਪ੍ਰਾਣੀਆਂ' (ਏਲੀਅਨਜ਼) ਵਾਲਾ ਸਲੂਕ ਰੂਹ ਕੰਬਾ ਦਿੰਦੈ! (ਅਮਰੀਕੀ ਬਾਰਡਰ ਪੈਟਰੋਲ ਨੇ ਉਨ੍ਹਾਂ ਲਈ 'ਏਲੀਅਨਜ਼' ਸ਼ਬਦ ਦਾ ਹੀ ਪ੍ਰਯੋਗ ਕੀਤਾ ਹੈ ਅਤੇ ਸਾਡੀ ਕੇਂਦਰੀ ਸਰਕਾਰ ਨੇ ਵੀ ਅਮਰੀਕਾ ਦੀ ਇਸ ਅਮਾਨਵੀ ਨੀਤੀ ਦੀ ਵਕਾਲਤ ਜਿਹੀ ਹੀ ਕੀਤੀ ਹੈ)।

ਅਮਰੀਕਾ ਨੇ ਜਾਣਬੁੱਝ ਕੇ ਦਿਉ-ਕੱਦ ਫੌਜੀ ਜਹਾਜ਼ ਭੇਜਿਆ। ਕਮਰਸ਼ਲ ਉਡਾਨ ਜਾਂ ਚਾਰਟਡ ਫਲਾਈਟ ਸਸਤੀ ਪੈਣ ਦੇ ਬਾਵਜੂਦ ਵੀ ਉਸ ਨੇ ਮਹਿੰਗਾ ਪੈਣ ਵਾਲਾ ਫੌਜੀ ਜਹਾਜ਼ ਭੇਜਿਆ। ਭਲਾ ਕਿਉਂ? ਆਪਣਾ ਸ਼ਕਤੀ-ਪ੍ਰਦਰਸ਼ਨ ਕਰਨ ਲਈ। ਆਪਣੀ ਤਾਕਤ ਦਰਸਾਉਣ ਲਈ। ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲਿਆਂ ਅੰਦਰ ਦਹਿਸ਼ਤ ਪੈਦਾ ਕਰਨ ਲਈ, ਉਨ੍ਹਾਂ ਨੂੰ ਸਬਕ ਸਿਖਾਉਣ ਲਈ। ਇਹ ਇਸ ਲਈ ਵੀ ਕੀਤਾ ਗਿਆ ਕਿਉਂਕਿ ਡੋਨਾਲਡ ਟਰੰਪ ਆਪਣੇ ਵੋਟਰਾਂ ਅਤੇ ਸਪੋਰਟਰਾਂ ਨੂੰ ਵੀ ਇਹ ਦਰਸਾਉਣਾ ਚਾਹੁੰਦਾ ਸੀ ਕਿ ਜਿਸ ਮੁੱਦੇ ਉਪਰ ਉਸ ਨੇ ਚੋਣ ਲੜੀ ਸੀ, ਉਹ ਉਸ ਨੂੰ ਪੂਰਾ ਕਰਨ ਲਈ ਕਿੰਨਾ ਗੰਭੀਰ ਹੈ (ਇਹ ਮੁੱਦਾ ਗੈਰ-ਕਾਨੂੰਨੀ ਪਰਵਾਸ ਨੂੰ ਠੱਲ੍ਹ ਪਾਉਣ ਦਾ ਸੀ)। ਕਿਹਾ ਜਾ ਰਿਹੈ ਕਿ ਕੁੱਲ 18000 ਹੋਰ ਭਾਰਤੀ ਵਾਪਸ ਭੇਜੇ ਜਾਣੇ ਹਨ।

ਹੁਣ ਭਾਰਤੀ ਵਿਦੇਸ਼ ਸਕੱਤਰ ਦੇ ਬਿਆਨ ਅਨੁਸਾਰ ਅਮਰੀਕਾ ਨੇ 487 ਹੋਰ ਡਿਪੋਰਟ ਕੀਤੇ ਜਾਣ ਵਾਲੇ ਭਾਰਤੀਆਂ ਦੀ ਸੂਚੀ ਤਿਆਰ ਕੀਤੀ ਹੈ। ਇਸ 'ਚੋਂ 298 ਭਾਰਤੀਆਂ ਦੀ ਡਿਟੇਲ ਵੀ ਸਾਂਝੀ ਕੀਤੀ ਹੈ।

ਵੈਸੇ ਅਮਰੀਕਾ ਵਿਚ ਕਰੀਬ ਸਵਾ ਸੱਤ ਲੱਖ ਗੈਰ-ਕਾਨੂੰਨੀ ਜਾਂ ਬਿਨ-ਕਾਗਜ਼-ਪੱਤਰੇ ਭਾਰਤੀ ਰਹਿ ਰਹੇ ਹਨ। ਇਹ ਗਿਣਤੀ ਸੈਂਟਰਲ ਅਮਰੀਕੀ ਦੇਸ਼ਾਂ ਐਲ ਸੈਲਵਾਡੋਰ ਅਤੇ ਗੁਆਟੇਮਾਲਾ ਵਰਗਿਆਂ ਦੇ ਬਰਾਬਰ ਹੈ। ਉਂਝ ਅਮਰੀਕਾ ਵਿਚ ਦੁਨੀਆਂ ਭਰ ਤੋਂ ਕਾਗਜ਼ਾਤ ਤੋਂ ਬਿਨਾਂ ਜਾਂ ਗੈਰ-ਕਾਨੂੰਨੀ ਢੰਗ ਨਾਲ ਰਹਿਣ ਵਾਲਿਆਂ ਦੀ ਕੁੱਲ ਸੰਖਿਆ ਇੱਕ ਕਰੋੜ ਦੇ ਕਰੀਬ ਹੈ!

ਟਰੰਪ ਨੇ ਆਪਣੇ ਮਨਸੂਬੇ 20 ਜਨਵਰੀ ਨੂੰ ਅਹੁਦਾ ਸੰਭਾਲਣ ਉਪਰੰਤ ਹੀ ਸਪੱਸ਼ਟ ਕਰ ਦਿੱਤੇ ਸਨ। ਉਸ ਨੇ ਤੁਰੰਤ ਆਪਣੀ ਫੌਜ ਦੇ ਦਸਤੇ ਮੈਕਸੀਕੋ ਦੇ ਬਾਰਡਰ ਉਪਰ ਤਇਨਾਤ ਕਰ ਦਿਤੇ ਸਨ ਕਿਉਂਕਿ ਮੈਕਸੀਕੋ ਰਾਹੀਂ ਹੀ ਡੰਕੀ-ਰੂਟ ਦੁਆਰਾ ਵਧੇਰੇ ਗੈਰ-ਕਾਨੂੰਨੀ ਲੋਕਾਂ ਦਾ ਅਮਰੀਕਾ ਵਿਚ ਪ੍ਰਵੇਸ਼ ਹੁੰਦਾ ਹੈ। ਧੜਾਧੜ ਫੜੋ-ਫੜੀ ਹੋਣ ਲੱਗ ਪਈ, ਕੈਂਪਾਂ ਵਿਚ ਸੁਨਹਿਰੇ ਭਵਿਖ ਦੇ ਸੁਪਨੇ ਕੈਦ ਹੋਣ ਲੱਗ ਪਏ, 104 ਜਣਿਆਂ ਦੇ ਸੁਪਨੇ ਤਾਂ ਚਕਨਾਚੂਰ ਹੋ ਕੇ ਹੰਝੂਆਂ 'ਚ ਰਲ ਗਏ (ਜਾਂ ਰੁਲ ਗਏ)।

ਸਵਾਲ ਇਹ ਪੈਦਾ ਹੁੰਦੈ ਕਿ ਟਰੰਪ ਤਾਂ ਸਾਡੇ ਪ੍ਰਧਾਨ ਸੇਵਕ ਦਾ ਲੰਗੋਟੀਆ ਯਾਰ ਹੈ। ਦੋਸਤੀ ਨਿਭਾਉਣ ਲਈ ਇਹ ਤਾਂ ਕਰ ਹੀ ਸਕਦਾ ਸੀ ਕਿ ਉਹ ਭਾਰਤ ਦੀ ਸਰਕਾਰ ਨੂੰ ਕਹਿੰਦਾ ਕਿ ਆਪਣਾ ਜਹਾਜ਼ ਭੇਜ ਕੇ ਆਪਣੇ ਬੰਦੇ ਲੈ ਜਾਉ। ਉਸ ਨੇ ਅਜਿਹਾ ਨਹੀਂ ਕੀਤਾ। ਹੋਰ ਤਾਂ ਹੋਰ, ਉਸ ਨੇ ਤਾਂ ਇਹ ਅਪਮਾਨਜਨਕ ਕਾਰਵਾਈ ਕਰਨ ਲਈ ਇੱਕ ਹਫਤਾ ਉਡੀਕਣਾ ਵੀ ਮੁਨਾਸਬ ਨਹੀਂ ਸਮਝਿਆ ਕਿ ਚਲੋ ਉਸ ਦਾ 'ਪਰਮ-ਮਿੱਤਰ' 12-13 ਫਰਵਰੀ ਨੂੰ ਅਮਰੀਕਾ ਆ ਹੀ ਰਿਹੈ, ਉਸ ਨਾਲ ਬਗਲਗੀਰ ਹੋਣ ਮਗਰੋਂ ਇਹ ਮਸਲਾ ਚਰਚਾ ਉਪਰੰਤ ਕਾਰਵਾਈ ਅਧੀਨ ਲਿਆਂਦਾ ਜਾਵੇਗਾ। ਯਾਰੋ, 'ਅਬ ਕੀ ਬਾਰ, ਟਰੰਪ ਸਰਕਾਰ', 'ਨਮਸਤੇ ਟਰੰਪ' ਦੇ ਜੈ ਘੋਸ਼ ਲਗਾਉਣ ਵਾਲੇ ਅਤੇ ਅਹਿਮਦਾਬਾਦ ਵਿਚ ਹਜ਼ਾਰਾਂ ਦੇ ਇਕੱਠ ਵਿਚ ਟਰੰਪ ਦੇ ਗੁਣਗਾਣ ਕਰਨ ਵਾਲੇ 'ਯਾਰ-ਬੇਲੀ' ਲਈ ਐਨਾ ਕੁ ਕਰਨਾ ਤਾਂ ਬਣਦਾ ਸੀ। ਪਰ ਅਜਿਹਾ ਨਾ ਕਰਕੇ ਟਰੰਪ ਵਲੋਂ ਦੋਸਤੀ ਦੇ ਇਸ ਹੀਜ-ਪਿਆਜ ਜਾਂ ਕੱਚ-ਸੱਚ ਨੂੰ ਜੱਗ-ਜ਼ਾਹਿਰ ਕਰ ਦਿੱਤਾ ਗਿਆ।

ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਜਹਾਜ਼ ਅੰਮ੍ਰਿਤਸਰ ਉਤਾਰਿਆ ਗਿਆ, ਤਾਂ ਕਿ ਪੰਜਾਬ ਬਦਨਾਮ ਹੋਵੇ ਅਤੇ ਸਾਰੇ ਮਸਲੇ ਦਾ ਫੋਕਸ ਸਾਡੇ ਪ੍ਰਾਂਤ ਉਪਰ ਹੀ ਰਹੇ। ਵਰਨਾ 33-33 ਬੰਦੇ ਤਾਂ ਗੁਜਰਾਤ ਅਤੇ ਹਰਿਆਣੇ ਦੇ ਸੀ, ਪੰਜਾਬ ਦੇ ਤਾਂ 30 ਹੀ ਸਨ। ਜਹਾਜ਼ ਗੁਜਰਾਤ ਜਾਂ ਹਰਿਆਣੇ ਕਿਉਂ ਨਹੀਂ ਉਤਾਰਿਆ ਗਿਆ? ਚਲੋ, ਪ੍ਰਾਂਤਾਂ ਨੂੰ ਛੱਡੋ, ਅਸੂਲਨ ਜਹਾਜ਼ ਮੁਲਕ ਦੀ ਰਾਜਧਾਨੀ ਦਿੱਲੀ ਉਤਰਨਾ ਚਾਹੀਦਾ ਸੀ। ਉਥੋਂ ਇਹ ਲੋਕ ਆਪੋ ਆਪਣੇ ਪ੍ਰਾਂਤ ਭੇਜੇ ਜਾਂਦੇ।

ਪਰ ਅਜਿਹਾ ਨਹੀਂ ਕੀਤਾ ਗਿਆ ਕਿਉਂਕਿ ਦਿੱਲੀ ਵਿਚ ਕੌਮਾਂਤਰੀ ਮੀਡੀਆ ਹੋਣ ਕਾਰਨ ਵਿਸ਼ਵ ਭਰ ਵਿਚ ਰੌਲਾ ਪੈ ਜਾਣਾ ਸੀ। ਪਰ ਰੌਲਾ ਪੈਣੋਂ ਤਾਂ ਫਿਰ ਵੀ ਨਹੀਂ ਰੁਕਿਆ। ਸੰਸਦ ਦਾ ਬਜਟ ਸੈਸ਼ਨ ਚੱਲ ਰਿਹਾ ਹੋਣ ਕਾਰਨ ਵਿਰੋਧੀ ਧਿਰ ਨੇ ਇਸ ਮੁੱਦੇ ਨੂੰ ਬਹੁਤ ਉਭਾਰਿਆ। ਕਈ ਵਿਰੋਧੀ ਸਾਂਸਦਾਂ ਨੇ ਹੱਥ-ਕੜੀਆਂ ਪਾ ਕੇ ਸੰਸਦ ਬਾਹਰ ਰੋਸ ਪ੍ਰਗਟਾਇਆ (ਅੱਜ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਰੋਸ-ਮੁਜ਼ਾਹਰੇ ਕੀਤੇ ਗਏ)। ਸ਼ੋਰ-ਸ਼ਰਾਬੇ ਕਾਰਨ ਸੰਸਦ ਦੀ ਕਾਰਵਾਈ ਰੋਕਣੀ ਪਈ। ਵਿਦੇਸ਼ ਮੰਤਰੀ ਨੂੰ ਬਿਆਨ ਦੇਣਾ ਪਿਆ। ਪ੍ਰਧਾਨ ਮੰਤਰੀ ਨਾਲ ਮਿਲਣ ਉਪਰੰਤ ਦਿੱਤੇ ਇਸ ਬਿਆਨ ਵਿਚ ਅਮਰੀਕਾ ਦੀ ਨੀਤੀ ਨੂੰ ਜਾਇਜ਼ ਹੀ ਠਹਿਰਾਇਆ ਗਿਆ। 2009 ਤੋਂ ਲੈ ਕੇ 5 ਫਰਵਰੀ 2025 ਤੱਕ ਡਿਪੋਰਟ ਹੋਏ ਲੋਕਾਂ ਦੀ ਸਾਲਾਨਾ ਗਿਣਤੀ ਦੱਸੀ ਗਈ। ਉਨ੍ਹਾਂ ਅਨੁਸਾਰ ਇਸ ਸਮੇਂ ਦੌਰਾਨ 15,668 ਗੈਰ ਕਾਨੂੰਨੀ ਭਾਰਤੀਆਂ ਦੀ ਵਾਪਸੀ ਹੋ ਚੁੱਕੀ ਹੈ।

2009 ਸੰਨ ਇਸ ਲਈ ਚੁਣਿਆ ਗਿਆ, ਤਾਂ ਕਿ ਇਹ ਦੱਸਿਆ ਜਾ ਸਕੇ ਕਿ ਇਹ ਵਰਤਾਰਾ ਮੋਦੀ ਸਰਕਾਰ ਬਨਣ ਤੋਂ ਪਹਿਲਾਂ ਦਾ ਹੈ ਅਤੇ ਟਰੰਪ ਤੋਂ ਇਲਾਵਾ ਬਾਕੀ ਅਮਰੀਕੀ ਰਾਸ਼ਟਰਪਤੀਆਂ ਵੇਲੇ ਵੀ ਹੁੰਦਾ ਰਿਹਾ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਬਾਰੇ ਨਿਯਮਾਂ ਵਿਚ 2012 ਨੂੰ ਹੋਈਆਂ ਤਬਦੀਲੀਆਂ ਦਾ ਜ਼ਿਕਰ ਵੀ ਕੀਤਾ ਗਿਆ, ਜਿਸ ਤਹਿਤ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿਣ ਵਾਲਿਆਂ ਪ੍ਰਤੀ ਸਖਤ ਰੁਖ ਅਪਣਾਇਆ ਗਿਆ। ਵਿਦੇਸ਼ ਮੰਤਰੀ ਨੇ ਕੁਝ ਪਿੜ ਪਲੇ ਨਹੀਂ ਪਾਇਆ। ਮਲਵੀਂ ਜ਼ੁਬਾਨੇ ਐਨਾ ਕੁ ਜ਼ਰੂਰ ਕਿਹਾ ਕਿ ਉਹ ਇਸ ਸਬੰਧੀ ਸਬੰਧਤ ਧਿਰ ਨਾਲ ਸੰਪਰਕ ਸਾਧਣਗੇ ਕਿ ਗੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨਾਲ ਦੁਰਵਿਹਾਰ ਨਾ ਕੀਤਾ ਜਾਵੇ।

ਭਲਾ ਕੋਈ ਵਿਦੇਸ਼ ਮੰਤਰੀ ਤੋਂ ਪੁੱਛੇ ਕਿ ਉਹ ਪਿਛਲੇ 4 ਮਹੀਨਿਆਂ ਵਿਚ 3 ਵਾਰ ਅਮਰੀਕਾ ਜਾ ਆਏ ਹਨ ਤੇ ਉਨ੍ਹਾਂ ਦਾ ਆਖਰੀ ਦੌਰਾ ਜਨਵਰੀ 'ਚ ਸੀ। ਕੀ ਅਮਰੀਕਾ ਨੇ ਉਨ੍ਹਾਂ ਨੂੰ ਇਨ੍ਹਾਂ 104 ਭਾਰਤੀਆਂ ਦੀ ਡਿਪੋਰਟੇਸ਼ਨ ਬਾਰੇ ਦੱਸਿਆ ਸੀ? ਜਾਂ ਉਹ ਇਸ ਬਾਰੇ ਜਾਣਦੇ ਸਨ?

ਬਸ ਜੈਸ਼ੰਕਰ ਜੀ ਤਾਂ ਇਹ ਗੋਗਾ ਹੀ ਗਾਈ ਜਾ ਰਹੇ ਹਨ ਕਿ ਟਰੰਪ ਦੇ ਅਹੁਦਾ ਸੰਭਾਲਣ ਦੇ ਇਕ ਮਹੀਨੇ ਦੇ ਅੰਦਰ ਸਾਡੇ ਮੋਦੀ ਜੀ ਦੁਨੀਆਂ ਦੇ ਪਹਿਲੇ 3 ਨੇਤਾਵਾਂ 'ਚੋਂ ਇੱਕ ਹੋਣਗੇ, ਜੋ ਟਰੰਪ ਨੂੰ ਮਿਲਣਗੇ (ਪਹਿਲੇ ਦੋ 'ਚ ਇਜ਼ਰਾਈਲ ਦੇ ਨੇਤਨਯਾਹੂ ਤੇ ਜਾਪਾਨ ਦੇ ਈਸ਼ਬਾ ਸ਼ਾਮਲ ਹਨ)।

ਪਹਿਲਾਂ ਤਾਂ ਕਿਸੇ ਨੇ ਵੀ ਆਉਣ ਵਾਲੇ ਔਰਤਾਂ, ਮਰਦਾਂ, ਬੱਚਿਆਂ ਦੀ ਮਦਦ ਕਰਨ ਦੀ ਗੱਲ ਨਹੀਂ ਕੀਤੀ। 35-40 ਤੋਂ 60-65 ਲੱਖ ਰੁਪਿਆ (ਇਕ ਕੇਸ ਵਿਚ ਤਾਂ ਕਰੋੜ ਤੋਂ ਵੀ ਵਧੇਰੇ) ਫਰਜ਼ੀ ਏਜੰਟਾਂ ਤੋਂ ਠਗਾ ਕੇ ਮੰਦੇਹਾਲ ਘਰੀਂ ਪੁੱਜੇ ਲੋਕਾਂ ਦੇ ਪੁਨਰ-ਵਸੇਬੇ ਬਾਰੇ ਕਿਸੇ ਨੇ ਇਕ ਬੋਲ ਨਹੀਂ ਬੋਲਿਆ। ਹਾਂ, ਸਾਡੇ ਪ੍ਰਾਂਤ ਦੇ ਪ੍ਰਵਾਸੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਉਣ ਵਾਲਿਆਂ ਨੂੰ ਹੱਲਾਸ਼ੇਰੀ ਜ਼ਰੂਰ ਦਿੱਤੀ, ਉਨ੍ਹਾਂ ਦਾ ਹੌਂਸਲਾ ਵੀ ਵਧਾਇਆ ਅਤੇ ਢਾਰਸ ਵੀ ਬੰਧਾਈ। ਠੱਗ-ਏਜੰਟਾਂ ਵਿਰੁੱਧ ਕਾਰਵਾਈ ਦਾ ਭਰੋਸਾ ਵੀ ਦਿੱਤਾ, ਕਾਰਵਾਈ ਸ਼ੁਰੂ ਵੀ ਹੋ ਗਈ ਹੈ, ਅੰਮ੍ਰਿਤਸਰ ਵਿਚ ਇਕ ਟਰੈਵਲ ਏਜੰਟ ਵਿਰੁੱਧ ਕੇਸ ਦਰਜ ਹੋਣ ਉਪਰੰਤ ਉਸ ਦਾ ਦਫਤਰ ਸੀਲ ਕੀਤਾ ਗਿਐ। ਪਰ ਧਾਲੀਵਾਲ ਨੇ ਜਲਦ ਹੋਣ ਵਾਲੀ ਕੈਬਨਿਟ ਮੀਟਿੰਗ ਵਿਚ ਮੁੱਖ ਮੰਤਰੀ ਨਾਲ ਵਾਪਸ ਪਰਤੇ ਪੰਜਾਬੀਆਂ ਦੇ ਮੁੜ ਵਸੇਬੇ ਬਾਰੇ ਗੱਲ ਕਰਨ ਦੀ ਗੱਲ ਕਹੀ ਹੈ। ਪੰਜਾਬ ਦੇ ਪੁਲਿਸ ਮੁਖੀ ਨੇ ਵੀ ਮਨੁੱਖੀ ਤਸਕਰੀ ਨੂੰ ਰੋਕਣ ਸਬੰਧੀ ਇਕ ਚਾਰ-ਮੈਂਬਰੀ 'ਸਿਟ' ਦਾ ਗਠਨ ਕੀਤਾ।

ਇਕ ਗੱਲ ਨੇ ਬੜਾ ਹੈਰਾਨ ਕੀਤਾ। ਚਲੋ, ਪੰਜਾਬੀਆਂ ਦੇ ਤਾਂ ਪਰਵਾਸ ਹੱਡਾਂ ਵਿਚ ਰਚਿਐ, ਪੰਜਾਬ ਦੀ ਆਰਥਿਕਤਾ ਵੀ ਡਾਂਵਾਂਡੋਲ ਹੈ ਪਰ ਗੁਜਰਾਤ ਅਤੇ ਹਰਿਆਣੇ ਨੂੰ ਕੀ ਮਾਰ ਵਗ ਗਈ ਕਿ ਉਹ ਗੈਰ-ਕਾਨੂੰਨੀ ਪਰਵਾਸ 'ਚ ਪੰਜਾਬ ਨੂੰ ਵੀ ਮਾਤ ਪਾ ਗਏ! ਗੁਜਰਾਤ ਵਿਚ ਤਾਂ ਸਾਢੇ ਬਾਰ੍ਹਾਂ ਸਾਲ ਤੱਕ ਮੋਦੀ ਜੀ ਆਪ ਮੁੱਖ ਮੰਤਰੀ ਰਹੇ ਅਤੇ ਬਾਅਦ ਵਿਚ ਵੀ ਉਥੇ ਭਾਜਪਾ ਦੀ ਹੀ ਸਰਕਾਰ ਹੈ। ਮੋਦੀ ਜੀ ਵਾਰ-ਵਾਰ ਵਿਕਾਸ ਦੇ 'ਗੁਜਰਾਤ ਮਾਡਲ' ਦੇ ਗੁਣਗਾਨ ਕਰਦੇ ਨਹੀਂ ਥਕਦੇ, ਹਰਿਆਣੇ ਵਿਚ ਵੀ ਭਾਜਪਾ ਦੀ ਹੀ ਸਰਕਾਰ ਹੈ ਅਤੇ ਹਰਿਆਣਾ ਵੀ ਆਪਣੇ ਵਿਕਾਸ ਦੀਆਂ ਛਲਾਂਗਾਂ ਦੇ ਕਸੀਦੇ ਪੜ੍ਹਦਾ ਰਹਿੰਦੈ, ਫਿਰ ਇਨ੍ਹਾਂ ਸੂਬਿਆਂ ਵਿਚੋਂ ਕਿਉਂ ਐਨੇ ਲੋਕ ਡੰਕੀ-ਰੂਟਾਂ ਦੇ ਖਤਰੇ ਮੁੱਲ ਲੈ ਕੇ, ਲੱਖਾਂ-ਕਰੋੜਾਂ ਰੁਪਏ ਠੱਗ-ਏਜੰਟਾਂ ਨੂੰ ਦੇ ਕੇ ਅਮਰੀਕਾ ਵਿਚ ਗੈਰ ਕਾਨੂੰਨੀ ਪ੍ਰਵੇਸ਼ ਕਰ ਰਹੇ ਹਨ?

ਭਲਾ ਉਹ ਪਲਟਵਾਂ-ਪਰਵਾਸ ('ਰਿਵਰਸ ਮਾਈਗ੍ਰੇਸ਼ਨ') ਕਿਹੜਾ ਹੈ, ਜਿਸ ਬਾਰੇ ਕੇਂਦਰ ਅਤੇ ਸਾਡੀ ਰਾਜ ਸਰਕਾਰ ਅਕਸਰ ਚਰਚਾ ਕਰਦੀਆਂ ਰਹਿੰਦੀਆਂ ਹਨ? ਕਿਧਰੇ ਆਹ 'ਟਰੰਪਗੀਰੀ' ਹੀ ਤਾਂ ਇਹ ਪਰਵਾਸ ਨਹੀਂ? ਮੌਲਾ ਖੈਰ ਕਰੇ, ਅਜਿਹਾ ਨਾ ਹੋਵੇ! ਇਸ ਵਰਤਾਰੇ ਨੇ ਤਾਂ ਜਿਥੇ ਅਮਰੀਕਾ ਵਿਚ ਦਹਾਕਿਆਂ ਤੋਂ ਵਸ ਰਹੇ 50 ਲੱਖ ਦੇ ਕਰੀਬ ਭਾਰਤੀ ਮੂਲ ਦੇ ਵਾਸੀਆਂ ਦੀ ਹੀ ਨਹੀਂ, ਸਗੋਂ ਇਧਰ ਰਹਿੰਦੇ ਕਰੋੜਾਂ ਦੇਸ਼ ਵਾਸੀਆਂ ਦੀ ਵੀ ਹੇਠੀ ਕੀਤੀ ਹੈ।

ਪਹਿਲਾਂ ਕੈਨੇਡਾ ਅਤੇ ਹੁਣ ਅਮਰੀਕਾ ਸਾਡੇ ਨੌਜਵਾਨਾਂ ਲਈ ਹਾਲ ਦੀ ਘੜੀ 'ਸੁਪਨਿਆਂ ਦੇ ਦੇਸ਼' ਨਹੀਂ ਰਹੇ। ਹਾਂ, ਕਾਨੂੰਨੀ ਤੌਰ 'ਤੇ ਜਾਣ ਵਾਲਿਆਂ ਲਈ ਕੋਈ ਰੁਕਾਵਟ ਨਹੀਂ, ਪਰ ਸਿਲਸਿਲਾ ਲੰਮਾ ਹੈ।

ਅਮਰੀਕਾ ਦੇ ਇਸ ਨਮੋਸ਼ੀਜਨਕ ਵਰਤਾਰੇ ਤੋਂ ਕਈ ਸਬਕ ਮਿਲਦੇ ਹਨ। ਪਹਿਲਾ ਸਬਕ ਤਾਂ ਇਹੀ ਮਿਲਦੈ ਕਿ ਜੇ ਜਾਣਾ ਹੀ ਹੈ, ਤਾਂ ਕਾਨੂੰਨੀ ਢੰਗ-ਤਰੀਕਿਆਂ ਰਾਹੀਂ ਜਾਉ। ਦੂਸਰਾ, ਗੈਰ-ਕਾਨੂੰਨੀ ਪ੍ਰਵਾਸ ਲਈ ਹੁਣ ਉਥੇ ਕੋਈ ਥਾਂ ਨਹੀਂ। ਪਤਾ ਨਹੀਂ ਹੋਰ ਕਿੰਨਿਆਂ ਉਪਰ ਡਿਪੋਰਟੇਸ਼ਨ ਦੀ ਤਲਵਾਰ ਲਟਕਦੀ ਹੋਊ? ਤੀਸਰਾ, ਪੰਜਾਬ ਨੂੰ ਜੇ ਪੰਜਾਬ ਰੱਖਣੈ ਤਾਂ ਬੇਲੋੜੇ ਪ੍ਰਵਾਸ ਜਾਂ ਭੇਡ-ਚਾਲੀ ਪ੍ਰਵਾਸ ਨੂੰ ਠੱਲ੍ਹ ਪਾਉਣੀ ਪਊ। ਇਹ ਠੱਲ੍ਹ ਗੱਲਾਂ ਜਾਂ ਕਾਵਿਕ ਬੋਲਾਂ-ਬਚਨਾਂ ਨਾਲ ਨਹੀਂ ਪੈਣੀ, ਇਸ ਲਈ ਠੋਸ ਕਦਮ ਚੁੱਕਣੇ ਪੈਣਗੇ। ਇਨ੍ਹਾਂ ਕਦਮਾਂ ਵਿਚ ਸਭ ਤੋਂ ਪਹਿਲਾ ਅਤੇ ਅਤਿਅੰਤ ਜ਼ਰੂਰੀ ਰੁਜ਼ਗਾਰ ਦੇ ਮੌਕੇ ਪੈਦਾ ਕਰਨਾਂ ਅਤੇ ਟੈਲੈਂਟ/ਲਿਆਕਤ ਅਨੁਸਾਰ ਢੁੱਕਵੇਂ ਅਵਸਰ ਪ੍ਰਦਾਨ ਕਰਨਾ ਹੈ। ਦੂਸਰਾ, ਆਪਣੇ ਭ੍ਰਿਸ਼ਟ ਪ੍ਰਬੰਧ, ਲਾਲ ਫੀਤਾਸ਼ਾਹੀ/ਬਾਬੂਗੀਰੀ ਅਤੇ ਦਫਤਰੀ ਗੇੜੀਮਾਰ ਚਲਨ ਨੂੰ ਇਕ ਸਿਰਿਉਂ ਹੀ ਸਮਾਪਤ ਕਰਨਾ ਪਵੇਗਾ।

ਰਵਾਇਤੀ ਕਾਰੋਬਾਰਾਂ, ਖਾਸ ਕਰਕੇ ਖੇਤੀਬਾੜੀ ਨੂੰ ਲਾਹੇਵੰਦ ਬਨਾਉਣਾ ਪਵੇਗਾ, ਤਾਂ ਕਿ ਸਾਡੇ ਨੌਜਵਾਨ ਇਨ੍ਹਾਂ ਵੱਲ ਆਕਰਸ਼ਿਤ ਹੋਣ।

ਠੱਗ-ਏਜੰਟਾਂ ਵਿਰੁੱਧ ਸਿਰਫ ਸੰਕੇਤਕ ਕਾਰਵਾਈ ਹੀ ਨਹੀਂ, ਸਗੋਂ ਵਧ ਤੋਂ ਵਧ ਅਜਿਹੇ ਠੱਗਾਂ ਨੂੰ ਜਲਦ ਤੋਂ ਜਲਦ ਸਲਾਖਾਂ ਪਿੱਛੇ ਬੰਦ ਕਰਨਾ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਇਨ੍ਹਾਂ ਠੱਗਾਂ ਦਾ ਨੈੱਟਵਰਕ ਦਿੱਲੀ, ਦੁਬਈ ਅਤੇ ਹੋਰ ਬਾਹਰਲੇ ਮੁਲਕਾਂ ਵਿਚ ਹੈ, ਇਸ ਲਈ ਇਨ੍ਹਾਂ 'ਚੋਂ ਅਨੇਕਾਂ ਤਾਂ ਪਹਿਲਾਂ ਹੀ ਸੁਰੱਖਿਅਤ ਟਿਕਾਣਿਆਂ ਉਪਰ ਬੈਠੇ ਹੋਣਗੇ, ਬਾਕੀ ਪੁੱਜ ਗਏ ਹੋਣਗੇ ਪਰ ਅਜੇ ਵੀ ਕਈ ਕਾਬੂ ਕੀਤੇ ਜਾ ਸਕਦੇ ਹਨ ਅਤੇ ਕਾਬੂ ਕਰਨੇ ਵੀ ਬਣਦੇ ਹਨ। ਜੇ ਹੁਣ ਵੀ ਢਿੱਲ ਮੱਠ ਕਰਾਂਗੇ, ਤਾਂ ਗੁਨਹਗਾਰ ਬਣਾਂਗੇ। ਸਵਾਲ ਕੀਤੇ ਜਾਣਗੇ ਕਿ:

"ਤੂੰ ਇਧਰ ਉਧਰ ਕੀ ਨਾ ਬਾਤ ਕਰ,
ਯੇਹ ਬਤਾ ਕਾਰਵਾਂ ਕੈਸੇ ਲੁਟਾ
ਹਮੇਂ ਰਹਿਜ਼ਨੋਂ ਸੇ ਗਰਜ਼ ਨਹੀਂ, ਤੇਰੀ ਰਹਿਬਰੀ ਕਾ ਸਵਾਲ ਹੈ"।

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
ਪੰਜਾਬ ਮੇਲ USA



# ਗੈਰਕਾਨੂੰਨੀ ਪ੍ਰਵਾਸ, ਭਾਰਤੀ, ਬੇਰੁਜ਼ਗਾਰੀ



ਹਾਲ ਹੀ ਵਿਚ ਅਮਰੀਕਾ ਸਰਕਾਰ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਜਬਰਨ ਕੱਢੇ ਜਾਣ ਦੇ ਫੈਸਲੇ ਤਹਿਤ 104 ਭਾਰਤੀਆਂ ਨੂੰ ਅਮਰੀਕੀ ਫੌਜ ਦਾ ਜਹਾਜ਼ ਲੈ ਕੇ ਅੰਮ੍ਰਿਤਸਰ ਪੁੱਜਾ। ਦੇਖੋ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਨੌਜਵਾਨ ਭਾਰਤ ਭੇਜੇ ਗਏ। 40 ਤੋਂ 60 ਲੱਖ ਰੁਪਏ ਲਗਾ ਕੇ ਨਾਜਾਇਜ਼ ਤਰੀਕੇ ਨਾਲ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੁਝ ਦਿਨਾਂ ਬਾਅਦ ਹੀ ਇਨ੍ਹਾਂ ਨੂੰ ਵਾਪਸ ਮੁੜਨਾ ਪਿਆ। ਜ਼ਿਆਦਾਤਰ ਲੋਕ ਮੈਕਸੀਕੋ ਰਾਹੀਂ ਡੌਂਕੀ ਲਗਾ ਕੇ ਅਮਰੀਕਾ ਵੜੇ ਸਨ। ਦਰਅਸਲ ਅਮਰੀਕਾ ਇੱਕ ਸ਼ਕਤੀਸ਼ਾਲੀ ਮੁਲਕ ਹੈ, ਉੱਥੇ ਰੁਜ਼ਗਾਰ ਤਕਰੀਬਨ ਸਭ ਨੂੰ ਮਿਲ ਜਾਂਦਾ ਹੈ। ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਟਰੰਪ ਨੇ ਆਉਂਦਿਆਂ ਸਾਰ ਗੈਰ ਕਾਨੂੰਨੀ ਪ੍ਰਵਾਸੀਆਂ ’ਤੇ ਸ਼ਿਕੰਜਾ ਕਸਿਆ ਹੈ। ਹਾਲ ਹੀ ਵਿਚ ਅਮਰੀਕਾ ਕੈਨੇਡਾ ਦੇ ਵੀ ਚੰਗੇ ਸੰਬੰਧ ਨਹੀਂ ਰਹੇ ਹਨ। ਅੱਜ ਭਾਰਤ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਦੇਸ਼ ਦੇ ਲੋਕ ਗੈਰ ਕਾਨੂੰਨੀ ਪ੍ਰਵਾਸ ਕਿਉਂ ਕਰ ਰਹੇ ਹਨ ? ਕਿਉਂ ਲੋਕ ਟਰੈਵਲ ਏਜੰਟਾਂ ਕੋਲ ਫਸ ਜਾਂਦੇ ਹਨ ? ਝੂਠ ਬੋਲ ਕੇ ਗਲਤ ਤਰੀਕੇ ਨਾਲ ਲੋਕਾਂ ਨੂੰ ਕਿਉਂ ਗਲਤ ਭੇਜ ਰਹੇ ਹਨ। ਟਰੈਵਲ ਏਜੰਟ ਲੋਕਾਂ ਨੂੰ ਮਿੱਠਾ ਜ਼ਹਿਰ ਦੇ ਕਿ ਉਨ੍ਹਾਂ ਕੋਲੋਂ ਕਮਿਸ਼ਨ ਲੈ ਰਹੇ ਹਨ। ਅੱਜ ਜੋ ਵਾਪਸ ਭਾਰਤ ਪਰਤੇ ਹਨ, ਉਨ੍ਹਾਂ ਨੇ ਕਰਜ਼ਾ ਚੁੱਕ ਕੇ, ਆਪਣੇ ਘਰ ਗਹਿਣੇ ਰੱਖ ਕੇ ਬਾਹਰ ਗਏ ਸਨ। ਉਮੀਦ ਸੀ ਕਿ ਉੱਥੇ ਭਵਿੱਖ ਰੁਸ਼ਨਾ ਜਾਵੇਗਾ ਤੇ ਆਪਣੇ ਘਰਦਿਆਂ ਦੀ ਗਰੀਬੀ ਦੂਰ ਕਰ ਦਿਆਂਗੇ। ਇੰਨੀ ਮੋਟੀ ਰਕਮ ਵਿਆਜ ’ਤੇ ਚੁੱਕ ਕੇ ਜਾਣਾ ਕੋਈ ਚੰਗੀ ਗੱਲ ਨਹੀਂ। ਦਰਅਸਲ ਆਪਣੇ ਭਾਰਤ ਵਿਚ ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਯੋਗਤਾ ਦੇ ਮੁਤਾਬਕ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਬੇਰੋਜ਼ਗਾਰੀ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਦੀ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸਾਰ ਲੈਣੀ ਚਾਹੀਦੀ ਹੈ।

ਪਿਛੇ ਜਿਹੇ ਖ਼ਬਰ ਪੜ੍ਹੀ ਸੀ ਕਿ ਕੁਵੈਤ ਵਿਖੇ ਇੱਕ ਇਮਾਰਤ ਵਿਚ ਅੱਗ ਲੱਗਣ ਨਾਲ 45 ਭਾਰਤੀਆਂ ਦੀ ਮੌਤ ਹੋ ਗਈ। ਕੁਵੈਤ ਦੇ ਦੱਖਣੀ ਸ਼ਹਿਰ ਮੰਗਾਫ਼ ਵਿਚ ਛੇ ਮੰਜ਼ਿਲਾਂ ਇਮਾਰਤ ਵਿਚ ਬੀਤੇ ਦੋ ਦਿਨ ਪਹਿਲਾਂ ਅੱਗ ਲੱਗੀ ਸੀ। ਖਬਰਾਂ ਮੁਤਾਬਕ ਇੱਥੇ 200 ਦੇ ਕਰੀਬ ਪ੍ਰਵਾਸੀ ਕਾਮੇ ਰਹਿ ਰਹੇ ਸਨ। ਹਾਲਾਂਕਿ ਉੱਥੋਂ ਦੀ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਗਿਆ ਹੈ। ਵਿਚਾਰਨ ਵਾਲੀ ਗੱਲ ਹੈ ਕਿ ਕਿਸ ਦਾ ਆਪਣਾ ਦੇਸ਼ ਛੱਡਣ ਨੂੰ ਦਿਲ ਕਰਦਾ ਹੈ। ਯੋਗਤਾ ਦੇ ਮੁਤਾਬਕ ਉਨ੍ਹਾਂ ਨੂੰ ਜੇ ਇੱਥੇ ਰੁਜ਼ਗਾਰ ਨਹੀਂ ਮਿਲਿਆ, ਤਾਂਹੀ ਉਨ੍ਹਾਂ ਨੇ ਵਿਦੇਸ਼ਾਂ ਵੱਲ ਚਾਲੇ ਪਾਏ। ਇੱਕ ਕਮਰੇ ਵਿਚ ਸੱਤ ਤੋਂ ਦੱਸ ਲੋਕ ਰਹਿ ਕੇ ਗੁਜ਼ਾਰਾ ਕਰ ਰਹੇ ਹਨ, ਤਾਂ ਜੋ ਪਿੱਛੇ ਉਨ੍ਹਾਂ ਦਾ ਪਰਿਵਾਰ ਖੁਸ਼ਹਾਲ ਰਹਿ ਸਕੇ। ਉੱਥੇ ਕਮਾਈ ਕਰਕੇ ਆਪ ਤੰਗੀਆਂ ਕੱਟ ਕੇ ਪਰਿਵਾਰ ਨੂੰ ਖੁਸ਼ਹਾਲ ਦੇਖਣਾ ਚਾਹੁੰਦੇ ਹਨ। ਕਿਹੋ ਜਿਹੇ ਹਾਲਾਤ ਬਣਦੇ ਜਾ ਰਹੇ ਹਨ।

ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਭਾਰਤੀ ਲੋਕਾਂ ਦਾ ਵਿਦੇਸ਼ਾਂ ਵਿਚ ਜਾ ਕੇ ਵੱਸਣ ਦਾ ਰੁਝਾਨ ਦਿਨੋਂ-ਦਿਨ ਵੱਧ ਰਿਹਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਮੁਤਾਬਕ 2022 ’ਚ ਕਰੀਬ 1.89 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਹੈ। ਪੰਜਾਬ ਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਪੰਜਾਬ ਵਿਚ ਹਰ ਸਾਲ ਵਿਦੇਸ਼ਾਂ ਲਈ ਪੜ੍ਹਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖਰਚ ਕਰ ਰਹੇ ਹਨ। ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਪਾਸਪੋਰਟ ਦਫ਼ਤਰਾਂ ਦੇ ਬਾਹਰ ਨੌਜਵਾਨਾਂ ਦੀ ਲੰਮੀਆਂ-ਲੰਮੀਆਂ ਕਤਾਰਾਂ ਆਮ ਦੇਖਣ ਨੂੰ ਮਿਲਦੀਆਂ ਹਨ। ਮਾਂ-ਬਾਪ ਕਰਜ਼ਈ ਹੋ ਕੇ ਆਪਣੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿਚ ਭੇਜ ਰਹੇ ਹਨ। ਕੋਈ ਸਮਾਂ ਹੁੰਦਾ ਸੀ, ਜਦੋਂ ਸਰਕਾਰੀ ਮੁਲਾਜ਼ਮ ਹੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਾਈ ਲਈ ਭੇਜਦੇ ਸਨ। ਵਿਦੇਸ਼ੀ ਪੜ੍ਹਾਈ ਕਰਕੇ ਫਿਰ ਉਹ ਵਾਪਸ ਪੰਜਾਬ ਆ ਕੇ ਆਪਣੀ ਧਰਤੀ ’ਤੇ ਹੀ ਨੌਕਰੀ ਕਰਦੇ ਸਨ। ਪਰ ਅੱਜ ਜੇ ਕੋਈ ਬੱਚਾ ਵਿਦੇਸ਼ ਚਲਾ ਗਿਆ, ਉਹ ਵਾਪਸ ਮੁੜ ਕੇ ਪੰਜਾਬ ਨਹੀਂ ਆਉਂਦਾ। ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਜੋ ਖੇਤੀ ਯੋਗ ਜ਼ਮੀਨ ਦਾ ਰੇਟ 35 ਤੋਂ 40 ਲੱਖ ਸੀ, ਉਸ ਦੀ ਕੀਮਤ ਵਿਚ ਕਾਫ਼ੀ ਗਿਰਾਵਟ ਆਈ ਹੈ। ਵੀਹ ਲੱਖ ਵਿਚ ਵੀ ਲੋਕ ਪ੍ਰਤੀ ਏਕੜ ਜ਼ਮੀਨ ਵੇਚਣ ਲਈ ਤਿਆਰ ਹਨ।

ਬੇਰੁਜ਼ਗਾਰੀ ਬਹੁਤ ਵੱਧ ਚੁੱਕੀ ਹੈ। ਜਦੋਂ ਕਰੋਨਾ ਮਹਾਂਮਾਰੀ ਨੇ ਭਾਰਤ ਵਿਚ ਦਸਤਕ ਦਿੱਤੀ ਸੀ, ਤਾਂ ਤਾਲਾਬੰਦੀ ਕਰ ਦਿੱਤੀ ਗਈ। ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁਸਿਆ ਸੀ। ਫਿਰ ਮਾਂ-ਬਾਪ ਕੋਲ ਕੋਈ ਵੀ ਚਾਰਾ ਨਹੀਂ ਰਹਿੰਦਾ। ਥੱਕੇ ਹਾਰੇ ਮਾਂ-ਬਾਪ ਫਿਰ ਔਲਾਦ ਨੂੰ (ਆਇਲੈਟਸ) ਦੀ ਤਿਆਰੀ ਕਰਵਾਉਂਦੇ ਹਨ। ਫਿਰ ਜਦੋਂ ਵਧੀਆ ਬੈਂਡ ਆ ਜਾਂਦੇ ਹਨ, ਤਾਂ ਫਿਰ ਬਾਪ ਪੈਸੇ ਦਾ ਹੀਲਾ-ਵਸੀਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਰਿਸ਼ਤੇਦਾਰਾਂ, ਸਕੇ-ਸਬੰਧੀਆਂ ਤੋਂ ਆਸ ਰੱਖਦਾ ਹੈ। ਫਿਰ ਜਦੋਂ ਉਹ ਵੀ ਹੱਥ ਖੜ੍ਹੇ ਕਰ ਦਿੰਦੇ ਹਨ, ਤਾਂ ਆਪਣੀ ਜ਼ਮੀਨ ਨੂੰ ਗਹਿਣੇ ਰੱਖ ਦਿੰਦਾ ਹੈ। ਫ਼ਿਰ ਪਿੱਛੋਂ ਉਹ ਮਾਂ-ਬਾਪ ਬੈਂਕ ਦੀਆਂ ਕਿਸ਼ਤਾਂ ਭਰਦੇ ਹਨ। ਸਮੇਂ ਸਿਰ ਕਰਜ਼ਾ ਨਾ ਉਤਾਰਨ ਕਰਕੇ ਉਹੀ ਪਿਓ ਖ਼ੁਦਕੁਸ਼ੀ ਕਰ ਲੈਂਦਾ ਹੈ। ਅੱਜਕੱਲ੍ਹ ਜੋ ਵਿਦੇਸ਼ ਚਲਾ ਜਾਂਦਾ ਹੈ, ਉਹ ਵਤਨ ਵਾਪਸੀ ਨਹੀਂ ਕਰਦਾ। ਸਿਰਫ ਯਾਦਾਂ ਹੀ ਰਹਿ ਜਾਂਦੀਆਂ ਹਨ। ਪਿੱਛੋਂ ਮਾਵਾਂ ਦੀਆਂ ਅੱਖਾਂ ਆਪਣੇ ਲਾਲ ਨੂੰ ਦੇਖਣ ਨੂੰ ਤਰਸਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਅਸੀਂ ਸੁਣਦੇ ਵੀ ਹਾਂ ਕਿ ਮਾਤਾ-ਪਿਤਾ ਪਿੱਛੋਂ ਇਸ ਸੰਸਾਰ ਤੋਂ ਰੁਖ਼ਸਤ ਕਰ ਗਏ, ਪੁੱਤ ਵਿਦੇਸ਼ ਤੋਂ ਫਿਰ ਵੀ ਨਹੀਂ ਆਉਂਦਾ। ਭਾਈਚਾਰਕ ਸਾਂਝ ਹੀ ਮਾਂ-ਬਾਪ ਦੀ ਅੰਤਿਮ ਰਸਮਾਂ ਨਿਭਾਉਂਦੀਆਂ ਹਨ।

ਹੁਣ ਤਾਂ ਵੱਡੇ-ਵੱਡੇ ਬਿਜ਼ਨਸਮੈਨ ਜਿਨ੍ਹਾਂ ਦੇ ਚੰਗੇ ਆਮਦਨ ਦੇ ਵਸੀਲੇ ਹਨ, ਉਹ ਵੀ ਪੰਜਾਬ ਦੀ ਧਰਤੀ ਨੂੰ ਛੱਡਣ ਲਈ ਕਾਹਲੇ ਹਨ। ਪਿਛੇ ਜਿਹੇ ਪੰਜਾਬ ਵਿਚ ਅਜਿਹੀ ਵਾਰਦਾਤਾਂ ਹੋਈਆਂ, ਜਿਸ ਕਾਰਨ ਲੋਕਾਂ ਦੇ ਮਨ ਵਿਚ ਡਰ ਦਾ ਮਾਹੌਲ ਹੈ। ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ। ਅਪਰਾਧਿਕ ਘਟਨਾਵਾਂ ਬਹੁਤ ਵੱਧ ਗਈਆਂ ਹਨ। ਹੁਣ ਲੋਕ ਜ਼ਮੀਨ ਜਾਇਦਾਦ, ਘਰ-ਬਾਰ ਵੇਚ ਕੇ ਪਰਿਵਾਰ ਸਮੇਤ ਵਿਦੇਸ਼ਾਂ ਵਿਚ ਵੱਸਣ ਜਾ ਰਹੇ ਹਨ। ਸੂਬੇ ਅੰਦਰ ਅਪਰਾਧੀਆਂ, ਲੁਟੇਰਿਆਂ ਖਾਸ ਤੌਰ ’ਤੇ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ ਵਰਗੀਆਂ ਵਾਰਦਾਤਾਂ ਦਾ ਵੱਧਣਾ ਕਾਨੂੰਨ ਵਿਵਸਥਾ ਲਈ ਠੀਕ ਨਹੀਂ ਹੈ। ਮਜ਼ਬੂਰੀਵੱਸ ਲੋਕ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਵਿਦੇਸ਼ ਭੇਜ ਰਹੇ ਹਨ। ਵਿਦੇਸ਼ ਜਾਣ ਦਾ ਮੁੱਖ ਕਾਰਨ ਨਸ਼ਾ ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਇੰਨੀ ਵੱਧ ਚੁੱਕੀ ਹੈ ਕਿ ਪੜ੍ਹੇ-ਲਿਖੇ ਨੌਜਵਾਨਾ ਹੱਥਾਂ ਵਿਚ ਡਿਗਰੀਆਂ ਫੜੇ ਧੱਕੇ ਖਾ ਰਹੇ ਹਨ। ਹਾਲ ਹੀ ਵਿਚ ਤਾਜ਼ਾ ਸਰਵੇ ਮੁਤਾਬਕ 70 ਲੱਖ ਤੋਂ ਵਧੇਰੇ ਲੋਕਾਂ ਕੋਲ ਪਾਸਪੋਰਟ ਹੈ। ਨਸ਼ਾ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰ ਰਿਹਾ ਹੈ। ਨਸ਼ੇ ਦੇ ਡਰੋਂ ਮਾਂ-ਬਾਪ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਹ ਵੀ ਪ੍ਰਵਾਸ ਦਾ ਬਹੁਤ ਵੱਡਾ ਕਾਰਨ ਹੈ।

ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਕਿ ਮੋਗਾ ਜ਼ਿਲ੍ਹੇ ਵਿਚ ਇੱਕ ਏਜੰਟ ਨੇ ਲੋਕਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰ ਲਈ। ਤੇ ਆਪ ਫਰਾਰ ਹੋ ਗਿਆ। ਏਜੰਟਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਆ ਕੇ ਪਤਾ ਨਹੀਂ ਕਿੰਨੇ ਕੁ ਪਰਿਵਾਰ ਆਪਣਾ ਘਰ ਤਬਾਹ ਕਰ ਲੈਂਦੇ ਹਨ। ਆਮ ਸੁਨਣ ਵਿਚ ਵੀ ਆਉਂਦਾ ਹੈ ਕਿ ਜਿਹੜੇ ਦੇਸ਼ ’ਚ ਵਿਦਿਆਰਥੀ ਜਾਣਾ ਚਾਹੁੰਦੇ ਹਨ, ਇਹ ਏਜੰਟ ਝੂਠ ਬੋਲ ਕੇ ਉਸ ਨੂੰ ਕਿਸੇ ਹੋਰ ਦੇਸ਼ ਵਿਚ ਭੇਜ ਦਿੰਦੇ ਹਨ। ਤੇ ਕਹਿੰਦੇ ਹਨ ਕਿ ਉੱਥੇ ਜਦੋਂ ਤੂੰ ਪੁੱਜੇਗਾ, ਤੈਨੂੰ ਫਲਾਣਾ ਬੰਦਾ ਅੱਗੇ ਭੇਜੇਗਾ। ਦੋ ਨੰਬਰ ਵਿਚ ਵਿਦੇਸ਼ ਜਾਣ ਕਾਰਨ ਕਈ ਅਜਿਹੇ ਬੱਚੇ ਉਨ੍ਹਾਂ ਮੁਲਕਾਂ ਦੀਆਂ ਜੇਲ੍ਹਾਂ ਵਿਚ ਡੱਕੇ ਹੋਏ ਹਨ। ਜਾਂ ਫ਼ਿਰ ਉਥੇ ਖੱਜਲ-ਖੁਆਰ ਹੋ ਕੇ ਫਿਰ ਇਹੀ ਬੱਚੇ ਆਪਣੇ ਘਰ ਨੂੰ ਖ਼ਾਲੀ ਹੱਥ ਵਾਪਸ ਆਉਂਦੇ ਹਨ। ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਲਾਲਚ ’ਚ ਕਈ ਪਰਿਵਾਰ ਲੱਖਾਂ-ਲੱਖਾਂ ਰੁਪਏ ਏਜੰਟਾਂ ਕੋਲ ਫ਼ਸਾ ਲੈਂਦੇ ਹਨ। ਇਥੋਂ ਤੱਕ ਕਿ ਆਪਣੀ ਜ਼ਮੀਨ ਵੀ ਗਹਿਣੇ ਰੱਖ ਦਿੰਦੇ ਹਨ। ਵਿਦੇਸ਼ ਜਾਣ ਦੇ ਲਾਲਚ ਵਿਚ ਇਹ ਏਜੰਟ ਭੋਲੇ-ਭਾਲੇ ਪਰਿਵਾਰਾਂ ਨੂੰ ਆਪਣੇ ਮੱਕੜ ਜਾਲ ਵਿਚ ਫਸਾ ਲੈਂਦੇ ਹਨ।

ਸਾਡੇ ਹੀ ਇੱਕ ਕਰੀਬੀ ਕੋਲੋਂ ਪਿਛਲੇ 5 ਸਾਲ ਪਹਿਲਾਂ ਏਜੰਟ ਨੇ 15 ਲੱਖ ਰੁਪਿਆ ਮੰਗਿਆ। ਏਜੰਟ ਨੂੰ ਪਾਸਪੋਰਟ ਦੇ ਦਿੱਤਾ। ਪਰਿਵਾਰ ਨੇ ਏਜੰਟ ਨੂੰ ਛੇ ਕੁ ਲੱਖ ਰੁਪਏ ਦਿੱਤਾ। ਪਰਿਵਾਰ ਨੂੰ ਕਹਿੰਦਾ ਕਿ ਤੁਸੀਂ ਆਪਣੀ ਤਿਆਰੀ ਖਿੱਚ ਲਓ। ਹਰ ਰੋਜ਼ ਕੋਈ ਨਾ ਕੋਈ ਲਾਰਾ ਲਗਾਉਂਦੇ ਹੋਏ ਏਜੰਟ ਨੇ ਇੱਕ ਸਾਲ ਕੱਢ ਦਿੱਤਾ। ਬਾਅਦ ਵਿਚ ਉਹੀ ਏਜੰਟ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਬੜੀ ਮੁਸ਼ੱਕਤ ਨਾਲ ਪਾਸਪੋਰਟ ਉਸ ਏਜੰਟ ਦੇ ਕਬਜ਼ੇ ਤੋਂ ਮਿਲਿਆ। ਛੇ ਲੱਖ ਰੁਪਇਆ ਵੀ ਖੂਹ ਖਾਤੇ ਗਿਆ। ਤੇ ਜੋ ਖੱਜਲ-ਖੁਆਰੀ ਹੋਈ, ਉਹ ਅੱਡ ਤੋਂ ਹੋਈ।

ਅੱਜਕੱਲ੍ਹ ਪਰਿਵਾਰਕ ਮੈਂਬਰ ਆਪਣੇ ਪੁੱਤਰ ਲਈ ਆਈਲੈਟਸ ਕੁੜੀ ਲੱਭਦੇ ਹਨ। ਫਿਰ ਉਸ ਕੁੜੀ ’ਤੇ 25 ਤੋਂ 30 ਲੱਖ ਰੁਪਿਆ ਖਰਚ ਕੇ ਉਸ ਨੂੰ ਵਿਦੇਸ਼ ਵਿਚ ਭੇਜ ਦਿੰਦੇ ਹਨ। ਉਨ੍ਹਾਂ ਨੂੰ ਇਹ ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਨੂੰਹ ਉਥੇ ਜਾ ਕੇ ਉਨ੍ਹਾਂ ਦੇ ਮੁੰਡੇ ਨੂੰ ਸੱਦ ਲਵੇਗੀ। ਪਰ ਅੱਜਕੱਲ੍ਹ ਇਹ ਘਟਨਾਵਾਂ ਆਮ ਵਾਪਰ ਰਹੀਆਂ ਹਨ। ਕੁੜੀ ਉਥੇ ਜਾ ਕੇ ਕਿਸੇ ਹੋਰ ਨੌਜਵਾਨ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਨ੍ਹਾਂ ਨੇ ਪੈਸਾ ਲਗਾ ਕੇ ਵਿਦੇਸ਼ ਭੇਜਿਆ, ਉਨ੍ਹਾਂ ਨੂੰ ਟਾਲ-ਮਟੋਲ ਕਰਦੀ ਰਹਿੰਦੀ ਹੈ। ਫਿਰ ਪਿੱਛੋਂ ਪੰਜਾਬ ਵਿਚ ਉਹ ਮੁੰਡਾ ਖੁਦਕੁਸ਼ੀ ਕਰ ਲੈਂਦਾ ਹੈ। ਅਜਿਹੀਆਂ ਘਟਨਾਵਾਂ ਵੀ ਆਮ ਵਾਪਰ ਰਹੀਆਂ ਹਨ।

ਪਿੱਛੇ ਜਿਹੇ ਸਾਰਿਆਂ ਨੇ ਹੀ ਖ਼ਬਰ ਪੜ੍ਹੀ ਸੀ ਕਿ ਅਮਰੀਕਾ ਵਿਚ ਲਾਵਾਰਸ ਛੱਡੇ ਟਰਾਲੇ ਵਿਚ 50 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਮੈਕਸੀਕੋ ਤੋਂ ਨਾਜਾਇਜ਼ ਤੌਰ ’ਤੇ ਅਮਰੀਕਾ ਜਾ ਰਹੇ ਪ੍ਰਵਾਸੀਆਂ ਦੀ ਮੌਤ ਦੀ ਖ਼ਬਰ ਸੀ। ਜ਼ਿਆਦਾ ਗਰਮੀ ਹੋਣ ਕਰਕੇ ਇਨ੍ਹਾਂ ਪ੍ਰਵਾਸੀਆਂ ਦੀ ਮੌਤ ਹੋਈ ਸੀ। ਤੇ ਕਈ ਦਰਜਨ ਪ੍ਰਵਾਸੀ ਜ਼ੇਰੇ-ਇਲਾਜ ਹੋਏ। ਉੱਥੋਂ ਦੇ ਕਿਸੇ ਅਧਿਕਾਰੀ ਨੇ ਦੱਸਿਆ ਕਿ ਮਰੀਜ਼ਾਂ ਦਾ ਸਰੀਰ ਗਰਮੀ ਨਾਲ ਬਹੁਤ ਤਪ ਰਿਹਾ ਸੀ ਤੇ ਇਹ ਪ੍ਰਵਾਸੀ ਥਕਾਵਟ ਨਾਲ ਜੂਝ ਰਹੇ ਸਨ। ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਅਮਰੀਕਾ ਦੀ ਸਰਹੱਦ ਪਾਰ ਕਰਦੇ ਹੋਏ ਕਈ ਵਾਰ ਪ੍ਰਵਾਸੀਆਂ ਨੇ ਆਪਣੀ ਜਾਨ ਗੁਆ ਦਿੱਤੀ ਹੈ।

ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਵੱਡਾ ਕਾਰਨ ਬੇਰੁਜ਼ਗਾਰੀ ਵੀ ਹੈ। ਹੱਥਾਂ ਵਿਚ ਫੜੀਆਂ ਡਿਗਰੀਆਂ ਲੈ ਕੇ ਨੌਜਵਾਨ ਦਫਤਰਾਂ ਦੇ ਬਾਹਰ ਧੱਕੇ ਖਾਂਦੇ ਹਨ। ਜਿੱਥੇ ਵੀ ਕੋਈ ਚਪੜਾਸੀ ਦੀ ਅਸਾਮੀ ਨਿਕਲਦੀ ਹੈ, ਉੱਥੇ ਪੋਸਟ ਗ੍ਰੈਜੂਏਟ, ਐੱਮ.ਫਿਲ. ਬੰਦੇ ਆਪਣੀ ਅਰਜ਼ੀ ਭਰਦੇ ਹਨ। ਹਾਲ ਹੀ ਵਿਚ ਅਖਬਾਰ ਵਿਚ ਨਸ਼ਰ ਹੋਈ ਰਿਪੋਰਟ ਦੇ ਮੁਤਾਬਕ ਪਟਵਾਰੀ ਦੀਆਂ ਅਸਾਮੀਆਂ ਲਈ ਲੱਖਾਂ ਉਮੀਦਵਾਰਾਂ ਨੇ ਅਰਜ਼ੀਆਂ ਭਰੀਆਂ। ਇਹ ਬਹੁਤ ਹੀ ਸੋਚਣ ਦਾ ਸਮਾਂ ਹੈ। ਜਿਹੜਾ ਬੰਦਾ ਮਿਹਨਤ ਕਰਦਾ ਹੈ, ਚਾਹੇ ਉਸ ਕੋਲ ਇੱਥੇ ਪੰਜਾਬ ਵਿਚ ਹੀਲੇ-ਵਸੀਲੇ ਘੱਟ ਹਨ, ਫਿਰ ਵੀ ਉਹ ਵਧੀਆ ਰੋਟੀ ਕਮਾ ਰਿਹਾ ਹੈ। ਇਥੋਂ ਦੇ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ। ਉਹ ਸਮਾਂ ਦੂਰ ਨਹੀਂ, ਜਦੋਂ ਹੋਰ ਸੂਬਿਆਂ ਦੇ ਨੌਜਵਾਨ ਪ੍ਰਵਾਸੀ ਇੱਥੇ ਆ ਕੇ ਪੜ੍ਹਾਈ ਕਰਨਗੇ ਤੇ ਸਾਡੇ ਉੱਪਰ ਰੋਬ ਪਾਉਣਗੇ। ਉਨ੍ਹਾਂ ਦੇ ਹੱਥਾਂ ਵਿਚ ਪੂਰੀ ਮਾਲਕੀ ਆ ਜਾਵੇਗੀ। ਅਸੀਂ ਉਨ੍ਹਾਂ ਦੇ ਗੁਲਾਮ ਬਣ ਕੇ ਰਹਿ ਜਾਵਾਂਗੇ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ ’ਚ ਹੀ ਵਧੀਆ ਸਨਅਤੀ ਨੀਤੀ ਬਣਾਉਣੀ ਚਾਹੀਦੀ ਹੈ, ਤਾਂ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੀ ਯੋਗਤਾ ਦੇ ਮੁਤਾਬਕ ਰੁਜ਼ਗਾਰ ਮਿਲ ਸਕੇ। ਫਿਰ ਵਿਦੇਸ਼ ਜਾਣ ਦੀ ਬਜਾਏ ਨੌਜਵਾਨ ਇਥੇ ਆਪਣਾ ਵਧੀਆ ਭਵਿੱਖ ਬਣਾ ਸਕਣਗੇ।


# ਟਰੰਪ ਨੇ ਹੰਟਰ-104 ਲਾਂਚ ਕੀਤਾ, ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਤੋਂ ਹਥਕੜੀਆਂ ਪਾ ਕੇ ਘਰ ਪਰਤੇ

## ■ਭਾਰਤ ਤੋਂ ਅਮਰੀਕਾ, ਤੁਰਕੀ ਤੋਂ ਕੈਨੇਡਾ, ਮੈਕਸੀਕੋ ਤੋਂ ਰੂਟ ਲੈਣ ਵਿਚ ਦਲਾਲ ਆਪਣੀ ਚਰਮ ਸੀਮਾ ’ਤੇ

## ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਤੋਂ ਬਾਹਰ ਕੱਢਣਾ ਅਤੇ ਡੌਂਕੀ ਰੂਟ ’ਤੇ ਸਖ਼ਤ ਨਿਗਰਾਨੀ ਸਮੇਂ ਦੀ ਲੋੜ ਹੈ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ, ਮਹਾਰਾਸ਼ਟਰ

ਵਿਸ਼ਵ ਪੱਧਰ ’ਤੇ ਦੁਨੀਆਂ ਦੇ ਹਰ ਦੇਸ਼ ਅਤੇ ਉਨ੍ਹਾਂ ਦੇਸ਼ਾਂ ਤੋਂ ਅਮਰੀਕਾ ਜਾਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀਆਂ ਨਜ਼ਰਾਂ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਲੈ ਕੇ 20 ਜਨਵਰੀ 2025 ਨੂੰ ਉਨ੍ਹਾਂ ਦੇ ਸਹੁੰ ਚੁੱਕਣ ਤੱਕ ਲਗਾਤਾਰ ਕੇਂਦਰਿਤ ਸਨ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਰ ਸੀ ਕਿ ਟਰੰਪ ਦੇ ਸਹੁੰ ਚੁੱਕਦੇ ਹੀ ਉਨ੍ਹਾਂ ਦੇ ਬੁਰੇ ਦਿਨ ਸ਼ੁਰੂ ਹੋ ਜਾਣਗੇ। ਫਿਰ ਅਜਿਹਾ ਹੋਇਆ, ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਸਖਤੀ ਨਾਲ ਬਾਹਰ ਕੱਢਿਆ ਜਾ ਰਿਹਾ ਹੈ। ਭਾਰਤ ਵਿਚ ਵੀ, ਅਮਰੀਕਾ ਤੋਂ ਡਿਪੋਰਟ ਕੀਤੇ ਗਏ 104 ਭਾਰਤੀਆਂ ਨੂੰ ਲੈ ਕੇ ਅਮਰੀਕੀ ਫੌਜ ਦਾ ਸੀ-17 ਜਹਾਜ਼ 5 ਫਰਵਰੀ ਨੂੰ ਪੰਜਾਬ ਦੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਉਤਰਿਆ ਸੀ। ਇਨ੍ਹਾਂ ਵਿਅਕਤੀਆਂ ਦੀਆਂ ਲੱਤਾਂ ਵਿਚ ਜੰਜ਼ੀਰਾਂ ਬੰਨ੍ਹੀਆਂ ਹੋਈਆਂ ਸਨ, ਜਦੋਂਕਿ ਉਨ੍ਹਾਂ ਦੇ ਹੱਥਾਂ ਵਿਚ ਬੇੜੀਆਂ ਵੀ ਬੰਨ੍ਹੀਆਂ ਹੋਈਆਂ ਸਨ। ਇਨ੍ਹਾਂ ਵਿਚ ਹਰਿਆਣਾ ਅਤੇ ਗੁਜਰਾਤ ਦੇ 33, ਪੰਜਾਬ ਦੇ 30, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਦੇ ਤਿੰਨ-ਤਿੰਨ ਅਤੇ ਚੰਡੀਗੜ੍ਹ ਦੇ ਦੋ ਲੋਕ ਸ਼ਾਮਲ ਹਨ। ਇਸ ਤੋਂ ਇਲਾਵਾ ਸਮੂਹ ਵਿਚ 19 ਔਰਤਾਂ ਅਤੇ 13 ਨਾਬਾਲਗ ਵੀ ਸਨ, ਜਿਨ੍ਹਾਂ ਵਿਚ ਇੱਕ ਚਾਰ ਸਾਲ ਦਾ ਲੜਕਾ ਅਤੇ ਦੋ ਲੜਕੀਆਂ (ਉਮਰ ਪੰਜ ਅਤੇ ਸੱਤ) ਸ਼ਾਮਲ ਸਨ। ਅਮਰੀਕੀ ਬਾਰਡਰ ਪੈਟਰੋਲ ਚੀਫ ਨੇ ਇਸ ਦਾ ਵੀਡੀਓ ਆਪਣੇ ਐਕਸ ਹੈਂਡਲ ’ਤੇ ਸ਼ੇਅਰ ਕੀਤਾ ਹੈ। ਇਸ ਵੀਡੀਓ ’ਚ ਭਾਰਤੀਆਂ ਦੇ ਹੱਥਾਂ ਅਤੇ ਲੱਤਾਂ ’ਤੇ ਬੇੜੀਆਂ ਸਾਫ ਦੇਖੀਆਂ ਜਾ ਸਕਦੀਆਂ ਹਨ। ਹੱਥ ਬੰਨ੍ਹਣ ਬਾਰੇ ਵਿਦੇਸ਼ ਮੰਤਰੀ ਨੇ ਕਿਹਾ, ਅਮਰੀਕਾ ਦੁਆਰਾ ਦੇਸ਼ ਨਿਕਾਲੇ ਦਾ ਕੰਮ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈ.ਸੀ.ਈ.) ਦੁਆਰਾ ਕੀਤਾ ਜਾ ਰਿਹਾ ਹੈ, ਜਿਸ ’ਤੇ ਆਈ.ਸੀ.ਈ. ਸਾਲ 2012 ਤੋਂ ਕੰਮ ਕਰਦਾ ਹੈ। ਇਹ ਬੰਨ੍ਹਣ ਦੀ ਗੱਲ ਕਰਦਾ ਹੈ। ਸਾਨੂੰ ਦੱਸਿਆ ਗਿਆ ਹੈ ਕਿ ਔਰਤਾਂ ਅਤੇ ਬੱਚਿਆਂ ਨੂੰ ਬੰਨ੍ਹਿਆ ਨਹੀਂ ਗਿਆ ਸੀ। ਉਸ ਨੇ ਕਿਹਾ, “ਅਸੀਂ ਇਹ ਯਕੀਨੀ ਬਣਾਉਣ ਲਈ ਅਮਰੀਕੀ ਸਰਕਾਰ ਨਾਲ ਗੱਲਬਾਤ ਕਰ ਰਹੇ ਹਾਂ ਕਿ ਵਾਪਸ ਪਰਤਣ ਵਾਲੇ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਮਾੜਾ ਵਿਵਹਾਰ ਨਾ ਕੀਤਾ ਜਾਵੇ।” ਵਿਦੇਸ਼ ਮੰਤਰੀ 2009 ਤੋਂ ਸਦਨ ਵਿਚ ਹਨ। 2025 ਤੱਕ ਭੇਜੇ ਗਏ ਲੋਕਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 2009 ਵਿਚ 734, 2010 ਵਿਚ 799, 2011 ਵਿਚ 597, 2012 ਵਿਚ 530, 2013 ਵਿਚ 550, 2014 ਵਿਚ 591, 2014 ਵਿਚ 708, 2015 ਵਿਚ 708, 2016 ਵਿਚ 1303, 2011 ਵਿਚ 2012, 2018, 2019 ਵਿਚ 2042, 2020 ਵਿਚ 1889, 2021 ਵਿਚ 805, 2022 ਵਿਚ 862, 2023 ਵਿਚ 670, 2024 ਵਿਚ 1368 ਅਤੇ 2025 ਵਿਚ 104 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਵਿਰੋਧੀ ਪਾਰਟੀਆਂ ਦੇ ਕਈ ਸੰਸਦ ਮੈਂਬਰਾਂ ਨੇ ਵੀਰਵਾਰ ਨੂੰ ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਸਰਕਾਰ ਦੀ ਆਲੋਚਨਾ ਕੀਤੀ ਅਤੇ ਪ੍ਰਵਾਸੀਆਂ ਨਾਲ ਕੀਤੇ ਜਾ ਰਹੇ ਸਲੂਕ ’ਤੇ ਸਵਾਲ ਉਠਾਏ। ਡਿਪੋਰਟ ਕੀਤੇ ਗਏ ਲੋਕਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਹੱਥ-ਪੈਰ ਪੂਰੇ ਸਫ਼ਰ ਦੌਰਾਨ ਹੱਥਕੜੀਆਂ ਲੱਗੇ ਰਹੇ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਹਵਾਈ ਅੱਡੇ ’ਤੇ ਉਤਰਨ ਤੋਂ ਬਾਅਦ ਹੀ ਰਿਹਾਅ ਕੀਤਾ ਗਿਆ। ਟਾਇਲਟ ਐਕਸੈਸ ਦੌਰਾਨ ਖੁੱਲ੍ਹੀਆਂ ਹੱਥਕੜੀਆਂ ਆਈ.ਸੀ.ਈ. ਨੇ ਭਾਰਤ ਨੂੰ ਦੱਸਿਆ ਕਿ ਦੇਸ਼ ਨਿਕਾਲੇ ਦੌਰਾਨ ਔਰਤਾਂ ਅਤੇ ਬੱਚਿਆਂ ਨੂੰ ਹੱਥਕੜੀਆਂ ਵਿਚ ਨਹੀਂ ਰੱਖਿਆ ਜਾਂਦਾ ਹੈ। 2012 ਤੋਂ ਲਾਗੂ ਐੱਸ.ਓ.ਪੀ. ਦੇ ਤਹਿਤ, ਡਿਪੋਰਟ ਕੀਤੇ ਜਾ ਰਹੇ ਲੋਕਾਂ ਨੂੰ ਫਲਾਈਟ ਵਿਚ ਬੰਨ੍ਹ ਲਿਆ ਜਾਂਦਾ ਹੈ ਕਿਉਂਕਿ ਟਰੰਪ ਦੇ ਜਨਵਰੀ 2025 ਵਿਚ ਸਹੁੰ ਚੁੱਕਣ ਦੇ ਨਾਲ ਹੀ ਗੈਰ-ਕਾਨੂੰਨੀ ਪ੍ਰਵਾਸੀਆਂ ਦੀ





ਭਾਲ ਸ਼ੁਰੂ ਹੋ ਗਈ ਸੀ, ਅੱਜ ਅਸੀਂ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਦੇ ਜ਼ਰੀਏ 104 ਗੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਦੀ ਅਮਰੀਕਾ ਤੋਂ ਵਾਪਸੀ ਬਾਰੇ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ 6 ਫਰਵਰੀ 2025 ਨੂੰ ਇਸ ਮੁੱਦੇ ’ਤੇ ਸੰਸਦ ਵਿਚ ਮਾਨਯੋਗ ਭਾਰਤੀ ਵਿਦੇਸ਼ ਮੰਤਰੀ ਦੁਆਰਾ ਦਿੱਤੇ ਗਏ ਬਿਆਨ ਦੀ ਗੱਲ ਕਰੀਏ, ਤਾਂ ਉਨ੍ਹਾਂ ਨੇ ਕਿਹਾ, ਐੱਸ.ਓ.ਪੀ. ਜਿਸ ’ਤੇ ਆਈ.ਸੀ.ਈ. ਕੰਮ ਕਰਦਾ ਹੈ, ਉਹ ਸਾਲ 2012 ਤੋਂ ਪ੍ਰਭਾਵੀ ਹੈ। ਇਹ ਬੰਨ੍ਹਣ ਦੀ ਗੱਲ ਕਰਦਾ ਹੈ। ਸਾਨੂੰ ਆਈ.ਸੀ.ਈ. ਦੁਆਰਾ ਦੱਸਿਆ ਗਿਆ ਹੈ ਕਿ ਔਰਤਾਂ ਅਤੇ ਬੱਚਿਆਂ ਨੂੰ ਬੰਨ੍ਹਿਆ ਨਹੀਂ ਗਿਆ ਸੀ, ਉਸਨੇ ਕਿਹਾ, ਅਸੀਂ ਇਹ ਯਕੀਨੀ ਬਣਾਉਣ ਲਈ ਅਮਰੀਕੀ ਸਰਕਾਰ ਨਾਲ ਗੱਲਬਾਤ ਕਰ ਰਹੇ ਹਾਂ ਕਿ ਵਾਪਸ ਪਰਤਣ ਵਾਲੇ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਨਾ ਕੀਤਾ ਜਾਵੇ। ਕਾਂਗਰਸ ਦੇ ਸੰਸਦ ਮੈਂਬਰ ਰਣਦੀਪ ਸਿੰਘ ਸੂਰਜੇਵਾਲਾ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਵਿਦੇਸ਼ ਨੇ ਕਿਹਾ ਕਿ ਸਾਨੂੰ ਪਤਾ ਹੈ ਕਿ ਕੱਲ੍ਹ 104 ਲੋਕ ਭਾਰਤ ਪਰਤੇ ਹਨ। ਅਸੀਂ ਉਨ੍ਹਾਂ ਦੀ ਕੌਮੀਅਤ ਦੀ ਪੁਸ਼ਟੀ ਕੀਤੀ ਹੈ, ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਕੋਈ ਨਵਾਂ ਮੁੱਦਾ ਹੈ। ਇਹ ਇੱਕ ਅਜਿਹਾ ਮੁੱਦਾ ਹੈ, ਜੋ ਪਹਿਲਾਂ ਵੀ ਹੋਇਆ ਹੈ।

ਦੋਸਤੋ, ਜੇਕਰ ਅਮਰੀਕੀ ਦੂਤਘਰ ਵੱਲੋਂ ਦਿੱਤੇ ਗਏ ਅਹਿਮ ਬਿਆਨ ਦੀ ਗੱਲ ਕਰੀਏ, ਤਾਂ ਬੁਲਾਰੇ ਨੇ ਕਿਹਾ ਕਿ ਮੈਂ ਫਲਾਈਟ ਨਾਲ ਜੁੜੀ ਜਾਣਕਾਰੀ ਬਾਰੇ ਜ਼ਿਆਦਾ ਗੱਲ ਨਹੀਂ ਕਰ ਸਕਦਾ, ਪਰ ਮੈਂ ਇਹ ਸਾਂਝਾ ਕਰ ਸਕਦਾ ਹਾਂ ਕਿ ਇਹ ਅਮਰੀਕਾ ਦੀ ਨੀਤੀ ਹੈ ਕਿ ਉਹ ਸਾਰੇ ਗੈਰ-ਕਾਨੂੰਨੀ ਪ੍ਰਵਾਸੀਆਂ (ਗੈਰ-ਕਾਨੂੰਨੀ ਪ੍ਰਵਾਸੀਆਂ) ਵਿਰੁੱਧ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਾ ਹੈ। ਸਾਰੇ ਅਪ੍ਰਵਾਨਿਤ ਪਰਦੇਸੀ ’ਤੇ ਕਾਨੂੰਨਾਂ ਦੀ ਬੇਲੋੜੀ ਅਤੇ ਸਖਤ ਪਾਲਣਾ। ਉਨ੍ਹਾਂ ਕਿਹਾ ਕਿ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਅਮਰੀਕੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਸ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਇਹ ਬਿਆਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕੀ ਸਰਕਾਰ ਦੀ ਨੀਤੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ’ਤੇ ਆਧਾਰਿਤ ਹੈ, ਤਾਂ ਜੋ ਦੇਸ਼ ਦੀ ਸੁਰੱਖਿਆ ਅਤੇ ਜਨਤਕ ਸ਼ਾਂਤੀ ਨੂੰ ਯਕੀਨੀ ਬਣਾਇਆ ਜਾ ਸਕੇ। ਦੇਸ਼ ਨੂੰ ਆਪਣੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਲੋਕਾਂ ਨੂੰ ਡਿਪੋਰਟ ਕੀਤਾ। ਭਾਰਤ ਤੋਂ ਇਲਾਵਾ ਕੋਲੰਬੀਆ ਅਤੇ ਮੈਕਸੀਕੋ ਤੋਂ ਵੀ ਲੋਕਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿਚ ਭੇਜਿਆ ਗਿਆ ਹੈ। ਇਮੀਗ੍ਰੇਸ਼ਨ ਕਾਨੂੰਨਾਂ ਦੇ ਤਹਿਤ, ਅਮਰੀਕੀ ਸਰਕਾਰ, ਵੱਡਾ ਫੈਸਲਾ ਲੈਂਦਿਆਂ ਬਾਇਡਨ ਦੇ ਉਸ ਫੈਸਲੇ ਨੂੰ ਵੀ ਉਲਟਾਉਣ ’ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਐੱਚ-1ਬੀ ਵੀਜ਼ਾ ਅਤੇ ਐੱਲ ਵੀਜ਼ਾ ਦੇ ਨਵੀਨੀਕਰਨ ਦੀ ਮਿਆਦ 180 ਦਿਨਾਂ ਤੋਂ ਵਧਾ ਕੇ 540 ਦਿਨ ਕਰ ਦਿੱਤੀ ਗਈ ਸੀ।

ਦੋਸਤੋ, ਜੇਕਰ ਅਸੀਂ ਡੈਪੂਟੇਸ਼ਨ ਦੇ ਮੁੱਦੇ ’ਤੇ 6 ਫਰਵਰੀ 2025 ਨੂੰ ਸੰਸਦ ਦੇ ਬਜਟ ਸੈਸ਼ਨ ਵਿਚ ਵਿਰੋਧੀ ਧਿਰ ਵੱਲੋਂ ਪੁੱਛੇ ਗਏ 5 ਸਵਾਲਾਂ ਅਤੇ ਵਿਦੇਸ਼ ਮੰਤਰੀ ਵੱਲੋਂ ਦਿੱਤੇ ਜਵਾਬਾਂ ਦੀ ਗੱਲ ਕਰੀਏ, ਤਾਂ

**ਸਵਾਲ:** ਕੀ ਸਰਕਾਰ ਨੂੰ ਪਤਾ ਸੀ ਕਿ ਭਾਰਤੀਆਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ?

**ਜਵਾਬ:** ਅਸੀਂ ਜਾਣਦੇ ਹਾਂ ਕਿ ਕੱਲ੍ਹ 104 ਲੋਕ ਵਾਪਸ ਆਏ ਹਨ। ਅਸੀਂ ਪੁਸ਼ਟੀ ਕੀਤੀ ਹੈ ਕਿ ਉਹ ਭਾਰਤੀ ਹੈ।

**ਵਿਰੋਧੀ ਧਿਰ:** ਭਾਰਤੀ ਨਾਗਰਿਕਾਂ ਨੂੰ ਹੱਥਕੜੀ ਕਿਉਂ ਲਗਾਈ ਗਈ?

**ਜਵਾਬ:** ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹੱਥਕੜੀ ਲਾਉਣਾ ਅਮਰੀਕੀ ਸਰਕਾਰ ਦੀ ਨੀਤੀ ਹੈ।

**ਵਿਰੋਧੀ ਧਿਰ:** ਮੋਦੀ ਅਤੇ ਟਰੰਪ ਦੀ ਇਹ ਕਿਹੋ ਜਿਹੀ ਦੋਸਤੀ ਹੈ, ਜੋ ਦੇਸ਼ ਨਿਕਾਲੇ ਨੂੰ ਰੋਕ ਨਹੀਂ ਸਕੀ?

**ਜਵਾਬ-** ਅਮਰੀਕਾ ਤੋਂ ਭਾਰਤੀਆਂ ਨੂੰ ਕੱਢਣਾ ਕੋਈ ਪਹਿਲੀ ਵਾਰ ਨਹੀਂ ਹੈ। ਇਹ 2009 ਤੋਂ ਚੱਲ ਰਿਹਾ ਹੈ।

**ਵਿਰੋਧੀ ਧਿਰ:** ਭਾਰਤੀ ਨਾਗਰਿਕਾਂ ਨਾਲ ਅੱਤਵਾਦੀਆਂ ਵਾਂਗ ਸਲੂਕ ਕਿਉਂ ਕੀਤਾ ਗਿਆ?

**ਜਵਾਬ:** ਅਸੀਂ ਇਹ ਯਕੀਨੀ ਬਣਾਉਣ ਲਈ ਅਮਰੀਕੀ ਸਰਕਾਰ ਨਾਲ ਲਗਾਤਾਰ ਸੰਪਰਕ ਵਿਚ ਹਾਂ ਕਿ ਉਨ੍ਹਾਂ ਨਾਲ ਦੁਰਵਿਵਹਾਰ ਨਾ ਹੋਵੇ।

**ਵਿਰੋਧੀ ਧਿਰ:** ਕੀ ਸਰਕਾਰ ਨੂੰ ਪਤਾ ਹੈ ਕਿ ਅਮਰੀਕਾ ਕਹਿ ਰਿਹਾ ਹੈ ਕਿ 7 ਲੱਖ 25 ਹਜ਼ਾਰ ਭਾਰਤੀਆਂ ਨੂੰ ਬਾਹਰ ਕੱਢਿਆ ਜਾਵੇਗਾ?

**ਜਵਾਬ:** ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਹਰੇਕ ਵਾਪਸ ਆਉਣ ਵਾਲੇ (ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀ) ਦੇ ਨਾਲ ਬੈਠਣ ਅਤੇ ਇਹ ਪਤਾ ਲਗਾਉਣ ਕਿ ਉਹ ਅਮਰੀਕਾ ਕਿਵੇਂ ਗਏ, ਕੌਣ ਏਜੰਟ ਸੀ। ਅਸੀਂ ਸਾਵਧਾਨੀ ਵਰਤਾਂਗੇ, ਤਾਂ ਜੋ ਅਜਿਹਾ ਦੁਬਾਰਾ ਨਾ ਹੋਵੇ।

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲUSA



ਦੋਸਤੋ, ਜੇਕਰ ਅਸੀਂ ਡੌਂਕੀ ਰੂਟ ਰਾਹੀਂ ਅਮਰੀਕਾ ਸਮੇਤ ਹੋਰ ਦੇਸ਼ਾਂ ਵਿਚ ਪ੍ਰਵੇਸ਼ ਕਰਨ ਦੀ ਗੱਲ ਕਰੀਏ, ਤਾਂ ਡੌਂਕੀ ਰੂਟ ਇੱਕ ਅਜਿਹਾ ਰਸਤਾ ਹੈ, ਜੋ ਕਈ ਦੇਸ਼ਾਂ ਵਿਚੋਂ ਗੁਜ਼ਰਦਾ ਹੈ, ਲੋਕ ਇਸ ਦੀ ਵਰਤੋਂ ਵਿਦੇਸ਼ਾਂ ਵਿਚ ਜਾਣ ਲਈ ਕਰਦੇ ਹਨ, ਪੰਜਾਬ ਵਿਚ ਡੌਂਕੀ ਦਾ ਮਤਲਬ ਹੈ, ਇੱਕ ਥਾਂ ਤੋਂ ਦੂਜੇ ਸਥਾਨ ਤੱਕ ਛਾਲ ਮਾਰ ਕੇ ਜਾਂ ਛਾਲ ਮਾਰ ਕੇ ਪਹੁੰਚਣਾ। ਇਹੀ ਕਾਰਨ ਹੈ ਕਿ ਭਾਰਤ ਤੋਂ ਵਿਦੇਸ਼ਾਂ ਤੱਕ ਪਹੁੰਚਣ ਦੇ ਰਸਤੇ ਨੂੰ ਡੌਂਕੀ ਰੂਟ ਕਿਹਾ ਜਾਂਦਾ ਹੈ, ਇਸ ਰਸਤੇ ਰਾਹੀਂ ਲੋਕ ਕੈਨੇਡਾ, ਬ੍ਰਿਟੇਨ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਦਾਖਲ ਹੁੰਦੇ ਹਨ। ਪਹਿਲਾਂ ਇਸ ਰਸਤੇ ਨੂੰ ਖੌਫਨਾਕ ਅਪਰਾਧੀ ਦੇਸ਼ ਛੱਡ ਕੇ ਭੱਜਣ ਲਈ ਵਰਤਦੇ ਸਨ ਪਰ ਹੁਣ ਵਿਦੇਸ਼ ਜਾਣ ਦਾ ਸੁਪਨਾ ਦੇਖਣ ਵਾਲੇ ਹਜ਼ਾਰਾਂ ਲੋਕ ਇਸ ਰਸਤੇ ਰਾਹੀਂ ਆਪਣੇ ਚਹੇਤੇ ਦੇਸ਼ ਵਿਚ ਦਾਖਲ ਹੋ ਰਹੇ ਹਨ। ਡੌਂਕੀ ਦਾ ਰਸਤਾ ਬਿਲਕੁਲ ਵੀ ਸੁਰੱਖਿਅਤ ਨਹੀਂ ਹੈ, ਹਰ ਕਦਮ ’ਤੇ ਖ਼ਤਰੇ ਹਨ ਅਤੇ ਕਈ ਲੋਕਾਂ ਦੀ ਮੌਤ ਵੀ ਹੋ ਜਾਂਦੀ ਹੈ। ਇਹ ਰਸਤਾ ਸਭ ਤੋਂ ਖ਼ਤਰਨਾਕ ਹੈ ਕਿਉਂਕਿ ਇਸ ’ਤੇ ਕਈ ਦੇਸ਼ਾਂ ਦੀਆਂ ਸਰਹੱਦਾਂ ਨੂੰ ਪਾਰ ਕਰਨਾ ਪੈਂਦਾ ਹੈ, ਅਜਿਹੇ ’ਚ ਸਰਹੱਦ ’ਤੇ ਤਾਇਨਾਤ ਫ਼ੌਜੀ ਗੈਰ-ਕਾਨੂੰਨੀ ਢੰਗ ਨਾਲ ਘੁਸਪੈਠ ਕਰਨ ਵਾਲੇ ਲੋਕਾਂ ਨੂੰ ਗੋਲੀ ਮਾਰ ਦਿੰਦੇ ਹਨ, ਜਦਕਿ ਕੁਝ ਮਾਮਲਿਆਂ ’ਚ ਕੜਾਕੇ ਦੀ ਠੰਢ ਜਾਂ ਭੁੱਖ ਕਾਰਨ ਲੋਕਾਂ ਨੂੰ ਡੌਂਕੀ ਰੂਟ ਰਾਹੀਂ ਵਿਦੇਸ਼ ਲਿਜਾਣ ਦਾ ਵੱਡਾ ਧੰਦਾ ਚੱਲ ਰਿਹਾ ਹੈ। ਕਈ ਟਰੈਵਲ ਏਜੰਸੀਆਂ ਅਤੇ ਏਜੰਟ ਇਸ ਕੰਮ ਵਿਚ ਲੱਗੇ ਹੋਏ ਹਨ ਅਤੇ ਵਿਦੇਸ਼ ਲਿਜਾਣ ਲਈ ਲੋਕਾਂ ਤੋਂ ਲੱਖਾਂ ਰੁਪਏ ਵਸੂਲਦੇ ਹਨ। ਕਈ ਲੋਕਾਂ ਨੇ ਡੌਂਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਲਈ 1 ਕਰੋੜ ਰੁਪਏ ਤੱਕ ਖਰਚ ਵੀ ਕੀਤਾ। ਏਜੰਟ ਮੈਕਸੀਕੋ ਜਾਂ ਕੈਨੇਡਾ ਦੇ ਬਾਰਡਰ ਰਾਹੀਂ ਲੋਕਾਂ ਨੂੰ ਅਮਰੀਕਾ ਵਿਚ ਦਾਖਲ ਕਰਵਾਉਂਦੇ ਹਨ, ਇਸ ਤੋਂ ਪਹਿਲਾਂ ਲੋਕ ਪਾਕਿਸਤਾਨ ਅਤੇ ਹੋਰ ਦੇਸ਼ਾਂ ਤੋਂ ਹੁੰਦੇ ਹੋਏ ਅਮਰੀਕਾ ਦੇ ਨੇੜੇ ਸਥਿਤ ਦੇਸ਼ਾਂ ਵਿਚ ਪਹੁੰਚ ਜਾਂਦੇ ਹਨ।

ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਹੰਟਰ-104 ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਵਤਨ ਪਰਤਣ ਲਈ ਦਲਾਲਾਂ ਨੇ ਭਾਰਤ ਤੋਂ ਅਮਰੀਕਾ, ਤੁਰਕੀ ਤੋਂ ਕੈਨੇਡਾ ਅਤੇ ਭਾਰਤ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣਾ ਸਮੇਂ ਦੀ ਲੋੜ ਹੈ।

# ਮਾਤ-ਭਾਸ਼ਾ ਤੇ ਕੌਮਾਂਤਰੀ ਭਾਸ਼ਾਵਾਂ ਦਾ ਯੋਗਦਾਨ ਅਤੇ ਮਹੱਤਵ

## (ਕੌਮਾਂਤਰੀ ਮਾਤ-ਭਾਸ਼ਾ ਦਿਵਸ)

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ
ਮੋਬ : 78373-90309
ਪੰਜਾਬ ਮੇਲ USA



ਕਿਸੇ ਵੀ ਦੇਸ ਜਾਂ ਰਾਜ ਵਿਚ ਬੋਲੀ ਜਾਣ ਵਾਲੀ ਭਾਸ਼ਾ ਅਹਿਮ ਸਥਾਨ ਰੱਖਦੀ ਹੈ, ਜਿਸ ਨਾਲ ਸਥਾਨਕ ਲੋਕ ਆਪਣੇ ਮਨੋ-ਭਾਵਾਂ ਨੂੰ ਖੁੱਲ੍ਹ ਕੇ ਵਿਚਾਰਦੇ ਹਨ। ਸੱਭਿਆਚਾਰ ਦੀਆ ਮੂਲ ਕਿਰਿਆਵਾਂ ਨੂੰ ਦਰਸਾਉਣ ਲ਼ਈ ਸਥਾਨਕ ਭਾਸਾ ਹੀ ਪ੍ਰਮੁੱਖ ਹੁੰਦੀ ਹੈ। 1947 ਦੀ ਵੰਡ ਸਮੇਂ ਬਾਹਰੀ ਸਰਹੱਦਾਂ ਦੇ ਨਾਲ ਪੰਜਾਬ ਰਾਜ ਵੀ ਭਾਸ਼ਾ ਦੇ ਆਧਾਰ ਬਣਿਆ ਸੂਬਾ ਹੈ। ਜੋ ਪੰਜਾਬੀ ਬੋਲਣ ਵਾਲੇ ਖੇਤਰ ਨੂੰ ਇਕੱਤਰ ਕਰਕੇ ਕੇ ਬਣਾਇਆ ਗਿਆ। ਇਸੇ ਲਈ ਪੰਜਾਬੀ ਮਾਤ ਭਾਸ਼ਾ ਦੇ ਨਾਲੋਂ-ਨਾਲ ਸਰਕਾਰੀ ਭਾਸ਼ਾ ਵੀ ਹੈ, ਜਿਸ ਦਾ ਪਹਿਲੀ ਵਾਰ ਐਲਾਨ 1 ਨਵੰਬਰ 1966 ਵਿਚ ਹੋਇਆ। ਪਰ ਪੰਜਾਬ ਦਾ ਪਹਿਲਾ 'ਪੰਜਾਬ ਰਾਜ ਭਾਸ਼ਾ ਐਕਟ' 1960 ਵਿਚ ਬਣਿਆ। ਇਸ ਐਕਟ ਦੀ ਧਾਰਾ 3 ਰਾਹੀਂ ਪੰਜਾਬੀ ਖੇਤਰ ਦੇ ਸਾਰੇ ਜ਼ਿਲ੍ਹਿਆਂ ਵਿਚ ਹੋਣ ਵਾਲੇ 'ਸਾਰੇ ਦਫ਼ਤਰੀ ਕੰਮਕਾਜ' 02 ਅਕਤੂਬਰ 1960 ਤੋਂ ਪੰਜਾਬੀ ਵਿਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਇਸ ਵਿਵਸਥਾ ਦੀ ਖ਼ੂਬਸੂਰਤੀ ਇਹ ਸੀ ਕਿ ਜੇ ਕਿਸੇ ਕਾਰਨ ਕੋਈ ਕੰਮ ਉਸ ਸਮੇਂ ਪੰਜਾਬੀ ਵਿਚ ਕਰਨਾ ਸੰਭਵ ਨਹੀਂ ਸੀ, ਤਾਂ ਉਸ ਕੰਮ ਨੂੰ ਹੋਰ ਭਾਸ਼ਾ ਵਿਚ ਕਰਨ ਦੀ ਵਿਵਸਥਾ ਬਾਅਦ ਵਿਚ ਕੀਤੀ ਜਾਣੀ ਸੀ। ਇਸ ਤਰ੍ਹਾਂ 2 ਅਕਤੂਬਰ 1960 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਹੋਣਾ ਸ਼ੁਰੂ ਹੋਇਆ। ਬਾਅਦ ਵਿਚ ਕਿਸੇ ਕੰਮ ਨੂੰ ਪੰਜਾਬੀ 'ਚ ਕਰਨ ਤੋਂ ਛੋਟ ਦੇਣ ਵਾਲਾ ਕੋਈ ਦਸਤਾਵੇਜ਼ ਉਪਲੱਬਧ ਨਹੀਂ ਹੈ। ਇਸੇ ਧਾਰਾ ਰਾਹੀਂ ਵਿਵਸਥਾ ਕੀਤੀ ਗਈ ਕਿ 2 ਅਕਤੂਬਰ 1962 ਤੋਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵੱਲੋਂ ਰਾਜ ਸਰਕਾਰ ਜਾਂ ਮੁੱਖ ਦਫ਼ਤਰਾਂ ਨਾਲ ਕੀਤੇ ਜਾਣ ਵਾਲੇ ਚਿੱਠੀ ਪੱਤਰ ਦੀ ਭਾਸ਼ਾ ਵੀ ਪੰਜਾਬੀ ਹੋਵੇਗੀ।

ਪੰਜਾਬੀ ਰਾਜ ਬਣਨ ਮਗਰੋਂ 29 ਦਸੰਬਰ 1967 ਨੂੰ 1960 ਦਾ ਕਾਨੂੰਨ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ। ਇਸ ਕਾਨੂੰਨ ਦੇ ਉਦੇਸ਼ਕਾਂ ਵਿਚ ਇਹ ਐਕਟ ਬਣਾਉਣ ਦਾ ਉਦੇਸ਼ 'ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣਾ' ਨਿਸ਼ਚਿਤ ਕੀਤਾ ਗਿਆ। ਇਸ ਉਦੇਸ਼ਕਾਂ ਤੋਂ ਹੀ ਪਤਾ ਲੱਗਦਾ ਹੈ ਕਿ 1960 ਦੇ ਐਕਟ ਦੇ ਉਲਟ ਇਸ ਐਕਟ ਰਾਹੀਂ ਦਫ਼ਤਰਾਂ ਵਿਚ ਹੁੰਦੇ ਸਾਰੇ ਕੰਮਾਂ ਦੀ ਥਾਂ ਕੁਝ ਕੁ ਕੰਮ ਹੀ ਪੰਜਾਬੀ ਵਿੱਚ ਕੀਤੇ ਜਾਣ ਬਾਰੇ ਸੋਚਿਆ ਗਿਆ। ਗਣਤੰਤਰ ਦੇ 18ਵੇਂ ਸਾਲ ਰਾਜ ਭਾਸ਼ਾ ਐਕਟ 1967 ਨੂੰ 29 ਦਸੰਬਰ ਵਾਲੇ ਦਿਨ ਰਾਜਪਾਲ ਨੇ ਮਾਨਤਾ ਦਿੱਤੀ, ਜਿਸ ਦੇ ਸੈਕਸ਼ਨ ਇੱਕ ਅਨੁਸਾਰ ਇਹ ਪੰਜਾਬ ਵਿਚ ਲਾਗੂ ਅਤੇ ਸੈਕਸ਼ਨ 2 ਦੇ ਅਨੁਸਾਰ ਪੰਜਾਬੀ ਨੂੰ ਗੁਰਮੁੱਖੀ ਲਿੱਪੀ ਵਿਚ ਮਾਨਤਾ ਮਿਲੀ। ਉਸੇ ਤਰ੍ਹਾਂ 3 ਦੇ ਦੁਆਰਾ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲ ਗਿਆ। ਰਾਸਟਰੀ ਭਾਸ਼ਾ ਹਿੰਦੀ ਦੇ ਬਰਾਬਰ ਸਨਮਾਨ ਤੇ ਵਿਕਾਸ ਲਈ ਸੈਕਸਨ 8 ਵੀ ਜੋੜਿਆ ਗਿਆ। ਨਾਲ ਹੀ ਧਾਰਾ 4 ਰਾਹੀਂ ਇਹ ਨਿਯਮ ਵੀ ਬਣਾਇਆ ਗਿਆ ਕਿ ਕਿਸੇ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣਾ ਕਦੋਂ ਜ਼ਰੂਰੀ ਕਰਨਾ ਹੈ, ਇਸ ਦਾ ਐਲਾਨ ਬਾਅਦ ਵਿਚ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਹੋਵੇਗਾ।

1967 ਦੇ ਐਕਟ ਦੀ ਧਾਰਾ 4 ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਦਿਆਂ ਪੰਜਾਬ ਸਰਕਾਰ ਵੱਲੋਂ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਲਈ ਤੁਰੰਤ ਦੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ। ਪਹਿਲਾ ਨੋਟੀਫਿਕੇਸ਼ਨ 30 ਦਸੰਬਰ 1967 ਨੂੰ ਜਾਰੀ ਹੋਇਆ। ਇਸ ਰਾਹੀਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵਿਚ ਹੁੰਦੇ ਦਫ਼ਤਰੀ ਕੰਮਕਾਜ ਨੂੰ 1 ਜਨਵਰੀ 1968 ਤੋਂ ਪੰਜਾਬੀ ਭਾਸ਼ਾ ਵਿਚ ਕਰਨ ਦਾ ਹੁਕਮ ਹੋਇਆ। ਦੂਜਾ ਨੋਟੀਫਿਕੇਸ਼ਨ 9 ਫਰਵਰੀ 1968 ਨੂੰ ਜਾਰੀ ਹੋਇਆ। ਇਸ ਰਾਹੀਂ 'ਰਾਜ ਪੱਧਰ' ਦੇ ਸਾਰੇ ਦਫ਼ਤਰਾਂ ਵਿਚ ਹੁੰਦੇ ਕੰਮਕਾਜ ਪੰਜਾਬੀ ਵਿਚ ਕਰਨ ਦਾ ਹੁਕਮ ਹੋਇਆ। ਇਹ ਹੁਕਮ 13 ਅਪ੍ਰੈਲ 1968 ਤੋਂ ਲਾਗੂ ਹੋਇਆ। ਇਨ੍ਹਾਂ ਨੋਟੀਫਿਕੇਸ਼ਨਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਸਾਰੇ ਦਫ਼ਤਰੀ ਕੰਮ ਪੰਜਾਬੀ ਵਿਚ ਕਰਨ ਦੇ ਹੁਕਮ ਹੋਏ।




ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਰਾਹੀਂ 1967 ਦੇ ਕਾਨੂੰਨ ਵਿਚ ਵੱਡੀਆਂ ਸੋਧਾਂ ਕੀਤੀਆਂ ਗਈਆਂ। ਪ੍ਰਸ਼ਾਸਨਿਕ ਦਫ਼ਤਰਾਂ ਦੇ ਕੰਮਕਾਜ ਪੰਜਾਬੀ ਵਿਚ ਕਰਨ ਦੀ ਵਿਵਸਥਾ ਕਰਨ ਲਈ ਮੂਲ ਕਾਨੂੰਨ ਵਿਚ ਧਾਰਾ 3ਏ ਜੋੜੀ ਗਈ। ਇਸ ਨਵੀਂ ਧਾਰਾ ਨੇ ਸਥਿਤੀ ਸਪੱਸ਼ਟ ਕਰਨ ਦੀ ਥਾਂ ਹੋਰ ਉਲਝਾ ਦਿੱਤੀ। ਨਵੀਂ ਵਿਵਸਥਾ ਦਾ ਉਦੇਸ਼ ਪੰਜਾਬੀ ਦਾ ਘੇਰਾ ਵਿਸ਼ਾਲ ਕਰਨਾ ਹੈ ਜਾਂ ਇਸ ਦੇ ਖੰਭ ਕੁਤਰਣਾ, ਇਹ ਸਮਝ ਤੋਂ ਬਾਹਰ ਹੈ। ਇਸ ਸੋਧ ਕਾਨੂੰਨ ਦੇ ਅੰਗਰੇਜ਼ੀ ਅਤੇ ਪੰਜਾਬੀ, ਦੋਵੇਂ ਪਾਠ ਇੱਕੋ ਸਮੇਂ ਸਰਕਾਰੀ ਗਜ਼ਟ ਵਿਚ ਛਪੇ। ਅੰਗਰੇਜ਼ੀ ਪਾਠ ਵਿਚ 'ਸਾਰੇ ਦਫ਼ਤਰੀ ਚਿੱਠੀ ਪੱਤਰ' ਪੰਜਾਬੀ ਵਿਚ ਕੀਤੇ ਜਾਣ ਦਾ ਜ਼ਿਕਰ ਹੈ। ਇਸ ਦੇ ਉਲਟ ਪੰਜਾਬੀ ਪਾਠ ਵਿਚ ('ਦਫ਼ਤਰੀ ਚਿੱਠੀ ਪੱਤਰ' ਦੀ ਥਾਂ) 'ਦਫ਼ਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿੱਚ ਕੀਤਾ ਜਾਵੇਗਾ' ਦਰਜ ਹੈ। ਦੋਵਾਂ ਦੇ ਅਰਥਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਅੰਗਰੇਜ਼ੀ ਪਾਠ ਮੁਤਾਬਿਕ ਸਿਰਫ਼ 'ਦਫ਼ਤਰੀ ਚਿੱਠੀ ਪੱਤਰ' ਹੀ ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਬਾਕੀ ਕੰਮ ਹੋਰ ਭਾਸ਼ਾ (ਅੰਗਰੇਜ਼ੀ) ਵਿਚ ਵੀ ਹੋ ਸਕਦੇ ਹਨ। ਪੰਜਾਬੀ ਪਾਠ ਅਨੁਸਾਰ ਪ੍ਰਸ਼ਾਸਨਿਕ ਦਫ਼ਤਰਾਂ ਵਿਚ ਹੁੰਦਾ ਸਾਰਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਜ਼ਰੂਰੀ ਹੈ।

ਸੰਵਿਧਾਨ ਤੋਂ ਲੈ ਕੇ ਹਰ ਤਰ੍ਹਾਂ ਦਾ ਕੇਂਦਰੀ ਕਾਨੂੰਨ ਰਾਜ ਸਰਕਾਰਾਂ ਨੂੰ ਅਦਾਲਤੀ ਕੰਮਕਾਜ, ਖ਼ਾਸਕਰ ਜ਼ਿਲ੍ਹਾ ਪੱਧਰੀ ਅਦਾਲਤਾਂ ਤੱਕ ਦਾ, ਆਪਣੀ ਰਾਜ ਭਾਸ਼ਾ ਵਿਚ ਕਰਨ ਦੀ ਵਿਵਸਥਾ ਕਰਨ ਦਾ ਅਧਿਕਾਰ ਦਿੰਦਾ ਹੈ। ਆਪਣੇ ਇਸ ਅਧਿਕਾਰ ਦੀ ਵਰਤੋਂ ਕਰਕੇ ਪੰਜਾਬ ਸਰਕਾਰ ਨੇ ਸਾਲ 2008 ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕੀਤੀ ਅਤੇ ਪੰਜਾਬ ਵਿਚਲੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਦੇ ਕੰਮਕਾਜ ਦੀ ਭਾਸ਼ਾ ਪੰਜਾਬੀ ਕਰ ਦਿੱਤੀ, ਪਰ ਅਦਾਲਤਾਂ ਵਿਚ ਕੰਮਕਾਜ ਪੰਜਾਬੀ ਵਿਚ ਹੋਣਾ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਅਦਾਲਤੀ ਕੰਮਕਾਜ ਲਈ ਲੋੜੀਂਦੀ ਸਮੱਗਰੀ, ਖ਼ਾਸਕਰ ਕਾਨੂੰਨ, ਪੰਜਾਬੀ ਵਿਚ ਉਪਲੱਬਧ ਹੋਣ। ਇਸ ਕੰਮ ਲਈ ਪੰਜਾਬੀ ਯੂਨੀਵਸਿਟੀ ਤੇ ਭਾਸ਼ਾ ਵਿਭਾਗ ਬਖ਼ੂਬੀ ਰੋਲ ਨਿਭਾ ਸਕਦੇ ਸਨ। ਜਿਸ ਦੇ ਪੰਜਾਬੀ ਹਿਤੈਸੀ ਅਧਿਆਪਕਾ ਨੇ ਮੁਆਇਦਾ ਕਾਨੂੰਨ, ਪਰਿਵਾਰਕ ਕਾਨੂੰਨ ਤੇ ਭਾਰਤ ਦਾ ਸੰਵਿਧਾਨਕ ਕਾਨੂੰਨ ਨੂੰ ਪੰਜਾਬੀ ਵਿਚ ਲਿਖਿਆ। ਪਰ ਵਿੱਤੀ ਸੰਕਟ ਦੇ ਘੇਰੇ ਇਸਨੂੰ ਅੱਗੇ ਨਾ ਵਧਣ ਦਿੱਤਾ, ਸਗੋ ਦੁਨੀਆਂ ਦੀ ਦੂਜੀ ਭਾਸ਼ਾ ਆਧਾਰ ਯੂਨੀਵਰਸਿਟੀ ਨੂੰ ਅਣਗੌਲਿਆ ਕਰ ਭਾਸ਼ਾ ਤੇ ਸਿੱਖਿਆ ਦਾ ਨਿਰਾਦਰ ਕੀਤਾ। ਉਸੇ ਤਰ੍ਹਾਂ ਭਾਸ਼ਾ ਵਿਭਾਗ ਜੋ ਨਵੇਂ ਲੇਖਕਾਂ ਨੂੰ ਉਭਰਨ ਦੇ ਮੌਕੇ ਦੇਣ ਲਈ ਨਵੰਬਰ ਮਹੀਨੇ ਪੰਜਾਬੀ ਹਫਤਾ ਉਲੀਕਦਾ ਸੀ, ਸਿਆਸਤ ਦੀ ਭੇਂਟ ਚੜ੍ਹ ਗਿਆ। ਵੱਡੇ ਲੇਖਕਾ, ਗਾਇਕਾ ਤੇ ਜਨਤਕ ਸੰਘਰਸ਼ ਨੂੰ ਵੀ ਬੂਰ ਨਾ ਪਿਆ।

ਭਾਸ਼ਾ ਦਾ ਵਹਾਉ ਪੀੜ੍ਹੀ-ਦਰ-ਪੀੜ੍ਹੀ ਵਗਣਾ ਜ਼ਰੂਰੀ ਹੈ। ਪਰ ਸਾਡੀ ਮਾਨਸਿਕਤਾ ਉਪਰ ਕੌਮਾਂਤਰੀ ਪ੍ਰਭਾਵ ਦੀ ਜਕੜ ਵੀ ਵਾਧੂ ਭਾਰੀ ਹੈ। ਜਿਸ ਕਰਕੇ ਅਜੋਕੇ ਸਮੇਂ ਦੇ ਬੱਚੇ ਬੋਲੀ ਪ੍ਰਤੀ ਤੰਗ ਨਜ਼ਰੀਆ ਰੱਖਦੇ ਹਨ। ਉਸ ਨਾਲ ਉਨ੍ਹਾਂ ਦੀ ਮਾਨਸਿਕਤਾ ਤੇ ਸਮਾਜ ਤਾਣਾ-ਬਾਣਾ ਵੀ ਪ੍ਰਭਾਵਤ ਹੁੰਦਾ ਹੈ। ਮਾਪੇ ਭਵਿੱਖਮੁਖੀ ਸੋਚਦਿਆਂ ਅੰਗਰੇਜ਼ੀ ਨੂੰ ਪ੍ਰਮੁੱਖਤਾ ਦਿੰਦੇ ਹਨ, ਜਿਸਦਾ ਫਾਇਦਾ ਅੰਗਰੇਜ਼ੀ ਸਕੂਲਾਂ ਦੀਆਂ ਦੁਕਾਨਾਂ ਨੇ ਖੂਭ ਚੁੱਕਿਆ। ਮੇਰਾ ਦਾਗਿਸਤਾਨ ਵਿਚ ਲੇਖਕ ਰਸੂਲ ਹਮਜਾਤੋਜ ਨੇ ਦਰਸਾਇਆ ਕਿ ਜਿਸ ਦੇ ਅੰਦਰ ਮਾਂ ਬੋਲੀ ਲਈ ਪਿਆਰਾ ਨਹੀਂ, ਉਹ ਮਨੁੱਖ ਮਸਾਣ ਦੇ ਤੁਲ ਹੈ। ਬੱਚਿਆ ਨੂੰ ਮਨੋਵਿਗਿਆਨਕ ਤੌਰ 'ਤੇ ਭਾਸ਼ਾ ਨਾਲ ਜੋੜਨ ਹੀ ਸਥਾਈ ਹੱਲ ਹੈ। ਉਹ ਗੁਰੂਆਂ, ਪੀਰਾਂ ਦੇ ਉਪਦੇਸ਼, ਸਾਹਸੀ ਯੋਧਿਆਂ ਦੀਆ ਕਥਾਵਾਂ, ਸੱਭਿਆਚਾਰ, ਪੰਜਾਬੀਆਂ ਦੇ ਮਿਹਨਤੀ ਸੁਭਾਅ 'ਤੇ ਮਿਲ ਕੇ ਰਹਿਣ ਦਾ ਸੰਦੇਸ਼ ਜੀਵਨ ਲਈ ਪ੍ਰੇਨਾਦਾਇਕ ਹੋਵੇਗਾ। ਸਾਫ ਪਾਕ ਤੇ ਧਾਰਮਿਕ ਸੋਹ ਪ੍ਰਪਤ ਬੋਲੀ ਸਦਕਾ ਕਰਨਾਟਕਾ ਦਾ ਗੈਰ ਪੰਜਾਬੀ ਪ੍ਰੋ. ਪੰਡਿਤ ਰਾਉ ਧਰਨੇਵਰ ਨੇ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਨੂੰ ਕੰਨੜਾਂ ਵਿਚ ਅਨੁਵਾਦ ਕੀਤਾ। ਮੂਲ ਪੰਜਾਬੀ ਨਿਵਾਸੀਆਂ ਵਲੋਂ ਕੀਤੇ ਨਿਰਾਦਰ ਵਿਰੁੱਧ ਇਕੱਲੇ ਵੀ ਵਿਰੋਧ ਕਰਨੋਂ ਨਹੀਂ ਡਰਦੇ। ਉਂਝ ਜੇ ਰਾਸ਼ਟਰੀ ਪੱਧਰ 'ਤੇ ਨਜ਼ਰ ਮਾਰੀਏ, ਤਾਂ ਦੱਖਣੀ ਰਾਜ ਜਿਵੇਂ ਕੇਰਲਾ, ਤਾਮਿਲ ਤੇ ਕਰਨਾਟਕਾ ਵਰਗੇ ਵਿਧਾਨ ਸਭਾ ਵਿਚ ਪਾਸ ਕਰ ਪੰਜਵੀਂ ਤੱਕ ਮਾਤ ਭਾਸ਼ਾ ਨੂੰ ਜ਼ਰੂਰੀ ਐਲਾਨਿਆ ਹੈ। ਕੌਮਾਂਤਰੀ ਪੱਧਰ ਉਪਰ ਅੰਗਰੇਜ਼ੀ ਬੋਲਚਾਲ ਤੇ ਕੂਟਨੀਤਿਕ ਸਾਂਝ ਲਈ ਜ਼ਰੂਰੀ ਹੈ। ਪਰ ਅਜਿਹਾ ਵੀ ਨਹੀਂ ਕਿ ਇਸ ਤੋਂ ਬਿਨਾਂ ਭਵਿੱਖ ਸੁਨਹਿਰੀ ਨਹੀਂ ਹੁੰਦਾ। ਇਸ ਧਾਰਨਾ ਨੂੰ ਚੀਨ, ਜਾਪਾਨ ਤੇ ਫਰਾਂਸ ਵਰਗੇ ਦੇਸ਼ਾਂ ਨੇ ਚੰਗਾ ਝੰਜੋੜਿਆ ਹੈ। ਭਾਸ਼ਾ ਕੋਈ ਮਾੜੀ ਨਹੀਂ ਪਰ ਚੰਗੀ ਤਰ੍ਹਾਂ ਸਿੱਖਣ ਲਈ ਮਾਤ ਭਾਸ਼ਾ ਦਾ ਗਿਆਨ ਹੋਣ ਅਤਿ ਜ਼ਰੂਰੀ ਹੈ। ਅਮਰੀਕਾ ਦੇ ਭਾਸ਼ਾ ਵਿਗਿਆਨੀ ਸੇਲੇਸਤੇ ਰੋਜਬੈਰੀ, ਮੈਕਬਿਨ ਤੇ ਐਲੀਜਾਂਡਰੇ ਬਰਾਈਸ ਦੀਆ ਖੋਜਾਂ ਨਾਲ ਤੱਥ ਉਜਾਗਰ ਹੋਏ ਕਿ ਅਮਰੀਕਾ ਵਿਚ 2030 ਤੱਕ 40 ਫੀਸਦੀ ਬੱਚੇ ਅੰਗਰੇਜ਼ੀ ਸਿੱਖਣਗੇ। ਹੁਣ ਵੀ 70 ਫੀਸਦੀ ਬੱਚਿਆਂ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ, ਬਲਕਿ ਸਪੈਨਿਸ਼, ਫਰੈਂਚ, ਜਰਮਨ, ਪੰਜਾਬੀ, ਹਿੰਦੀ ਆਦਿ ਹੈ। ਆਪ ਸਰਕਾਰ ਵੱਲੋਂ ਵੀ ਪੰਜਾਬੀ ਵਿਚ ਬੋਰਡ ਲਿਖਣ ਵਾਲੇ ਐਲਾਨ ਪ੍ਰਭਾਵਸ਼ਾਲੀ ਨਹੀਂ ਰਿਹਾ, ਅੱਜ ਵੀ ਪੰਜਾਬ ਵਿਚ ਜ਼ਿਆਦਾਤਰ ਦੁਕਾਨਾਂ ਦੇ ਬੋਰਡ ਅੰਗਰੇਜ਼ੀ ਭਾਸ਼ਾ ਵਿਚ ਹੀ ਲਿਖੇ ਹਨ। ਸਤਨਾਮ ਸਿੰਘ ਸੰਧੂ ਮੈਂਬਰ ਰਾਜ ਸਭਾ ਵੱਲੋਂ ਉਠਾਇਆ ਗਿਆ। ਮਾਤ ਭਾਸ਼ਾ ਦਾ ਮੁੱਦਾ ਕਾਬਿਲੇ-ਤਾਰੀਫ ਹੈ, ਜੋ ਕੌਮਾਂਤਰੀ ਭਾਸ਼ਾਵਾਂ ਦੇ ਨਾਲੋਂ-ਨਾਲ ਮਾਤ ਭਾਸ਼ਾ ਦੀ ਅਹਿਮੀਅਤ ਨੂੰ ਵੀ ਬਾਖ਼ੂਬੀ ਦਰਸਾਉਂਦਾ ਹੈ।

ਅੰਤਰਰਾਸ਼ਟਰੀ ਪੱਧਰ ਉਪਰ ਅਫਰੀਕਾ, ਆਸਟ੍ਰੇਲੀਆ, ਅਮਰੀਕਾ ਤੇ ਏਸ਼ੀਆ ਦੇਸ਼ਾਂ ਵਿਚ ਬਹੁਤ ਭਾਸ਼ਾਵਾਂ ਖਤਮ ਹੋ ਗਈਆਂ ਹਨ। ਕਰੌਸ ਦੇ ਇਕ ਸਰਵੇ ਮੁਤਾਬਕ ਦੁਨੀਆਂ ਵਿਚ 6800 ਭਾਸ਼ਾਵਾਂ ਬੋਲੀਆਂ ਜਾ ਰਹੀਆਂ ਹਨ। ਜਿਨ੍ਹਾਂ ਵਿਚ 50 ਫੀਸਦੀ ਅਜਿਹੀਆਂ ਹਨ, ਜੋ ਖਤਮ ਹੋਣ ਦੇ ਕਿਨਾਰੇ ਅਫਸੋਸ ਪੰਜਾਬੀ ਵੀ ਉਨ੍ਹਾਂ ਵਿਚ ਸ਼ੁਮਾਰ ਹੈ ਅਤੇ ਅਗਲੇ 50 ਸਾਲਾਂ ਵਿਚ 40 ਫੀਸਦੀ ਹੋਰ ਖਤਮ ਹੋ ਜਾਵਣਗੀਆਂ। ਅਸੀਂ 600 ਬੋਲੀਆਂ (10 ਫੀਸਦੀ) ਦੇ ਸਹਾਰੇ ਅਸੀਂ ਰਾਬਤਾ ਰੱਖ ਸਕਾਂਗੇ। ਮਾਂ ਬੋਲੀ ਸਾਡਾ ਵਜੂਦ ਹੈ, ਜੋ ਸਾਨੂੰ ਦੁਨੀਆਂ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰੂਸੀ ਨਾਵਲ ਮੇਰਾ ਦਾਗਿਸਤਾਨ ਵਿਚ ਲੇਖਕ ਰਸੂਲ ਹਮਜਾਤੋਜ ਲਿਖਦਾ ਹੈ ਕਿ ਸਾਡੇ ਦੇਸ਼ ਵਿਚ ਸਭ ਤੋਂ ਵੱਡੀ ਬਦ-ਅਸੀਸ ਦੇਣ ਸਮੇਂ ਲੋਕੀ ਆਖਦੇ ਹਨ ਕਿ ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ, ਕਿਉਂਕਿ ਜੋ ਕੌਮਾਂ ਆਪਣੀ ਬੋਲੀ ਭੁੱਲ ਜਾਂਦੀਆਂ ਹਨ, ਉਨ੍ਹਾਂ ਦੀ ਉਮਰ ਲੰਮੀ ਨਹੀਂ ਹੁੰਦੀ।

ਪੰਜਾਬੀ ਦੇ ਬਚਾਉ ਲਈ ਕਈ ਵਾਰ ਰੋਹ ਉਭਰੇ ਪਰ ਸਰਕਾਰਾਂ ਖਾਨਾਪੂਰਤੀ ਤੋਂ ਅੱਗੇ ਨਾ ਵਧੀਆ। ਕਿਉਂਕਿ ਜ਼ਿਆਦਾਤਰ ਅਦਾਰੇ ਸਰਕਾਰੇ-ਦਰਬਾਰੇ ਪਹੁੰਚ ਵਾਲਿਆਂ ਦੇ ਹੀ ਹਨ। ਦੂਜੇ ਬੰਨ੍ਹੇ ਜਾਂਚ ਕਮੇਟੀਆਂ ਦੇ ਉੱਚ ਅਫਸ਼ਰ ਦੂਜੇ ਰਾਜਾਂ ਵਿਚੋਂ ਹਨ, ਦਫਤਰੀ ਕੰਮ ਅੰਗਰੇਜ਼ੀ ਵਿਚ ਚੱਲ ਰਿਹਾ ਹੈ। ਉਨ੍ਹਾਂ ਵਲੋਂ ਭਾਸ਼ਾ ਸਬੰਧਤ ਕੰਮਾਂ ਨੂੰ ਅਣਗੌਲਿਆ ਕਰਨਾ ਅਣਉਚਿਤ ਨਹੀਂ ਲੱਗਦਾ। ਭਾਸ਼ਾ ਐਕਟ 2008 ਵਿਚ ਸੋਧਾਂ ਵਾਸਤੇ ਕੀਤੇ ਉਪਰਾਲੇ ਕਾਬਲੇ-ਏ-ਤਰੀਫ ਹਨ। ਸਕੂਲਾਂ ਵਿਚੋਂ 9ਵੀਂ ਤੇ 10ਵੀਂ ਨੂੰ ਪੰਜਾਬੀ ਤੋਂ ਵਿਰਵੇ ਕਰਨ ਦਾ ਪਹਿਲਾ ਵਿਰੋਧ ਨਵੰਬਰ 2007 ਬੇਰੁਜ਼ਗਾਰ ਅਧਿਆਪਕ ਯੂਨੀਅਨ ਹੁਸ਼ਿਆਰਪੁਰ ਨੇ ਦਰਜ ਕਰਵਾਇਆ। ਉਸ ਲੜੀ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ 1 ਦਸੰਬਰ 2007 ਦੇ ਅਜੀਤ ਅਖਬਾਰ ਨੇ ਪੰਜਾਬੀ ਬੋਲਣੀ ਤੇ ਪੜ੍ਹਨੀ ਦੀ ਸੰਪਾਦਕੀ ਨਾਲ ਪੰਜਾਬੀ ਬੋਲਣ ਕਾਰਨ ਸਕੂਲਾਂ ਵਿਚ ਬੱਚਿਆਂ ਨੂੰ ਲੱਗ ਰਹੇ ਜੁਰਮਾਨਿਆਂ ਨੂੰ ਜੱਗ ਜ਼ਾਹਿਰ ਕੀਤਾ। ਮਾਂ ਬੋਲੀ ਦਾ ਪਿਆਰ ਸਥਾਨ ਨਾਲ ਹੀ ਨਹੀਂ, ਜੇ ਦਿਲੋਂ ਤਾਂ ਸੱਤ ਸਮੁੰਦਰੋ ਦੂਰ ਵੀ ਚੀਸ ਉਠਦੀ ਹੈ। ਇਸੇ ਲਈ ਕੈਨੇਡਾ ਦੇ ਐੱਮ.ਪੀ. ਗੁਰਬਖਸ਼ ਸਿੰਘ ਮੱਲੀ ਨੇ ਦਸੰਬਰ 2007 ਵਿਚ ਪੰਜਾਬੀ ਬੋਲੀ ਨਾਲ ਹੁੰਦੇ ਵਿਤਕਰੇ ਰੋਕਣ ਦੀ ਅਪੀਲ ਕੀਤੀ। ਜਦੋਂਕਿ ਪੰਜਾਬੀਆਂ ਨੇ ਕੈਨੇਡਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਸਰਕਾਰੀ ਮਾਨਤਾ ਹਾਸਲ ਕਰਕੇ ਭਾਸ਼ਾਈ ਝੰਡਾ ਬੁਲੰਦ ਕੀਤਾ। ਪਰ ਮੂਲ ਰਾਜ ਪੰਜਾਬ ਵਿਚੋਂ ਦਰਕਿਨਾਰ ਕਰਨਾ ਸਰਕਾਰ ਨੂੰ ਕਿਸੇ ਲਾਹਨਤ ਤੋਂ ਘੱਟ ਨਹੀਂ। ਅੰਤ ਸਿੱਖਿਆ ਮੰਤਰੀ ਉਪਿੰਦਜੀਤ ਕੌਰ ਨੇ ਰਾਜ ਭਾਸ਼ਾ ਐਕਟ (ਸੋਧ) 2008 ਦਸੰਬਰ ਮਹੀਨੇ ਪਾਸ ਕਰਵਾ ਲਿਆ, ਜਿਸ ਜੋਸ਼ ਨਾਲ ਨਵੇਂ ਕਾਨੂੰਨ ਘੜੇ, ਉਸੇ ਤਰ੍ਹਾਂ ਲਾਗੂ ਨਾ ਹੋਣ ਦਾ ਝੋਰਾ ਅੱਜ ਵੀ ਹੈ।

ਜਿਥੇ ਅਫਸਰਸ਼ਾਹੀ ਖੜੋਤ ਦਾ ਕਾਰਨ ਹੈ, ਪੰਜਾਬ ਦੇ ਸਿਆਸੀ ਨੇਤਾ ਵੀ ਘੱਟ ਨਹੀਂ। 2017 ਨੂੰ ਅਮਰਿੰਦਰ ਸਿੰਘ ਮੁੱਖ ਮੰਤਰੀ ਹਲਫ ਅੰਗਰੇਜ਼ੀ ਵਿਚ ਲੈ ਕੇ ਤੇ ਘੱਗਰ ਤੱਕ ਬੋਲੀ ਜਾਣ ਵਾਲੀ ਭਾਸ਼ਾ ਆਖ ਪੰਜਾਬੀ ਦਾ ਅਪਮਾਨ ਕੀਤਾ। ਜੋ ਦੇਸ਼ ਦੀਆਂ 22 ਸੰਵਿਧਾਨਕ ਭਾਸ਼ਾਵਾਂ ਵਿਚ ਸ਼ਾਮਲ ਹੋਣ ਦਾ ਮਾਣ ਰੱਖਦੀ ਹੈ। ਇਹ ਵੀ ਭੁੱਲ ਗਏ ਕਿ ਸੰਸਾਰ ਵਿਚ 122 ਮਿਲੀਅਨ ਨਾਲ ਪੰਜਾਬੀ 9ਵੀਂ ਸਭ ਤੋ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਜਦੋਂ ਤੱਕ ਸਰਕਾਰ ਦੀ ਇਮਾਨਦਾਰੀ ਨਾਲ ਇੱਛਾ ਸ਼ਕਤੀ ਨਹੀਂ ਜਾਗਦੀ, ਮਾਂ ਬੋਲੀ ਦੀ ਪ੍ਰਫੁੱਲਤਾ ਅੰਗੂਰ ਖੱਟੇ ਹੋਣ ਦੇ ਸਮਾਨ ਹੀ ਹੈ। ਹਰ ਹਕੂਮਤ ਵਾਂਗ ਨਵੇਂ ਮੁੱਖ ਮੰਤਰੀ ਨੇ ਵੀ ਪੰਜਾਬੀ ਬਚਾਉ ਲਈ ਚੰਗੇ ਬਿਆਨ ਦਾਗੇ, ਨਾ ਲਾਗੂ ਹੋਣ 'ਤੇ 50 ਹਜ਼ਾਰ ਦੇ ਜੁਰਮਾਨੇ ਦੇ ਡਰਾਵੇ ਵੀ ਹਨ। ਸਮੁੱਚੇ ਪੰਜਾਬੀ ਇਹੀ ਕਾਮਨਾ ਕਰਦੇ ਹਨ ਕਿ ਸਰਕਾਰ ਆਪਣੇ ਬਿਆਨਾਂ ਉਪਰ ਪਹਿਰਾ ਦੇਵੇ। ਨਾਲੋਂ-ਨਾਲ ਨਵੇਂ ਐਕਟ ਦੁਆਰਾ ਗਠਿਤ ਜ਼ਿਲ੍ਹਾ ਤੇ ਰਾਜ ਪੱਧਰੀ ਭਾਸ਼ਾ ਕਮੇਟੀਆਂ ਸਰਗਰਮ ਭੂਮਿਕਾ ਨਿਵਾਉਣ, ਤਾਂ ਜਿਸ ਦੇ ਕਰਤਾ-ਧਰਤਾ ਮੁੱਖ ਮੰਤਰੀ ਸਮੇਤ ਡੀ.ਸੀਜ਼, ਡੀ.ਓ. ਤੇ ਹੋਰ ਜ਼ਿਲ੍ਹਾ ਪੱਧਰ ਦੇ ਉੱਚ ਅਧਿਕਾਰੀ ਹਨ।

ਭਾਸ਼ਾ ਨੂੰ ਰੋਜ਼ਗਾਰ ਦੇ ਮਾਧਿਅਮ ਨਾਲ ਜੋੜ ਕੇ ਰੱਖਣਾ ਜ਼ਰੂਰੀ ਹੈ, ਜਿਸ ਨਾਲ ਭਾਸ਼ਾ ਦਾ ਘੇਰਾ ਵਧਦਾ ਤੇ ਲੋਕਾਂ ਦਾ ਜੁੜਨਾ ਨਿਰਵਿਘਨ ਚੱਲਦਾ ਹੈ। ਆਮ ਲੋਕਾਈ ਆਪਣੇ ਬੱਚਿਆਂ ਨੂੰ ਜੀਵਨ ਦੀ ਸਫਲਤਾ ਭਾਸ਼ਾ ਦੇ ਗਿਆਨ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਕਿਸੇ ਵੀ ਧਰਮ ਦੇ ਜੀਵਨ ਫਲਸਫਾ ਦੀ ਅਸਲ ਸਮਝ ਮਾਂ ਬੋਲੀ ਬਿਨਾਂ ਸੰਭਵ ਨਹੀਂ। ਸੋ ਸਰਕਾਰੇ ਦੇ ਨਾਲੋਂ-ਨਾਲ ਸਾਡੀ ਆਪਣੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬੀ ਦੀ ਬਿਹਤਰੀ ਲਈ ਆਲੇ-ਦੁਆਲੇ ਦੀ ਜਨਤਾ ਨੂੰ ਹਲੂਣਾ ਦਿੰਦੇ ਰਹੀਏ। ਆਧੁਨਿਕ ਪੀੜ੍ਹੀ ਨੂੰ ਪੰਜਾਬੀ ਪੜ੍ਹਨ, ਲਿਖਣ ਤੇ ਬੋਲਣ ਦੀ ਰੁਚੀ ਤਰਕ ਤੇ ਅਮੀਰ ਵਿਰਸੇ ਦੇ ਗਿਆਨ ਨਾਲ ਪੈਦਾ ਕਰੀਏ, ਤਾਂ ਜੋ ਮਾਂ ਬੋਲੀ ਦਾ ਘਣਛਾਂਵਾਂ ਬੂਟਾ ਹੋਰ ਘਣਛਾਂਵਾਂ ਹੋ ਜਾਵੇ।

## ਇਹ ਕੀ ਹੈ?

ਪਿਆਰ ਮੁਹੱਬਤਾਂ ਦੇ ਕੀ-ਕੀ ਹੈ ਪੱਲੇ,
ਝੋਲੀ ਭਰੀ, ਕਿਧਰੇ ਗ਼ਮਖ਼ਾਰ ਨੇ ਹੰਝੂ।

ਇਸ਼ਕ ਮੁਸ਼ਕ ਜੱਗੋਂ ਕਿਉਂ ਨ੍ਹੀਂ ਛੁਪਦੇ,
ਸੁੰਘੇ ਗੰਧ, ਵਗਦੇ ਨੈਣੋਂ ਫ਼ੁਹਾਰ ਨੇ ਹੰਝੂ।

ਨਫ਼ਰਤ ਬੀਜੀ ਤੇ ਕੀ ਨੇਕੀ ਹੈ ਖੱਟੀ,
ਉੱਜੜੇ ਬਾਗ ਰੋਂਦੇ, ਜ਼ਾਰੋ ਜ਼ਾਰ ਨੇ ਹੰਝੂ।

ਧਰਤ ਸੰਤੁਲਨ ਵਿਗਾੜ, ਤੂੰ ਕੀ ਭਾਲੇਂ,
ਤੱਕ ਆਫ਼ਤਾਂ, ਡੁੱਲ੍ਹੇ ਵਾਰੋ-ਵਾਰ ਨੇ ਹੰਝੂ।

ਸੰਨ ਸੰਤਾਲੀ ਤੇ ਚੌਰਾਸੀ ਲੰਘੇ ਕਿੱਦਾਂ ,
ਪੀ ਘੁੱਟ ਲਹੂ ਦੇ, ਲਏ ਸਹਾਰ ਨੇ ਹੰਝੂ।

ਮੁਗਲ ਪਰਾਏ ਸਨ ਕੀ ਰੋਸਾ ਕਰਨਾ,
ਆਪਣਿਆਂ ਹੱਥੋਂ, ਮੁਕਾਏ ਮਾਰ ਨੇ ਹੰਝੂ।

ਘਰ ਢਾਹਕੇ ਜਿਹਦੇ ਮਨਾਉਂਦੇ ਖੁਸ਼ੀ,
ਸੀਨੇ ਪਵੇ ਛੇਕ, ਡਿੱਗੇ ਬੇਜ਼ਾਰ ਨੇ ਹੰਝੂ।

ਕਦੋਂ ਕਿਹਾ ਕਿ ਖੁਸ਼ੀ ਵਸੇ ਨ ਮਹਿਲੀਂ,
ਰਹੀਏ ਖ਼ੁਸ਼ ਸਾਰੇ, ਨ੍ਹੀਂ ਬੇਕਾਰ ਨੇ ਹੰਝੂ।

ਦੁਨੀਆਂ ਤੋਂ ਤੁਰ ਜਾਣਾ ਅਧਵਾਟੇ ਹੀ,
ਰੂਹ 'ਚੋਂ ਫੁੱਟੇ, ਵਾਂਗ ਆਬਸ਼ਾਰ ਨੇ ਹੰਝੂ।

-ਸੇਵਾ ਸਿੰਘ "ਨੂਰਪੁਰੀ"

(Punjab Mail USA)



## ਜੱਗ ਵਿਚ ਮਹਿਮਾਂ ਹੋਵੇ ਬਾਬੇ ਰਵਿਦਾਸ ਦੀ

ਰੱਬੀ ਨੂਰ ਧਰਤੀ 'ਤੇ ਆਪ ਚੱਲ ਆਇਆ ਏ
ਦੁਨੀਆਂ 'ਚ ਆਕੇ ਸਾਰਾ ਜੱਗ ਰੁਸ਼ਨਾਇਆ ਏ
ਮਾਤਾ ਦੇਵੀ ਕਲਸਾਂ ਪਿਤਾ ਸੰਤੋਖ ਦਾਸ ਜੀ
ਜੱਗ ਵਿਚ ਮਹਿਮਾਂ ਹੋਵੇ ਬਾਬੇ ਰਵਿਦਾਸ ਦੀ।

ਲੋਕਾਂ ਦੀ ਨਜ਼ਰ ਵਿਚ ਜੁੱਤੀਆਂ ਹੈ ਗੰਢ ਦਾ
ਸੰਸਾਰ ਤਾਈਂ ਨਾਮ ਦੀਆਂ ਦਾਤਾਂ ਸਦਾ ਵੰਡਦਾ
ਹਿਰਦੇ 'ਚ ਉਹਦੇ ਭਗਵਾਨ ਦਾ ਹੈ ਵਾਸ ਜੀ।
ਜੱਗ ਵਿਚ ਮਹਿਮਾਂ ਹੋਵੇ.... .... ....।

ਪੰਡਤਾਂ ਨੂੰ ਦਮੜੀ ਦੀ ਭੇਟਾ ਜੋ ਫੜਾਈ ਸੀ
ਗੰਗਾ ਮਾਤਾ ਹੱਥ ਬਾਹਰ ਕੱਢ ਲੈਣ ਆਈ ਸੀ
ਚੂੜਾ ਬਾਂਹ 'ਚੋਂ ਲਾਹਕੇ ਭੇਜੀ ਗੰਗਾ ਨੇ ਸੌਗਾਤ ਸੀ।
ਜੱਗ ਵਿਚ ਮਹਿਮਾਂ ਹੋਵੇ.... .... ....।

ਮੀਰਾਂ ਬਾਈ, ਝਾਲਾਂ ਰਾਣੀ, ਪੀਪਾ ਰਾਜਾ ਤਾਰਿਆ
ਲੱਖਾਂ ਦੁਖੀ ਲੋਕਾਂ ਦੇ ਸੀ ਦੁਖਾਂ ਨੂੰ ਨਿਵਾਰਿਆ
ਭਗਤਾਂ ਦੀ ਕਰੀ ਪੂਰੀ ਹੋਵੇ ਅਰਦਾਸ ਜੀ।
ਜੱਗ ਵਿਚ ਮਹਿਮਾਂ ਹੋਵੇ.... .... ....।

ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰਬਾਣੀ ਹੈ
ਚਿੱਤ ਲਾਕੇ ਪੜ੍ਹੇ ਸੁਣੇ ਤਰ ਜਾਂਦਾ ਪ੍ਰਾਣੀ ਹੈ
ਜਨਮ ਤੁਮਾਰੇ ਲੇਖੇ ਮਾਧੋ ਬਾਣੀ ਆਖਦੀ।
ਜੱਗ ਵਿਚ ਮਹਿਮਾਂ ਹੋਵੇ.... .... ....।

ਸ਼ਰਧਾ ਦੇ ਨਾਲ ਸਾਰੇ ਸੀਸ ਪਏ ਝੁਕਾਉਂਦੇ ਨੇ
ਗਿੱਲ ਮਲਕੀਤ ਜਿਹੇ ਸੋਭਾ ਅੱਜ ਗਾਉਂਦੇ ਨੇ
ਕਾਰਜ ਹਮੇਸ਼ਾ ਹੁੰਦੇ ਸੰਗਤਾਂ ਦੇ ਰਾਸ ਜੀ।
ਜੱਗ ਵਿਚ ਮਹਿਮਾਂ ਹੋਵੇ.... .... ....।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ:-9417490943

ਪੰਜਾਬ ਮੇਲ USA



## ਪੰਜਾਬ ਦੇ ਦੋਖੀਆਂ ਦਾ ਅੰਤ

ਖੁਦ ਹੋ ਗਿਆ ਸਵਾਹ
ਜਿਹਨੇ ਜੜੀਂ ਤੇਲ ਚੋਇਆ
ਜੋ ਪੰਜਾਬ ਦਾ ਨਾ ਹੋਇਆ
ਓਹੋ ਆਖਰਾਂ ਨੂੰ ਰੋਇਆ

ਲਾਲਾ ਅੱਖਾਂ ਸੀ ਦਿਖਾਉਂਦਾ, ਓਹਦੀ ਲਾ ਲਾ ਹੋਗੀ
ਚੱਕ ਦਿੱਤੀ ਓਹਦੀ ਅੱਜ, ਤੇਲ ਵਿੱਚੋਂ ਕੌਡੀ
ਜਿਹੜਾ ਸਾਨੂੰ ਸਿਗਾ ਢਾਉਂਦਾ, ਓਹਦੀ ਲਾ ਦਿੱਤੀ ਗੌਡੀ
ਸੜ ਗਿਆ ਓਹੀ ਜਿਹਨੇ ਕੋਲਿਆਂ ਨੂੰ ਛੋਹਿਆ
ਜੋ ਪੰਜਾਬ ਦਾ ਨਾ ਹੋਇਆ
ਓਹੋ ਆਖਰਾਂ ਨੂੰ ਰੋਇਆ

ਦੁੱਧ ਪੀ ਜਾਵੇ ਬਿੱਲੀ, ਗੁੱਸਾ ਕਰੇ ਨਾ ਪੰਜਾਬੀ
ਜੇ ਮੁੱਛਾਂ ਨੂੰ ਚੜਾਵੇ, ਫੇਰ ਜਰੇ ਨਾ ਪੰਜਾਬੀ
ਜਿਹਨਾਂ ਪੈਰ ਸਾਡੇ ਵੱਢੇ, ਮੁੜ ਪੈਰੀ ਨਾ ਖਲੋਇਆ
ਜੋ ਪੰਜਾਬ ਦਾ ਨਾ ਹੋਇਆ
ਓਹੋ ਆਖਰਾਂ ਨੂੰ ਰੋਇਆ

ਗੁੱਡੀ ਜਿਨ੍ਹਾਂ ਦੀ ਚੜਾਈ, ਓਹਨਾ ਕੱਟੀਆਂ ਨੇ ਡੋਰਾਂ
ਸੀਸ ਜਿਨ੍ਹਾਂ ਲਈ ਕਟਾਏ, ਉਨ੍ਹਾਂ ਸਾਨੂੰ ਲਾਈਆਂ ਖੋਰਾਂ
ਪਾਣੀ ਜਿਨ੍ਹਾਂ ਨੂੰ ਪਿਆਇਆ
ਓਹਨਾ ਪਾਣੀ ਸਾਡਾ ਖੋਹਿਆ
ਸਾਹੋਤੇਆ ਉਹ ਅੱਜ ਵਾਂਗ ਕੱਪੜੇ ਦੇ ਧੋਇਆ
ਜੋ ਪੰਜਾਬ ਦਾ ਨਾ ਹੋਇਆ ਓਹੀ ਆਖਰਾਂ ਨੂੰ ਰੋਇਆ

-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ

ਪੰਜਾਬ ਮੇਲ USA



## ਸਿੱਖੀ

ਸਿੱਖੀ 'ਕੱਲਾ ਧਰਮ ਨਹੀਂ ਹੈ, ਸਿੱਖੀ ਇੱਕ ਜਜ਼ਬਾਤ ਹੁੰਦੀ ਹੈ,
ਸੀਸ ਤਲ਼ੀ 'ਤੇ ਧਰਕੇ ਨੱਚਦੈ, ਹੱਥ ਖੰਡੇ ਦੀ ਸੌਗਾਤ ਹੁੰਦੀ ਹੈ।
ਦੀਨ ਦੁਖੀ ਦੇ ਹੱਕ 'ਚ ਖੜ੍ਹਦੈ, ਸੱਚ ਨਿਆਂ ਦੀ ਬਾਤ ਹੁੰਦੀ ਹੈ,
ਬੇਇਨਸਾਫ਼ੀ ਧੱਕਾ ਨਾ ਝੱਲਦੈ, ਯਕ-ਮਨੁੱਖ ਦੀ ਜਾਤ ਹੁੰਦੀ ਹੈ।

ਚੇਤਿਆਂ ਦੇ ਵਿਚ ਰੱਬ ਵਸਦੈ, ਮਨ ਡਾਢੀ ਪਿਆਸ ਹੁੰਦੀ ਹੈ,
ਪਹਿਲੇ ਮਰਨ ਕਬੂਲ ਕਰਦੈ, ਜੀਣ ਦੀ ਫਿਰ ਆਸ ਹੁੰਦੀ ਹੈ।
ਕਰਕੇ ਕਿਰਤ ਵੰਡ ਕੇ ਛਕਦੈ, ਸ਼ੁਕਰ ਦੀ ਅਰਦਾਸ ਹੁੰਦੀ ਹੈ,
ਨਾ ਕੋ ਬੈਰੀ ਨਾਂਹੀ ਬਿਗਾਨਾ, ਬੇਨਤੀ ਰੱਬ ਦੇ ਪਾਸ ਹੁੰਦੀ ਹੈ।

ਸਿੱਧੇ ਸਾਦਾ ਰਹਿਣਾ ਸਹਿਣਾ, ਭਾਣੇ ਦੇ ਵਿਚ ਜਿੰਦ ਹੁੰਦੀ ਹੈ,
ਪੰਜ-ਬਾਣੀ ਦਾ ਪਾਠ ਜ਼ਰੂਰੀ, ਬਾਝੋਂ ਰੂਹ ਨਿਰਜਿੰਦ ਹੁੰਦੀ ਹੈ।
ਛੱਲ ਕਪਟ ਨਹੀਂ ਹੈ ਆਉਂਦਾ, ਨਿਰੰਕਾਰ ਦਾ ਬਿੰਦ ਹੁੰਦੀ ਹੈ,
ਚਾਹੇ ਸਰਬੱਤ ਦਾ ਭਲਾ ਸਦਾ, ਜਾਨ ਫਿਰ ਨਿਚਿੰਦ ਹੁੰਦੀ ਹੈ।

ਹਾਰ ਜਿੱਤ ਸੌਂਪ ਵਾਹਿਗੁਰੂ ਨੂੰ, ਮੁਕਤੀ ਜੀਵਨ ਵੱਲ ਹੁੰਦੀ ਹੈ,
ਹਉਮੈਂ, ਉਪਮਾ ਤੋਂ ਬੇਅਸਰ ਹੋ, ਤੋਰ ਮਸਤਾਨੀ ਚੱਲ ਹੁੰਦੀ ਹੈ।
ਮਾਣ-ਨਿਮਾਣਾ ਹੈ ਸੱਚਾ ਸੁੱਚਾ, ਸਿੱਖ ਦੀ ਬੇੜੀ ਠੱਲ੍ਹ ਹੁੰਦੀ ਹੈ,
ਜ਼ੁਲਮ ਦੀ ਜਦੋਂ ਅੱਤ ਹੋ ਜਾਵੇ, ਨਹੀਂ ਸਿੱਖੀ ਤੋਂ ਝੱਲ ਹੁੰਦੀ ਹੈ।

ਸੇਵਾ ਸਿੰਘ "ਨੂਰਪੁਰੀ"
ਯਕ - ਇੱਕ
ਬਿੰਦ - ਜੀਵਨ ਰਕਤ
ਨਿਚਿੰਦ - ਨਿਸਚਿੰਤ



ਪੰਜਾਬ ਮੇਲ USA

## ਚਿੱਟਾ

ਪੰਜਾਬ ਨੂੰ ਘੁਣ ਬਣ ਚੰਬੜਿਆ ਚਿੱਟਾ
ਇਸ ਚੰਦਰੀ ਲਾਗ ਦਾ ਮੌਤ ਹੀ ਸਿੱਟਾ।

ਨੌਜਵਾਨੀ ਨੂੰ ਕੁਰਾਹੇ ਪਾ ਹੱਸਦੇ ਵੈਰੀ
ਮੌਤ ਨਚਾਉਂਦੇ ਨਜ਼ਰ ਮਾਰ ਕਹਿਰੀ।

ਹੱਸਦੇ ਖੇਡਦੇ ਗੱਭਰੂ ਚਿੱਟੇ ਵਸ ਪੈ ਗਏ
ਖੇਡਦੇ ਸੀ ਕੌਡੀ ਕੈਸੇ ਚੰਦਰੇ ਝੱਸ ਪੈ ਗਏ।

ਪੰਜਾਬੀ ਮਾਰਦੇ ਸੀ ਦੰਡ ਜੁੱਸੇ ਰੱਖਦੇ ਚੰਡ
ਹੁਣ ਸ਼ਰੀਕਾਂ ਲਾ ਨਸ਼ਾ ਝਾਣ ਦਿੱਤੀ ਕੰਡ।

ਮੂੰਹ ਹਨੇਰੇ ਉੱਠ ਗੁਰੂ ਘਰਾਂ ਨੂੰ ਸੀ ਜਾਂਦੇ
ਜਿੱਦੋ ਜਿੱਦੀ ਅੰਨੇ ਜ਼ੋਰ ਖੇਤ ਸੀ ਵਾਹੁੰਦੇ।

ਹੁਣ ਨਸ਼ਿਆਂ ਦੀ ਤੋਟ ਨਾਲ ਢੱਠਦੇ ਸਰੀਰ
ਨਸ਼ਾ ਨਾ ਟੁੱਟਣ ਦਿੰਦੇ ਭਾਵੇ ਵਿੱਕੇ ਜ਼ਮੀਰ।

ਕੈਸੀ ਪੰਜਾਬ ਨੂੰ ਲੱਗੀ ਨਸ਼ਿਆਂ ਦੀ ਅੱਗ
ਇਸ ਨੂੰ ਬੁਝਾਉਣ ਲਈ ਕਦੋਂ ਨਿਤਰੂ ਜੱਗ

ਇਹ ਬਣ ਹਨੇਰੀ ਬੁਝਾਵੇ ਨੌਜਵਾਨੀ ਦੀਵੇ
ਕੌਣ ਇਸਦਾ ਜ਼ਹਿਰ ਆਪਣੇ ਅੰਦਰ ਪੀਵੇ

ਰੱਬਾ ਤੇਰੇ ਦਰ 'ਤੇ ਐੱਸ ਪੀ ਕਰੇ ਅਰਦਾਸ
ਚਿੱਟੇ ਦੈਂਤ ਦੇ ਮੁਕਣ ਦੀ ਲਾ ਬੈਠਾ ਆਸ॥

-ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।
surinderpalsingh8563@gmail.com



ਪੰਜਾਬ ਮੇਲ USA

## ਪਿਆਰੀ ਮਾਂ ਬੋਲੀ

ਧੁਰ ਦਰਗਾਹੋਂ ਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਮੱਥੇ ਤਿਲਕ ਲਗਾ ਵਿਦਵਾਨਾਂ ਨੇ।
ਬਾਈਬਲ, ਰਾਮਾਇਣ, ਗ੍ਰੰਥ, ਪੁਰਾਣਾਂ ਨੇ।
ਯੁੱਗੋ ਯੁਗ ਵਡਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਬੱਚੇ ਦੇ ਬੋਲਾਂ ਤੋਂ ਲੈ ਕੇ ਅਰਥੀ ਤੱਕ।
ਸਤਿਅਮ, ਸੁੰਦਰ, ਵਿਦਿਆ, ਭਗਤੀ, ਸ਼ਕਤੀ ਤੱਕ।
ਜੀਵਨ ਦੀ ਸ਼ਹਿਨਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਸੂਰਜ ਵਾਂਗੂ ਨੇਰ੍ਹੇ ਵਿਚ ਪ੍ਰਕਾਸ਼ ਕਰੇ।
ਜੰਮਦੇ ਬੱਚੇ ਦੇ ਬੋਲਾਂ ਵਿਚ ਆਸ ਧਰੇ।
ਕਰਦੀ ਪਰਉਪਕਾਰ ਵਿਚਾਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ
ਚੌਰਾਸੀ ਲੱਖ ਜੂਨ 'ਚ ਇਸ ਦਾ ਵਾਸਾ ਹੈ।
ਬੱਚੇ ਦੀ ਕਿਲਕਾਰੀ ਵਰਗਾ ਹਾਸਾ ਹੈ।
ਰੱਬ ਨੇ ਖੂਬ ਬਣਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਨਾਲ ਹੀ ਬੰਦੇ ਦੀ ਪਹਿਚਾਣ ਬਣੇ।
ਮਾਨ ਬਣੇ ਤੇ ਆਣ ਬਣੇ ਤੇ ਸ਼ਾਨ ਬਣੇ।

ਜਿਸ ਨੇ ਵੀ ਹੈ ਪਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਦੁੱਧ ਵਿਚ ਨੂਰ ਅਲੌਕਿਕ ਸ਼ਕਤੀ ਹੈ।
ਬੰਦੇ ਦੀ ਬੱਸ ਇਸੇ ਕਰਕੇ ਹਸਤੀ ਹੈ।
ਵਰ੍ਹਦੀ ਬੱਦਲੀ ਛਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
ਇਸ ਦੇ ਲੱਖਾਂ ਰਿਸ਼ਤੇ ਇੱਕ ਹੀ ਖ਼ੂਨ ਰਵੇ।
ਯੁੱਗ-ਯੁਗ ਜੀਵੇ ਸ਼ਾਲਾ ਜੱਗ ਤੇ ਖੂਬ ਪਲੇ।
ਮਾਮੀ, ਚਾਚੀ, ਤਾਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।
'ਬਾਲਮ' ਇਸ ਦੀ ਪੂਜਾ ਜਿਸ ਨੇ ਕੀਤੀ ਹੈ।
ਸੁੱਖਾਂ ਦੇ ਵਿਚ ਉਸ ਦੀ ਜ਼ਿੰਦਗੀ ਬੀਤੀ ਹੈ।
ਬਰਕਤ, ਮਿਹਰ ਲਿਆਈ ਪਿਆਰੀ ਮਾਂ ਬੋਲੀ।
ਮਾਂ ਦੀ ਮਮਤਾ ਜਾਈ ਪਿਆਰੀ ਮਾਂ ਬੋਲੀ।

ਬਲਵਿੰਦਰ 'ਬਾਲਮ' ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
98156-25409



ਪੰਜਾਬ ਮੇਲ USA

## ਐਵਾਨ-ਏ-ਗ਼ਜ਼ਲ

ਰਹਿੰਦਾ ਨਹੀਂ ਹੈ ਆਪਣਾ ਉਸ ਦਾ ਖਿਆਲ ਰਹਿੰਦਾ।
ਉਹ ਦੂਰ ਰਹਿ ਰਿਹਾ ਵੀ ਹਰ ਵਕਤ ਨਾਲ ਰਹਿੰਦਾ।

ਦੋ ਵਕਤ ਬੱਚਿਆਂ ਦਾ ਭਰਨਾ ਹੈ ਪੇਟ ਕੀਕਣ,
ਸਾਡੇ ਤਾਂ ਸਾਹਵੇਂ ਹਰ ਦਮ ਇੱਕੋ ਸਵਾਲ ਰਹਿੰਦਾ।

ਆਉਂਦੇ ਨੇ ਤੈਨੂੰ ਸੁਪਨੇ ਦੌਲਤ ਤੇ ਕੁਰਸੀਆਂ ਦੇ,
ਸਾਡੇ ਤਾਂ ਸੁਪਨੇ ਵਿਚ ਵੀ ਆਟਾ ਤੇ ਦਾਲ ਰਹਿੰਦਾ।

ਚੋਰਾਂ ਤੇ ਮੁਨਸਫਾਂ ਦਾ ਰਾਜ ਲੁਟੇਰਿਆਂ ਦਾ,
ਬਦਲੇ ਨਿਜ਼ਾਮ ਕਿੱਦਾਂ ਦਿਲ ਵਿਚ ਉਬਾਲ ਰਹਿੰਦਾ।

-ਸਤਨਾਮ ਸਿੰਘ ਦਰਦੀ, ਚਾਨੀਆਂ-ਜਲੰਧਰ
92569-73526
(Punjab Mail USA)



ਪੰਜਾਬ ਮੇਲ USA




RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444





Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com